6-FEB-PAGE-1.qxd 2/5/2025 10:29 PM Page 1

ਵੀਰਵਾਰ, 6 ਫਰਵਰੀ, 2025
24 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 247

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 6 FEBRUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਦਿੱਲੀ 'ਚ ਮਾਮਲਾ ਫਸ ਗਿਆ!

**ਨਵੀਂ ਦਿੱਲੀ** : ਦਿੱਲੀ ਅਸੈਂਬਲੀ ਚੋਣਾਂ ਲਈ ਜਾਰੀ ਐਗਜ਼ਿਟ ਪੋਲ ਦੇ ਨਤੀਜਿਆਂ ਵਿੱਚ ਕੌਮੀ ਰਾਜਧਾਨੀ 'ਚ ਭਾਜਪਾ ਦੀ ਸੱਤਾ 'ਚ ਵਾਪਸੀ ਦੀ ਪੇਸ਼ੀਨਗੋਈ ਕੀਤੀ ਗਈ ਹੈ। ਰਿਪਬਲਿਕ ਮੈਟਰਿਜ਼ ਪੋਲ ਵਿੱਚ ਭਾਜਪਾ ਨੂੰ 35 ਤੋਂ 40 ਸੀਟਾਂ ਤੇ 'ਆਪ' ਨੂੰ 32 ਤੋਂ 35 ਸੀਟਾਂ ਮਿਲਣ ਦੀ ਸੰਭਾਵਨਾ ਜਤਾਈ ਗਈ ਹੈ। ਪੀਪਲਜ਼ ਇਨਸਾਈਟ ਪੋਲ ਨੇ ਭਾਜਪਾ ਨੂੰ 40-44 ਸੀਟਾਂ ਤੇ 'ਆਪ' ਨੂੰ 25-29 ਸੀਟਾਂ ਮਿਲਣ ਦਾ ਦਾਅਵਾ ਕੀਤਾ ਹੈ। ਜੇ ਵੀ ਸੀ ਪੋਲ ਵਿੱਚ ਆਪ ਨੂੰ 22-31 ਸੀਟਾਂ, ਭਾਜਪਾ ਨੂੰ 39-35 ਸੀਟਾਂ ਤੇ ਕਾਂਗਰਸ ਨੂੰ 0-2 ਸੀਟਾਂ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਸ਼ਾਮ 5 ਵਜੇ ਤੱਕ 57.70 ਫੀਸਦੀ ਪੋਲਿੰਗ ਹੋਈ ਸੀ। ਉੱਤਰ-ਪੂਰਬੀ ਜ਼ਿਲ੍ਹੇ ਵਿੱਚ ਸਭ ਤੋਂ ਵੱਧ 63.83 ਫੀਸਦੀ, ਜਦੋਂ ਕਿ ਨਵੀਂ ਦਿੱਲੀ ਜ਼ਿਲ੍ਹੇ ਵਿੱਚ ਸਭ ਤੋਂ ਘੱਟ 54.37 ਫੀਸਦੀ ਵੋਟਾਂ ਪਈਆਂ ਸਨ। ਮੁੱਖ ਮੁਕਾਬਲਾ ਆਮ ਆਦਮੀ ਪਾਰਟੀ, ਭਾਜਪਾ ਤੇ ਕਾਂਗਰਸ ਦਰਮਿਆਨ ਸੀ। ਰਾਸ਼ਟਰਪਤੀ ਦਰੋਪਦੀ ਮੁਰਮੂ, ਕਾਂਗਰਸੀ ਆਗੂ ਰਾਹੁਲ ਗਾਂਧੀ ਤੇ ਸੰਦੀਪ ਦੀਕਸ਼ਿਤ ਅਤੇ ਅਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਸਮੇਤ ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਆਪ ਦੇ ਮਨੀਸ਼ ਸਿਸੋਦੀਆ, ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਸਵੇਰੇ ਹੀ ਚੋਣ ਬੂਥਾਂ 'ਤੇ ਜਾ ਕੇ ਵੋਟਾਂ ਪਾਈਆਂ। ਨਵੀਂ ਦਿੱਲੀ ਹਲਕੇ ਤੋਂ ਉਮੀਦਵਾਰ ਸੰਦੀਪ ਦੀਕਸ਼ਿਤ ਨੇ ਜੰਗਪੁਰਾ ਹਲਕੇ ਵਿੱਚ ਵੋਟ ਪਾਈ। ਰਾਸ਼ਟਰਪਤੀ ਮੁਰਮੂ ਨੇ ਰਾਸ਼ਟਰਪਤੀ ਐਸਟੇਟ 'ਚ 9 ਵਜੇ ਦੇ ਕਰੀਬ ਵੋਟ ਪਾਈ। ਦਿੱਲੀ ਭਾਜਪਾ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਪੜਪੜਗੰਜ ਵਿਧਾਨ ਸਭਾ ਹਲਕੇ ਦੇ ਅਧੀਨ ਆਉਂਦੇ ਮਯੂਰ ਵਿਹਾਰ ਫੇਜ਼ 1 ਪੋਲਿੰਗ ਸਟੇਸ਼ਨ 'ਤੇ ਵੋਟ ਪਾਈ। ਉਨ੍ਹਾ ਕਿਹਾ ਕਿ ਦਿੱਲੀ ਵਿੱਚ ਡਬਲ-ਇੰਜਣ ਵਾਲੀ ਸਰਕਾਰ ਬਣੇਗੀ। 'ਆਪ' ਨੇ ਦੋਸ਼ ਲਾਇਆ ਕਿ ਭਾਜਪਾ ਨੇ ਸ਼ਰੇਆਮ ਵੋਟਰਾਂ ਨੂੰ ਜੰਗਪੁਰਾ ਵਿੱਚ ਇੱਕ ਬੂਥ ਦੇ ਨਾਲ ਲੱਗਦੀ ਇਮਾਰਤ ਵਿੱਚ ਲਿਜਾ ਕੇ ਪੈਸੇ ਵੰਡੇ। ਪਾਰਟੀ ਨੇ ਦੋਸ਼ ਲਾਇਆ ਕਿ ਇਹ ਸਭ ਦਿੱਲੀ ਪੁਲਸ ਅਤੇ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕੀਤਾ ਗਿਆ। ਇਕ ਵੀਡੀਓ ਵਿਚ ਪਾਰਟੀ ਵਰਕਰਾਂ ਨੂੰ ਪ੍ਰਦਰਸ਼ਨ ਕਰਦੇ ਹੋਏ ਅਤੇ ਨਾਅਰੇਬਾਜ਼ੀ ਕਰਦੇ ਦੇਖਿਆ ਜਾ ਸਕਦਾ ਹੈ। ਜ਼ਿਲ੍ਹਾ ਚੋਣ ਅਧਿਕਾਰੀ (ਦੱਖਣੀ-ਪੂਰਬੀ) ਨੇ ਦਿੱਲੀ ਪੁਲਸ ਅਤੇ ਫਲਾਇੰਗ ਸਕੁਐਡ ਟੀਮਾਂ ਨੂੰ ਤੁਰੰਤ ਘਟਨਾ ਸਥਾਨ 'ਤੇ ਪਹੁੰਚਣ ਅਤੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਕੇ ਦਿੱਲੀ ਦੇ ਲੋਕਾਂ ਨੂੰ ਆਪਣੀ ਕੀਮਤੀ ਵੋਟ ਪਾਉਣ ਦੀ ਅਪੀਲ ਕੀਤੀ। ਚੋਣਾਂ ਦੇ ਅਮਲ ਨੂੰ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ ਲਈ ਪੁਲਸ ਦੇ 30,000 ਜਵਾਨ ਤੇ ਨੀਮ ਫੌਜੀ ਬਲਾਂ ਦੀਆਂ 220 ਕੰਪਨੀਆਂ ਕੌਮੀ ਰਾਜਧਾਨੀ ਵਿਚ ਤਾਇਨਾਤ ਕੀਤੀਆਂ ਗਈਆਂ। ਦਿੱਲੀ ਦੀ ਮੁੱਖ ਮੰਤਰੀ ਅਤੇ ਕਾਲਕਾਜੀ ਹਲਕੇ ਤੋਂ 'ਆਪ' ਉਮੀਦਵਾਰ ਆਤਿਸ਼ੀ ਨੇ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਇੱਕ ਪੋਸਟ ਵਿੱਚ ਜ਼ੋਰ ਦੇ ਕੇ ਕਿਹਾ—ਦਿੱਲੀ ਚੋਣ ਸਿਰਫ਼ ਇੱਕ ਚੋਣ ਨਹੀਂ, ਸਗੋਂ ਇੱਕ ਧਰਮ ਯੁੱਧ ਹੈ। ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਦਿੱਲੀ ਵਾਸੀਆਂ ਨੂੰ ਲੋਕਤੰਤਰ ਦੇ ਇਸ ਮਹਾਨ ਤਿਓਹਾਰ ਵਿਚ ਸ਼ਾਮਲ ਹੋ ਕੇ ਵੋਟ ਪਾਉਣ ਦੀ ਅਪੀਲ ਕੀਤੀ।

ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਾਨਤਉਲਾ ਖਾਨ ਵਿਰੁੱਧ ਐੱਫ ਆਈ ਆਰ ਦਰਜ ਕੀਤੇ ਜਾਣ ਤੋਂ ਬਾਅਦ ਦਿੱਲੀ ਪੁਲਸ ਨੇ ਬੁੱਧਵਾਰ ਕਿਹਾ ਕਿ ਉਹ ਚੋਣ ਜ਼ਾਬਤੇ ਦੀ ਉਲੰਘਣਾ ਕਰਕੇ ਪ੍ਰਚਾਰ ਕਰ ਰਹੇ ਸਨ। ਇੱਕ ਵੀਡੀਓ 'ਚ ਉਹ ਚੋਣ ਪ੍ਰਚਾਰ ਦੀ ਮਿਆਦ ਖਤਮ ਹੋਣ ਤੋਂ ਬਾਅਦ ਆਪਣੇ ਸਮਰਥਕਾਂ ਨਾਲ ਆਪਣੇ ਹਲਕੇ ਓਖਲਾ ਵਿੱਚ ਘੁੰਮਦੇ ਦਿਖਾਈ ਦਿੱਤੇ।

## ਐਗਜ਼ਿਟ ਪੋਲ

| ਏਜੰਸੀ | ਭਾਜਪਾ | ਆਪ | ਕਾਂਗਰਸ | ਹੋਰ |
|---|---|---|---|---|
| ਮੈਟ੍ਰਿਜ਼ | 35-40 | 32-37 | 0-1 | 0-0 |
| ਜੇ ਵੀ ਸੀ | 39-45 | 22-31 | 0-2 | 0-1 |
| ਚਾਣਕਿਆ ਸਟ੍ਰੈਟੇਜੀਜ਼ | 39-44 | 25-28 | 2-3 | 0-0 |
| ਪੀਪਲਜ਼ ਪਲਸ | 51-60 | 10-19 | 0-0 | 0-0 |
| ਪੀਪਲਜ਼ ਇਨਸਾਈਟ | 40-44 | 25-29 | 0-1 | 0-0 |
| ਪੋਲ ਡਾਇਰੀ | 42-50 | 18-25 | 0-2 | 0-0 |
| ਪੀ-ਮਾਰਕ | 39-49 | 21-31 | 0-1 | 0-0 |
| ਵੀ-ਪ੍ਰੀਸਾਈਡ | 18-23 | 46-52 | 0-1 | 0-0 |
| ਮਾਈਂਡ ਬਰਿੰਕ | 21-25 | 44-49 | 0-1 | 0-0 |
| ਡੀ ਵੀ ਰਿਸਰਚ | 36-44 | 26-34 | 0-0 | 0-0 |


ਬਟਲਾ ਹਾਊਸ ਦੇ ਪੋਲਿੰਗ ਸਟੇਸ਼ਨ 'ਤੇ ਜੁੜੇ ਵੋਟਰ।

# ਅਮਰੀਕੀ ਸੁਫ਼ਨੇ ਚਕਨਾਚੂਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**
ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਪੁੱਜਾ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਬੁੱਧਵਾਰ ਬਾਅਦ ਦੁਪਹਿਰ 1:55 ਵਜੇ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਉਤਰਿਆ। ਜਹਾਜ਼ ਵਿਚ ਕੁੱਲ 205 ਭਾਰਤੀ ਸਵਾਰ ਆਏ ਹਨ।

ਇਨ੍ਹਾਂ ਵਿੱਚੋਂ 104 ਜਣਿਆਂ ਨੂੰ ਅੰਮ੍ਰਿਤਸਰ ਉਤਾਰਿਆ ਗਿਆ। ਇਨ੍ਹਾਂ ਵਿੱਚ 30 ਪੰਜਾਬ, 33 ਹਰਿਆਣਾ, 33 ਗੁਜਰਾਤ, 2 ਯੂ ਪੀ, 3 ਮਹਾਰਾਸ਼ਟਰ ਤੇ 2 ਚੰਡੀਗੜ੍ਹ ਨਾਲ ਸੰਬੰਧਤ ਹਨ। ਇਨ੍ਹਾਂ ਸਾਰਿਆਂ ਨੂੰ ਮੰਗਲਵਾਰ ਟੈਕਸਾਸ ਦੇ ਸਾਨ ਐਨਟੋਨੀਓ ਤੋਂ ਸੀ-17 ਜਹਾਜ਼ ਰਾਹੀਂ ਭਾਰਤ ਡਿਪੋਰਟ ਕੀਤਾ ਗਿਆ ਸੀ।

ਅੰਮ੍ਰਿਤਸਰ ਵਿੱਚ ਉਤਾਰੇ ਗਏ 104 ਭਾਰਤੀਆਂ ਦੇ ਪਹਿਲਾਂ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ। ਪੰਜਾਬ ਨਾਲ ਸੰਬੰਧਤ ਪ੍ਰਵਾਸੀਆਂ ਨੂੰ ਉਨ੍ਹਾਂ ਦੀ ਮੰਜ਼ਲ ਤੱਕ ਭੇਜਣ ਲਈ ਸੰਬੰਧਤ ਜ਼ਿਲ੍ਹਿਆਂ ਤੋਂ ਵਾਹਨਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ।

ਡਿਪੋਰਟ ਕੀਤੇ 30 ਪੰਜਾਬੀਆਂ 'ਚ 5 ਅੰਮ੍ਰਿਤਸਰ, 6 ਕਪੂਰਥਲਾ, 4-4 ਜਲੰਧਰ ਤੇ ਪਟਿਆਲਾ, 2-2 ਹੁਸ਼ਿਆਰਪੁਰ, ਲੁਧਿਆਣਾ ਤੇ ਨਵਾਂਸ਼ਹਿਰ, ਇੱਕ-ਇੱਕ ਗੁਰਦਾਸਪੁਰ, ਤਰਨ ਤਾਰਨ, ਸੰਗਰੂਰ, ਮੁਹਾਲੀ ਤੇ ਫਤਿਹਗੜ੍ਹ ਸਾਹਿਬ ਦੇ ਹਨ।

ਕਪੂਰਥਲਾ ਦੇ ਵਿਕਰਮਜੀਤ, ਗੁਰਪ੍ਰੀਤ, ਅਮਨ, ਹਰਪ੍ਰੀਤ, ਪ੍ਰਭਜੋਤ ਤੇ ਲਵਪ੍ਰੀਤ, ਅੰਮ੍ਰਿਤਸਰ ਦੇ ਅਜੈਦੀਪ, ਦਲੇਰ, ਸੁਖਜੀਤ, ਅਰਸ਼ਦੀਪ ਤੇ ਅਕਾਸ਼ਦੀਪ, ਜਲੰਧਰ ਦੇ ਪਲਵੀਰ, ਸੁਖਦੀਪ, ਦਵਿੰਦਰਜੀਤ ਤੇ ਜਸਕਰਨ, ਪਟਿਆਲਾ ਦੇ ਰਮਨਦੀਪ, ਰਾਜ, ਅੰਮ੍ਰਿਤ ਤੇ ਨਵਜੋਤ, ਹੁਸ਼ਿਆਰਪੁਰ ਦੇ ਹਰਵਿੰਦਰ ਸਿੰਘ ਤੇ ਸੁਖਪਾਲ ਸਿੰਘ, ਲੁਧਿਆਣਾ ਦੇ ਰਕਿੰਦਰ ਅਤੇ ਮੁਸਕਾਨ, ਨਵਾਂਸ਼ਹਿਰ ਦੇ ਮਨਪ੍ਰੀਤ ਤੇ ਸਵੀਨ, ਤਰਨ ਤਾਰਨ ਦਾ ਮਨਦੀਪ, ਗੁਰਦਾਸਪੁਰ ਦਾ ਜਸਪਾਲ, ਸੰਗਰੂਰ ਦਾ ਇੰਦਰਜੀਤ, ਮੁਹਾਲੀ ਦਾ ਪਰਦੀਪ ਤੇ ਫਤਿਹਗੜ੍ਹ ਸਾਹਿਬ ਦਾ ਜਸਵਿੰਦਰ ਹਨ। ਪਰਤੇ ਲੋਕਾਂ ਵਿੱਚ 25 ਔਰਤਾਂ ਤੇ 12 ਨਾਬਾਲਗ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਛੋਟਾ ਯਾਤਰੀ ਸਿਰਫ਼ ਚਾਰ ਸਾਲ ਦਾ ਹੈ। 48 ਜਣੇ 25 ਸਾਲ ਤੋਂ ਘੱਟ ਉਮਰ ਦੇ ਹਨ। ਜਹਾਜ਼ ਵਿੱਚ 11 ਚਾਲਕ ਦਲ ਦੇ ਮੈਂਬਰ ਅਤੇ 45 ਅਮਰੀਕੀ ਅਧਿਕਾਰੀ ਵੀ ਸਵਾਰ ਸਨ।

ਅੰਮ੍ਰਿਤਸਰ ਵਿਚ ਜਹਾਜ਼ ਨੂੰ ਉਤਰਨ ਦੇ ਕਾਰਨ ਬਾਰੇ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਲੋਕ ਜ਼ਿਆਦਾ ਹਨ। ਇਸ ਤੋਂ ਇਲਾਵਾ ਦਿੱਲੀ ਵਿੱਚ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਜਹਾਜ਼ਾਂ ਦੀ ਟਰੈਫਿਕ ਬਹੁਤ ਜ਼ਿਆਦਾ ਹੈ। ਇਸੇ ਤਰ੍ਹਾਂ ਦਿੱਲੀ ਵਿੱਚ ਚੋਣ ਵੀ ਹੈ, ਜਿਸ ਕਰਕੇ ਅੰਮ੍ਰਿਤਸਰ ਦੇ ਹਵਾਈ ਅੱਡੇ ਦੀ ਚੋਣ ਕੀਤੀ ਗਈ।


ਭਾਰਤੀਆਂ ਨੂੰ ਲੈ ਕੇ ਸ੍ਰੀ ਗੁਰੂ ਰਾਮ ਦਾਸ ਜੀ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰਿਆ ਅਮਰੀਕੀ ਫੌਜੀ ਮਾਲਵਾਹਕ ਜਹਾਜ਼।

ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਮਰੀਕਾ ਵੱਲੋਂ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਫੈਸਲੇ 'ਤੇ ਨਿਰਾਸ਼ਾ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਉਨ੍ਹਾ ਅਮਰੀਕੀ ਅਰਥ ਵਿਵਸਥਾ ਵਿੱਚ ਯੋਗਦਾਨ ਪਾਇਆ ਹੈ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਦੀ ਬਜਾਏ ਸਥਾਈ ਨਿਵਾਸ ਦਿੱਤਾ ਜਾਣਾ ਚਾਹੀਦਾ ਸੀ।


ਨੌਜਵਾਨਾਂ ਨਾਲ ਗੱਲਬਾਤ ਕਰਦੇ ਐੱਨ ਆਰ ਆਈਜ਼ ਮੰਤਰੀ ਕੁਲਦੀਪ ਸਿੰਘ ਧਾਲੀਵਾਲ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਹਫ਼ਤੇ ਵਾਸ਼ਿੰਗਟਨ ਫੇਰੀ ਤੋਂ ਪਹਿਲਾਂ ਅਮਰੀਕਾ ਵੱਲੋਂ ਡਿਪੋਰਟ ਕੀਤਾ ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਦਾ ਇਹ ਪਹਿਲਾ ਬੈਚ ਹੈ। ਚੇਤੇ ਰਹੇ ਕਿ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਪਿਛਲੇ ਹਫਤੇ ਕਿਹਾ ਸੀ ਕਿ ਨਵੀਂ ਦਿੱਲੀ ਅਮਰੀਕਾ ਸਣੇ ਹੋਰਨਾਂ ਮੁਲਕਾਂ ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਣ ਦੇ ਵਿਚਾਰ ਦੀ ਵਕਾਲਤ ਕਰਦਾ ਹੈ। ਇਕ ਅੰਦਾਜ਼ੇ ਮੁਤਾਬਕ ਅਮਰੀਕਾ ਵਿੱਚ 7.25 ਲੱਖ ਗੈਰਕਾਨੂੰਨੀ ਭਾਰਤੀ ਪ੍ਰਵਾਸੀ ਰਹਿ ਰਹੇ ਹਨ। ਅਮਰੀਕਾ ਵਿੱਚ ਜਿਨ੍ਹਾਂ ਭਾਰਤੀਆਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ, ਉਨ੍ਹਾਂ ਵਿੱਚੋਂ ਬਹੁਤੇ 'ਡੰਕੀ ਰੂਟ' ਰਾਹੀਂ ਜਾਂ ਗੈਰਕਾਨੂੰਨੀ ਤਰੀਕੇ ਨਾਲ ਲੱਖਾਂ ਰੁਪਏ ਖਰਚ ਕੇ ਅਮਰੀਕਾ ਦਾਖ਼ਲ ਹੋਏ ਸਨ।

ਵਾਸ਼ਿੰਗਟਨ ਦੀ ਰਿਪੋਰਟ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਸ਼ੁਰੂਆਤੀ ਕਾਰਵਾਈਆਂ ਦਾ ਵਿਰੋਧ ਕਰਨ ਲਈ ਆਨਲਾਈਨ ਅੰਦੋਲਨ ਸ਼ੁਰੂ ਹੋ ਰਿਹਾ ਹੈ, ਜਿਸ ਤਹਿਤ ਬੁੱਧਵਾਰ ਪੂਰੇ ਅਮਰੀਕਾ ਦੇ ਸਾਰੇ 50 ਸੂਬਿਆਂ ਵਿੱਚ 50 ਵਿਰੋਧ ਪ੍ਰਦਰਸ਼ਨ ਕਰਨ ● ਬਾਕੀ ਸਫ਼ਾ 2 'ਤੇ

## ਇਕ ਨੌਜਵਾਨ ਡੋਗਰਾਂਵਾਲ ਦਾ


**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**
ਜ਼ਿਲ੍ਹਾ ਕਪੂਰਥਲਾ ਦੇ ਕਸਬਾ ਸੁਭਾਨਪੁਰ ਦੇ ਨਜ਼ਦੀਕੀ ਪਿੰਡ ਡੋਗਰਾਂਵਾਲ ਦੇ ਨੌਜਵਾਨ ਦੇ ਮਾਤਾ-ਪਿਤਾ ਅੰਮ੍ਰਿਤਸਰ ਹਵਾਈ ਅੱਡੇ 'ਤੇ ਪੁੱਜੇ। ਘਰ ਵਿਚ ਮੌਜੂਦ ਉਸ ਦੇ ਦਾਦਾ ਹਰਮੇਲ ਸਿੰਘ ਨੇ ਦੱਸਿਆ ਕਿ ਉਸ ਦੇ ਪਰਵਾਰ ਨੇ 22 ਸਾਲਾ ਵਿਕਰਮਜੀਤ ਸਿੰਘ ਪੁੱਤਰ ਸ਼ੀਸ਼ ਸਿੰਘ ਨੂੰ ਕਰੀਬ 2 ਮਹੀਨੇ ਪਹਿਲਾਂ ਅਮਰੀਕਾ ਭੇਜਿਆ ਸੀ। ਉਸ ਨੂੰ ਭੇਜਣ ਲਈ ਲੱਖਾਂ ਰੁਪਏ ਦਾ ਕਰਜ਼ਾ ਚੁੱਕਿਆ ਹੋਇਆ ਹੈ, ਜਿਸ ਨੂੰ ਉਹ ਹੁਣ ਸਾਰੀ ਉਮਰ ਨਹੀਂ ਉਤਾਰ ਸਕਣਗੇ।

ਉਨ੍ਹਾ ਦੱਸਿਆ ਕਿ ਘਰ ਦੇ ਹਾਲਾਤ ਬਹੁਤ ਮਾੜੇ ਹਨ, ਜਿਸ ਕਰਕੇ ਵਿਕਰਮਜੀਤ ਸਿੰਘ, ਜੋ ਕਿ 6 ਭੈਣਾਂ ਦਾ ਇਕਲੌਤਾ ਭਰਾ ਹੈ, ਚੰਗੇ ਭਵਿੱਖ ਲਈ ਵਿਦੇਸ਼ ਗਿਆ ਸੀ।

## ਕਾਮਰੇਡ ਧੁਲੇਤਾ ਨੂੰ ਸਦਮਾ

**ਫਿਲੌਰ** : ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਕਾਮਰੇਡ ਕੇਵਲ ਸਿੰਘ ਧੁਲੇਤਾ ਦੀ ਛੋਟੀ ਭਰਜਾਈ ਦਾ ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਦੇਹਾਂਤ ਹੋ ਗਿਆ। ਉਨ੍ਹਾ ਨਮਿਤ ਭੋਗ ਤੇ ਅੰਤਮ ਅਰਦਾਸ 13 ਫਰਵਰੀ ਨੂੰ 12 ਵਜੇ ਉਨ੍ਹਾ ਦੇ ਗ੍ਰਹਿ ਧੁਲੇਤਾ ਵਿਖੇ ਹੋਵੇਗੀ।

## ਮੋਦੀ ਨੇ ਪੁੰਨ ਕਮਾਇਆ



**ਮਹਾਂਕੁੰਭ ਨਗਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਤ੍ਰਿਵੇਣੀ ਸੰਗਮ ਵਿੱਚ ਇਸ਼ਨਾਨ ਕੀਤਾ। ਮੋਦੀ ਨੇ ਮੰਤਰਾਂ ਦੇ ਜਾਪ ਵਿਚਕਾਰ ਇਸ਼ਨਾਨ ਦੀ ਰਸਮ ਦੌਰਾਨ ਆਪਣੇ ਹੱਥਾਂ ਵਿੱਚ 'ਰੁਦਰਾਕਸ਼' ਮਣਕੇ ਫੜੇ ਹੋਏ ਸਨ। ਉਨ੍ਹਾ ਰੁਦਰਾਕਸ਼ ਦੀ ਮਾਲਾ ਪਾ ਕੇ ਸੂਰਜ ਅਤੇ ਗੰਗਾ ਨਦੀ ਦੀ ਪੂਜਾ ਕੀਤੀ। ਮੋਦੀ ਨੇ ਅਰੈਲ ਘਾਟ ਤੋਂ ਗੰਗਾ, ਯਮੁਨਾ ਅਤੇ ਮਿਥਿਹਾਸਕ ਸਰਸਵਤੀ ਦੇ ਤ੍ਰਿਵੇਣੀ ਸੰਗਮ ਤੱਕ ਕਿਸ਼ਤੀ ਦੀ ਸਵਾਰੀ ਕੀਤੀ। ਉਨ੍ਹਾ ਦੇ ਨਾਲ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀ ਸਨ। ਯੂ ਪੀ ਸਰਕਾਰ ਅਨੁਸਾਰ ਹੁਣ ਤੱਕ 38 ਕਰੋੜ ਤੋਂ ਵੱਧ ਸ਼ਰਧਾਲੂ ਮਹਾਂਕੁੰਭ ਦੇ ਦਰਸ਼ਨ ਕਰ ਚੁੱਕੇ ਹਨ।

## ਸੋਨਾ ਹੋਰ ਮਹਿੰਗਾ

**ਮੁੰਬਈ** : ਭਾਰਤੀਆਂ ਦੀ ਸਭ ਤੋਂ ਪਸੰਦੀਦਾ ਧਾਤੂ ਸੋਨੇ ਦੀ ਖਰੀਦ ਕਰਨਾ ਹੁਣ ਹਰ ਆਮ ਦੇ ਵੱਸ ਦੀ ਗੱਲ ਨਹੀਂ ਰਹੀ। ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਵਿੱਚ ਸੋਨੇ ਦੀ ਕੀਮਤ 4 ਫਰਵਰੀ ਨੂੰ 1,322 ਰੁਪਏ ਦੇ ਵਾਧੇ ਨਾਲ ਬੁੱਧਵਾਰ 8,432 ਰੁਪਏ ਪ੍ਰਤੀ ਗ੍ਰਾਮ ਹੋ ਗਈ। ਮਾਹਰਾਂ ਅਨੁਸਾਰ ਚੀਨ ਵੱਲੋਂ ਅਮਰੀਕੀ ਟੈਰਿਫਾਂ ਦਾ ਜਵਾਬ ਦੇਣ ਤੋਂ ਬਾਅਦ ਇਹ ਇਕ ਸੁਰੱਖਿਅਤ ਮੰਗ 'ਤੇ ਅਧਾਰਤ ਹੈ। 22 ਕੈਰੇਟ ਸੋਨੇ ਦੀ ਕੀਮਤ 8,230 ਰੁਪਏ ਪ੍ਰਤੀ ਗ੍ਰਾਮ ਰਹੀ। ਦਿੱਲੀ 'ਚ 99.9 ਫੀਸਦੀ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ 85,383 ਰੁਪਏ ਪ੍ਰਤੀ 10 ਗ੍ਰਾਮ ਸੀ, ਜਦਕਿ ਚੇਨਈ 'ਚ ਇਹ 85,231 ਰੁਪਏ ਸੀ। ਮੁੰਬਈ ਅਤੇ ਕੋਲਕਾਤਾ ਕ੍ਰਮਵਾਰ 85,237 ਰੁਪਏ ਅਤੇ 85,235 ਰੁਪਏ ਸੀ। ਇਸ ਦੌਰਾਨ ਚਾਂਦੀ ਦੀ ਕੀਮਤ ਮੁਕਾਬਲਤਨ ਸਥਿਰ ਰਹੀ। ਹਾਲਾਂਕਿ ਇਸ ਹਫਤੇ ਵਿਚ ਹੁਣ ਤੱਕ ਚਾਂਦੀ 1,400 ਰੁਪਏ ਪ੍ਰਤੀ ਕਿੱਲੋਗ੍ਰਾਮ ਵਧੀ ਹੈ।

## ਤਿੰਨ ਦਿਨਾਂ ਦੇ ਬੱਚੇ 'ਚੋਂ ਦੋ ਭਰੂਣ ਕੱਢੇ

**ਅਮਰਾਵਤੀ** : ਮਹਾਰਾਸ਼ਟਰ ਦੇ ਅਮਰਾਵਤੀ ਜ਼ਿਲ੍ਹੇ ਵਿੱਚ ਡਾਕਟਰਾਂ ਨੇ ਤਿੰਨ ਦਿਨਾਂ ਦੇ ਬੱਚੇ ਦੇ ਪੇਟ ਵਿੱਚੋਂ ਦੋ ਭਰੂਣ ਕੱਢੇ। ਜੌੜੇ ਭਰੂਣਾਂ ਦੇ ਹੱਥ ਤੇ ਪੈਰ ਬਣੇ ਹੋਏ ਸਨ। ਜਾਣਕਾਰੀ ਅਨੁਸਾਰ 32 ਸਾਲਾ ਮਹਿਲਾ ਵੱਲੋਂ ਪਿਛਲੇ ਮਹੀਨੇ ਨਿਯਮਤ ਸਿਹਤ ਜਾਂਚ ਦੌਰਾਨ ਕਰਵਾਈ ਸੋਨੋਗ੍ਰਾਫ਼ੀ ਮੌਕੇ ਡਾਕਟਰਾਂ ਨੂੰ 'ਭਰੂਣ ਦੇ ਅੰਦਰ ਭਰੂਣ' ਹੋਣ ਬਾਰੇ ਪਤਾ ਲੱਗਾ ਸੀ।

ਡਾਕਟਰਾਂ ਨੇ ਕਿਹਾ ਕਿ ਇਹ ਬਹੁਤ ਹੀ ਨਿਵੇਕਲੀ ਸਥਿਤੀ ਹੈ। ਇਸ ਮਹਿਲਾ ਨੇ 1 ਫਰਵਰੀ ਨੂੰ ਬੁਲਢਾਣਾ ਮਹਿਲਾ ਹਸਪਤਾਲ ਵਿੱਚ ਬੱਚੇ ਨੂੰ ਜਨਮ ਦਿੱਤਾ ਸੀ। ਉਪਰੰਤ ਜੱਚਾ-ਬੱਚਾ ਨੂੰ ਅਮਰਾਵਤੀ ਜ਼ਿਲ੍ਹੇ ਦੇ ਸੁਪਰ ਸਪੈਸ਼ਲਿਟੀ ਸਰਕਾਰੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਨਵਜੰਮੇ ਬੱਚੇ ਦਾ ਅਪਰੇਸ਼ਨ ਕਰਕੇ ਉਸ ਦੇ ਪੇਟ ਵਿੱਚੋਂ ਦੋ ਭਰੂਣ ਕੱਢੇ। ਅਮਰਾਵਤੀ ਮੰਡਲ ਹਸਪਤਾਲ 'ਚ ਡਾ. ਊਸ਼ਾ ਗਜਭੀਏ ਦੀ ਨਿਗਰਾਨੀ ਵਿੱਚ ਬੱਚੇ ਦਾ ਅਪਰੇਸ਼ਨ ਕੀਤਾ ਗਿਆ। ਡਾਕਟਰ ਨੇ ਮਗਰੋਂ ਪੱਤਰਕਾਰਾਂ ਨੂੰ ਦੱਸਿਆ ਕਿ ਜੱਚਾ-ਬੱਚਾ ਦੋਵੇਂ ਸਿਹਤਮੰਦ ਹਨ।

ਬੁਲਢਾਣਾ ਹਸਪਤਾਲ ਵਿੱਚ ਗਾਇਨੀ ਤੇ ਮਹਿਲਾ ਰੋਗਾਂ ਦੀ ਮਾਹਰ ਡਾ. ਪ੍ਰਸਾਦ ਅਗਰਵਾਲ ਨੇ ਦੱਸਿਆ ਕਿ ਹੁਣ ਤੱਕ ਪੂਰੇ ਵਿਸ਼ਵ ਵਿੱਚ ਅਜਿਹੇ 200 ਮਾਮਲੇ ਹੀ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਭਾਰਤ 'ਚੋਂ 10 ਤੋਂ 15 ਮਾਮਲੇ ਰਿਪੋਰਟ ਹੋਏ ਹਨ।

## ਗੁਰੂ ਰਵਿਦਾਸ ਪ੍ਰਕਾਸ਼ ਪੁਰਬ 'ਤੇ ਜਲੰਧਰ ਤੋਂ ਵਾਰਾਨਸੀ ਲਈ ਵਿਸ਼ੇਸ਼ ਰੇਲ ਗੱਡੀ

**ਜਲੰਧਰ (ਨ ਜ਼ ਸ)** ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵੱਲੋਂ ਆਈ ਆਰ ਸੀ ਟੀ-3 ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਰੇਲ ਗੱਡੀ ਨੰਬਰ 00466 ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।ਇਹ ਐਫ ਟੀ ਆਰ ਵਿਸ਼ੇਸ਼ ਰੇਲਗੱਡੀ 09.02.2025 ਨੂੰ ਦੁਪਹਿਰ 03.00 ਵਜੇ ਜਲੰਧਰ ਸ਼ਹਿਰ ਤੋਂ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਦੁਪਹਿਰ 12:00 ਵਜੇ ਵਾਰਾਨਸੀ ਪਹੁੰਚੇਗੀ।ਵਾਪਸੀ ਵਿੱਚ ਇਹ ਵਿਸ਼ੇਸ਼ ਰੇਲਗੱਡੀ 13.02.2025 ਨੂੰ 15.00 ਵਜੇ ਵਾਰਾਨਸੀ ਤੋਂ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸਵੇਰੇ 11.20 ਵਜੇ ਜਲੰਧਰ ਸ਼ਹਿਰ ਪਹੁੰਚੇਗੀ। ਰਸਤੇ ਵਿੱਚ ਇਹ ਵਿਸ਼ੇਸ਼ ਰੇਲਗੱਡੀ ਦੋਵੇਂ ਦਿਸ਼ਾਵਾਂ ਵਿੱਚ ਲੁਧਿਆਣਾ, ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ ਅਤੇ ਲਖਨਊ ਸਟੇਸ਼ਨਾਂ 'ਤੇ ਰੁਕੇਗੀ।

## ਗੈਂਗਸਟਰ ਦੀ ਲਾਸ਼ ਰੱਖ ਕੇ ਹਾਈਵੇ ਜਾਮ

**ਲੁਧਿਆਣਾ** : ਸੰਗਰੂਰ ਜੇਲ੍ਹ 'ਚ ਬੰਦ ਗੈਂਗਸਟਰ ਸਾਗਰ ਨਿਊਟਨ ਦੀ ਮੰਗਲਵਾਰ ਚੰਡੀਗੜ੍ਹ ਦੇ ਪੀ ਜੀ ਆਈ ਵਿੱਚ ਮੌਤ ਹੋਣ 'ਤੇ ਉਸ ਦੇ ਦੇ ਪਰਵਾਰਕ ਮੈਂਬਰਾਂ ਤੇ ਸਮਰਥਕਾਂ ਨੇ ਬੁੱਧਵਾਰ ਇੱਥੇ ਹਾਈਵੇ ਜਾਮ ਕਰਦਿਆਂ ਦਾਅਵਾ ਕੀਤਾ ਕਿ ਉਸ ਦੀ ਰਹੱਸਮਈ ਹਾਲਾਤ 'ਚ ਮੌਤ ਹੋਈ ਹੈ। ਪਰਵਾਰ ਨੇ ਲਾਸ਼ ਨੂੰ ਫਿਰੋਜ਼ਪੁਰ ਰੋਡ 'ਤੇ ਰੱਖ ਕੇ ਪ੍ਰਦਰਸ਼ਨ ਕਰਦਿਆਂ ਕਿਹਾ ਕਿ ਉਹ ਉਦੋਂ ਤੱਕ ਸਸਕਾਰ ਨਹੀਂ ਕਰਨਗੇ, ਜਦੋਂ ਤੱਕ ਸਰਕਾਰ ਉਸ ਦੀ ਮੌਤ ਲਈ ਜ਼ਿੰਮੇਵਾਰ ਜੇਲ੍ਹ ਅਧਿਕਾਰੀਆਂ ਵਿਰੁੱਧ ਕਾਰਵਾਈ ਨਹੀਂ ਕਰਦੀ। ਇਸ ਦੌਰਾਨ ਸੜਕ 'ਤੇ ਭਾਰੀ ਟਰੈਫਿਕ ਜਾਮ ਲੱਗ ਗਿਆ। ਪਰਵਾਰਕ ਮੈਂਬਰਾਂ ਨੇ ਦਾਅਵਾ ਕੀਤਾ ਕਿ ਸਾਗਰ ਜਨਵਰੀ ਵਿੱਚ ਲੁਧਿਆਣਾ ਦੀ ਅਦਾਲਤ ਵਿੱਚ ਪੇਸ਼ੀ ਲਈ ਆਇਆ ਤਾਂ ਉਹ ਤੰਦਰੁਸਤ ਸੀ। ਉਨ੍ਹਾ ਕਿਹਾ ਕਿ ਪੁਲਸ ਦਾ ਇਹ ਦਾਅਵਾ ਕਿ ਸਾਗਰ ਨੂੰ ਸ਼ੂਗਰ ਦਾ ਗੰਭੀਰ ਦੌਰਾ ਪਿਆ ਅਤੇ ਉਸ ਤੋਂ ਬਾਅਦ ਗੁਰਦੇ ਫੇਲ੍ਹ ਹੋ ਗਏ ਸਨ, ਸਰਾਸਰ ਝੂਠ ਹੈ। ਪਿਛਲੇ ਸਾਲ ਅਗਸਤ ਵਿੱਚ ਲੁਧਿਆਣਾ ਪੁਲਸ ਨੇ ਕਾਊਂਟਰ ਇੰਟੈਲੀਜੈਂਸ ਲੁਧਿਆਣਾ ਦੇ ਨਾਲ ਇੱਕ ਸਾਂਝੇ ਅਪ੍ਰੇਸ਼ਨ ਵਿੱਚ ਨਿਊਟਨ ਨੂੰ ਬਿਜਨੌਰ (ਯੂ ਪੀ) ਤੋਂ ਗ੍ਰਿਫਤਾਰ ਕੀਤਾ ਸੀ। ਉਹ ਕਤਲ, ਡਕੈਤੀ, ਚੋਰੀ ਅਤੇ ਨਸ਼ਾ ਤਸਕਰੀ ਸਮੇਤ 18 ਕੇਸਾਂ ਵਿੱਚ ਨਾਮਜ਼ਦ ਸੀ।

## ਸਵੀਡਨ 'ਚ ਬਾਲਗ ਸਿੱਖਿਆ ਕੇਂਦਰ 'ਚ ਗੋਲੀਬਾਰੀ, 11 ਮੌਤਾਂ



**ਓਰੇਬਰੋ (ਸਵੀਡਨ)** : ਸਟਾਕਹੋਮ ਦੇ ਪੱਛਮ ਵਿੱਚ ਇੱਕ ਬਾਲਗ ਸਿੱਖਿਆ ਕੇਂਦਰ ਵਿੱਚ ਸਵੀਡਨ ਦੀ ਸਭ ਤੋਂ ਭਿਆਨਕ ਗੋਲੀਬਾਰੀ ਵਿੱਚ ਬੰਦੂਕਧਾਰੀ ਸਮੇਤ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ ਘੱਟੋ-ਘੱਟ ਪੰਜ ਗੰਭੀਰ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਬੁੱਧਵਾਰ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਸਾਰੇ ਪੀੜਤ 18 ਸਾਲ ਤੋਂ ਵੱਧ ਉਮਰ ਦੇ ਹਨ। ਕੈਂਪਸ ਰਿਸਬਰਗਸਕਾ ਨਾਂਅ ਦਾ ਸਕੂਲ 20 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗਾਂ ਲਈ ਪ੍ਰਾਇਮਰੀ ਅਤੇ ਸੈਕੰਡਰੀ ਵਿੱਦਿਅਕ ਕਲਾਸਾਂ, ਪ੍ਰਵਾਸੀਆਂ ਲਈ ਸਵੀਡਿਸ਼-ਭਾਸ਼ਾ ਦੀਆਂ ਕਲਾਸਾਂ, ਬੌਧਿਕ ਅਸਮਰਥਤਾਵਾਂ ਵਾਲੇ ਲੋਕਾਂ ਲਈ ਕਿੱਤਾਮੁਖੀ ਸਿਖਲਾਈ ਅਤੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ। ਇਸ ਘਟਨਾ ਤੋਂ ਬਾਅਦ ਕਿੰਗ ਕਾਰਲ ਸੋਲ੍ਹਵੇਂ ਗੁਸਤਾਫ ਅਤੇ ਪ੍ਰਧਾਨ ਮੰਤਰੀ ਉਲਫ ਕ੍ਰਿਸਟਰਸਨ ਨੇ ਰਾਇਲ ਪੈਲੇਸ ਅਤੇ ਸਰਕਾਰੀ ਇਮਾਰਤਾਂ 'ਤੇ ਝੰਡੇ ਅੱਧੇ ਝੁਕਾਉਣ ਦਾ ਆਦੇਸ਼ ਦਿੱਤਾ।

## ਰਾਹੁਲ ਨੂੰ ਉਸ ਦਿਨ ਦੀ ਉਡੀਕ...



**ਪਟਨਾ** : ਰਾਹੁਲ ਗਾਂਧੀ ਨੇ ਬੁੱਧਵਾਰ ਕਿਹਾ ਕਿ ਉਹ ਉਸ ਦਿਨ ਦਾ ਇੰਤਜ਼ਾਰ ਕਰ ਰਹੇ ਹਨ ਜਦੋਂ ਦਲਿਤ ਤੇ ਕਮਜ਼ੋਰ ਵਰਗ ਭਾਰਤ ਦੇ ਹਰੇਕ ਅਦਾਰੇ ਵਿੱਚ ਲੀਡਰਸ਼ਿਪ ਅਹੁਦਾ ਸੰਭਾਲਣਗੇ। ਇਸ ਦੌਰਾਨ ਉਨ੍ਹਾ ਨੇ ਦੇਸ਼ਵਿਆਪੀ ਜਾਤੀ ਜਨਗਣਨਾ ਦੀ ਲੋੜ ਨੂੰ ਦੁਹਰਾਇਆ। ਉਨ੍ਹਾ ਇੱਥੇ ਸੁਤੰਤਰਤਾ ਸੈਨਾਨੀ ਜਗਲਾਲ ਚੌਧਰੀ ਦੇ ਜਨਮ ਦਿਨ ਸਮਾਗਮ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਭਾਜਪਾ ਅਤੇ ਆਰ ਐੱਸ ਐੱਸ ਸੰਵਿਧਾਨ ਦੇ ਵਿਰੁੱਧ ਹਨ, ਕਿਉਂਕਿ ਇਹ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ। ਉਨ੍ਹਾ ਕਿਹਾ ਕਿ ਦੇਸ਼ ਦੇ ਮੌਜੂਦਾ ਸੱਤਾ ਢਾਂਚੇ ਤੇ ਸੰਸਥਾਵਾਂ 'ਚ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਕੋਈ ਭਾਗੀਦਾਰੀ ਨਹੀਂ ਹੈ। ਦਲਿਤਾਂ, ਘੱਟਗਿਣਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਸਹੀ ਗਿਣਤੀ ਦੀ ਪਛਾਣ ਕਰਨ ਲਈ ਪੂਰੇ ਭਾਰਤ ਵਿੱਚ ਜਾਤੀ ਜਨਗਣਨਾ ਦੀ ਲੋੜ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਵੋਟ ਪਾਉਣ ਤੋਂ ਬਾਅਦ ਪਟਨਾ ਪਹੁੰਚੇ ਰਾਹੁਲ ਨੇ ਜ਼ੋਰ ਦੇ ਕੇ ਕਿਹਾ—ਮੈਂ ਉਸ ਦਿਨ ਦਾ ਇੰਤਜ਼ਾਰ ਕਰ ਰਿਹਾ ਹਾਂ ਜਦੋਂ ਦਲਿਤ ਅਤੇ ਕਮਜ਼ੋਰ ਵਰਗ ਦੇਸ਼ ਦੇ ਹਰ ਅਦਾਰੇ ਵਿੱਚ ਲੀਡਰਸ਼ਿਪ ਦੇ ਅਹੁਦੇ 'ਤੇ ਹੋਣਗੇ ਅਤੇ ਮੈਂ ਦੱਬੇ-ਕੁਚਲੇ ਲੋਕਾਂ ਦੇ ਕਾਜ਼ ਲਈ ਆਪਣੀ ਲੜਾਈ ਜਾਰੀ ਰੱਖਾਂਗਾ।

## ਪੱਛਮੀ ਬੰਗਾਲ ਦੇ ਲੋਕਾਂ ਨੂੰ 9 ਨੂੰ ਸੜਕਾਂ 'ਤੇ ਉਤਰਨ ਦੀ ਅਪੀਲ

**ਕੋਲਕਾਤਾ** : ਸਰਕਾਰੀ ਆਰ ਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਜਬਰ-ਜ਼ਨਾਹ ਤੋਂ ਬਾਅਦ ਕਤਲ ਕੀਤੀ ਗਈ ਜੂਨੀਅਰ ਮਹਿਲਾ ਡਾਕਟਰ ਦੀ ਮਾਂ ਨੇ ਬੁੱਧਵਾਰ ਪੱਛਮੀ ਬੰਗਾਲ ਵਿੱਚ ਆਮ ਲੋਕਾਂ ਨੂੰ ਆਪਣੀ ਧੀ ਦੇ ਜਨਮ ਦਿਨ ਮੌਕੇ 9 ਫਰਵਰੀ ਨੂੰ ਵਿਰੋਧ ਪ੍ਰਦਰਸ਼ਨ ਵਿੱਚ ਸੜਕਾਂ 'ਤੇ ਉਤਰਨ ਦੀ ਇੱਕ ਨਵੀਂ ਅਪੀਲ ਕੀਤੀ ਹੈ। ਉਸ ਨੇ ਇੱਕ ਵੀਡੀਓ ਸੰਦੇਸ਼ ਰਾਹੀਂ ਸੂਬੇ ਦੇ ਆਮ ਲੋਕਾਂ ਨੂੰ ਇਹ ਅਪੀਲ ਕੀਤੀ। ਹਾਲਾਂਕਿ ਵੀਡੀਓ ਵਿੱਚ ਪੀੜਤਾ ਦੇ ਮਾਤਾ-ਪਿਤਾ ਦੋਵਾਂ ਦੇ ਧੁੰਦਲੇ ਚਿਹਰੇ ਦੇਖੇ ਗਏ ਹਨ, ਪਰ ਉਸ ਅਪੀਲ ਨੂੰ ਜਾਰੀ ਕਰਦੇ ਹੋਏ ਪੀੜਤਾ ਦੀ ਮਾਤਾ ਨੇ ਕਿਹਾ—ਸਾਨੂੰ ਅਜੇ ਤੱਕ ਇਸ ਮਾਮਲੇ ਵਿੱਚ ਇਨਸਾਫ਼ ਨਹੀਂ ਮਿਲਿਆ। ਅਸੀਂ 9 ਫਰਵਰੀ ਨੂੰ ਸੜਕਾਂ 'ਤੇ ਉਤਰਾਂਗੇ। ਲੋਕ ਪਿਛਲੇ ਛੇ ਮਹੀਨਿਆਂ ਤੋਂ ਸਾਡੇ ਨਾਲ ਹਨ। ਇਸ ਲਈ ਮੈਂ ਲੋਕਾਂ ਨੂੰ 9 ਫਰਵਰੀ ਨੂੰ ਮੁੜ ਸੜਕਾਂ 'ਤੇ ਉਤਰਨ ਦੀ ਅਪੀਲ ਕਰਦੀ ਹਾਂ। ਉਸ ਨੇ ਆਮ ਲੋਕਾਂ ਨੂੰ 9 ਫਰਵਰੀ ਨੂੰ ਇੱਕ-ਇੱਕ ਫੁੱਲਾਂ ਦਾ ਬੂਟਾ ਲਗਾਉਣ ਦੀ ਅਪੀਲ ਵੀ ਕੀਤੀ ਅਤੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਅਤੇ ਉਸ ਦਾ ਪਤੀ ਆਪਣੀ ਧੀ ਨੂੰ ਇਨਸਾਫ਼ ਦਿਵਾਉਣ ਲਈ ਅੰਤ ਤੱਕ ਲੱਗੇ ਰਹਿਣਗੇ।

## ਰਾਹੁਲ ਦ੍ਰਾਵਿੜ ਆਟੋ ਵਾਲੇ ਨਾਲ ਉਲਝਿਆ

**ਬੇਂਗਲੁਰੂ** : ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿੱਚ ਕ੍ਰਿਕਟਰ ਰਾਹੁਲ ਦ੍ਰਾਵਿੜ ਨੂੰ ਇੱਥੇ ਇੱਕ ਆਟੋ ਡਰਾਈਵਰ ਨਾਲ ਬਹਿਸ ਕਰਦੇ ਹੋਏ ਦੇਖਿਆ ਗਿਆ। ਇਹ ਘਟਨਾ ਕਥਿਤ ਤੌਰ 'ਤੇ ਕਨਿੰਘਮ ਰੋਡ 'ਤੇ ਵਾਪਰੀ ਦੱਸੀ ਜਾ ਰਹੀ ਹੈ। ਹਾਈ ਗਰਾਊਂਡ ਟਰੈਫਿਕ ਪੁਲਸ ਸਟੇਸ਼ਨ ਮੁਤਾਬਕ ਇਸ ਸੰਬੰਧੀ ਭਾਰਤੀ ਟੀਮ ਦੇ ਸਾਬਕਾ ਕਪਤਾਨ ਨੇ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ। ਮੰਗਲਵਾਰ ਸ਼ਾਮ 6.30 ਵਜੇ ਦੇ ਕਰੀਬ ਦ੍ਰਾਵਿੜ ਨੂੰ ਕੰਨੜ ਭਾਸ਼ਾ ਵਿੱਚ ਬਹਿਸ ਕਰਦੇ ਹੋਏ ਦੇਖਿਆ ਗਿਆ, ਜੋ ਡਰਾਈਵਰ ਤੋਂ ਪੁੱਛ ਰਿਹਾ ਸੀ ਕਿ ਉਸ ਨੇ ਬ੍ਰੇਕ ਕਿਉਂ ਨਹੀਂ ਲਗਾਈ। ਦ੍ਰਾਵਿੜ ਇੰਡੀਅਨ ਐਕਸਪ੍ਰੈਸ ਸਰਕਲ ਤੋਂ ਮਿਲਰਜ਼ ਰੋਡ ਵੱਲ ਜਾ ਰਿਹਾ ਸੀ। ਜਦੋਂ ਉਥੇ ਖੜ੍ਹੇ ਇਕ ਦਰਸ਼ਕ ਨੂੰ ਅਹਿਸਾਸ ਹੋਇਆ ਕਿ ਇਹ ਦ੍ਰਾਵਿੜ ਹੈ ਤਾਂ ਉਸ ਵੱਲੋਂ ਇਹ ਵੀਡੀਓ ਬਣਾਈ ਗਈ। ਸਾਬਕਾ ਮੁੱਖ ਕੋਚ ਆਪਣੀ ਕਾਰ 'ਤੇ ਨਾਲ ਆਟੋ ਟਕਰਾਉਣ ਕਾਰਨ ਹੋਏ ਨੁਕਸਾਨ ਤੋਂ ਪ੍ਰੇਸ਼ਾਨ ਸੀ।



## ਅੱਜ-ਨਾਮਾ

ਪਾਈਆਂ ਵੋਟਾਂ ਹਨ ਦਿੱਲੀ ਦੇ ਆਮ ਲੋਕਾਂ,
ਥਾਂਉਂ-ਥਾਂ ਲੱਗੀ ਰਹੀ ਖੂਬ ਕਤਾਰ ਭਾਈ।
ਹਰ ਇੱਕ ਦਿਲ ਦੀ ਇੱਕੋ ਹੀ ਸਿੱਕ ਹੋਸੀ,
ਚੁਣਨੀ ਹੈ ਸੋਚ ਕੇ ਸਾਊ ਸਰਕਾਰ ਭਾਈ।
ਹਰ ਇੱਕ ਵਾਸਤੇ ਚੰਗਾ ਹੈ ਕੋਈ ਲੀਡਰ,
ਕਿਸੇ ਨੂੰ ਕਿਸੇ ਨਾਲ ਹੋਏ ਪਿਆਰ ਭਾਈ।
ਆਇਆ ਜਦੋਂ ਰਿਜ਼ਲਟ ਫਿਰ ਪਤਾ ਲੱਗੂ,
ਕੌਣ ਜਿੱਤ ਗਿਆ ਤੇ ਕਿਹੜਾ ਹਾਰ ਭਾਈ।
ਆਵੇ ਮਾਫਕ ਜਾਂ ਭਾਵੇਂ ਉਹ ਨਹੀਂ ਆਵੇ,
ਫਤਵਾ ਵੋਟਰ ਦਾ ਅਸਲ ਤਾਂ ਹੋਊ ਭਾਈ।
ਆਊ ਖਬਰ ਜਦ ਅੰਤਲੀ ਵੇਖ ਲਿਉ ਜੀ,
ਖਿੜੇਗਾ ਕੋਈ ਤੇ ਕੋਈ ਫਿਰ ਰੋਊ ਭਾਈ।

-ਤੀਸ ਮਾਰ ਖਾਂ

## ਹਿਮਾਚਲ ਦੇ ਉੱਤਲੇ ਇਲਾਕਿਆਂ 'ਚ ਬਰਫਬਾਰੀ, ਸੇਬ ਉਤਪਾਦਕ ਖੁਸ਼

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ ਵਿੱਚ ਬੁੱਧਵਾਰ ਸ਼ਾਮ ਵੇਲੇ ਬਰਫਬਾਰੀ ਹੋਈ, ਜਿਸ ਵਿੱਚ ਪ੍ਰਮੁੱਖ ਸੈਲਾਨੀ ਕੇਂਦਰ ਵੀ ਸ਼ਾਮਲ ਹਨ। ਮੌਸਮ ਵਿਭਾਗ ਅਨੁਸਾਰ ਸ਼ਿਮਲਾ, ਕੁੱਲੂ, ਕਨੌਰ, ਲਾਹੌਲ ਅਤੇ ਸਪਿਤੀ ਅਤੇ ਚੰਬਾ ਜ਼ਿਲ੍ਹਿਆਂ ਵਿੱਚ ਵੱਖ-ਵੱਖ ਥਾਵਾਂ 'ਤੇ ਬਰਫ਼ਬਾਰੀ ਹੋਈ। ਸ਼ਿਮਲਾ ਜ਼ਿਲ੍ਹੇ ਦੇ ਸੈਰ-ਸਪਾਟਾ ਕੇਂਦਰ ਨਾਰਕੰਡਾ ਅਤੇ ਕੁਫਰੀ, ਚੰਬਾ ਦੇ ਡਲਹੌਜ਼ੀ ਅਤੇ ਕੁੱਲੂ ਦੇ ਮਨਾਲੀ ਅਤੇ ਆਸ-ਪਾਸ ਦੇ ਇਲਾਕਿਆਂ 'ਚ ਵੀ ਬਰਫ ਪਈ। ਮੰਡੀ ਜ਼ਿਲੇ ਦੇ ਸੇਰਾਜ, ਪਰਾਸ਼ਰ, ਸ਼ਿਕਾਰੀ ਅਤੇ ਕਮਰੂਨਾਗ ਵਿਚ ਵੀ ਬਰਫਬਾਰੀ ਦੀਆਂ ਖਬਰਾਂ ਹਨ। ਇਸ ਤਾਜ਼ਾ ਬਰਫ਼ਬਾਰੀ ਕਾਰਨ ਸੈਲਾਨੀਆਂ ਦੀ ਆਮਦ ਵਧ ਸਕਦੀ ਹੈ ਤੇ ਹੋਟਲ ਮਾਲਕਾਂ ਲਈ ਚੰਗੀ ਖਬਰ ਹੈ। ਬਰਫਬਾਰੀ ਨੇ ਸੇਬ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਚਿਹਰੇ ਵੀ ਖਿੜਾ ਦਿੱਤੇ ਹਨ, ਕਿਉਂਕਿ ਸੇਬ ਦੀ ਖੇਤੀ ਲਈ ਬਰਫ਼ ਚੰਗੀ ਮੰਨੀ ਜਾਂਦੀ ਹੈ।ਮੌਸਮ ਵਿਭਾਗ ਨੇ ਦੱਸਿਆ ਕਿ ਕੋਠੀ ਵਿੱਚ 33 ਸੈਂਟੀਮੀਟਰ, ਗੋਂਡਲਾ (11 ਸੈਂਟੀਮੀਟਰ), ਕੇਲਾਂਗ (9 ਸੈਂਟੀਮੀਟਰ), ਕੁਕੁਮਸੇਰੀ (8.3 ਸੈਂਟੀਮੀਟਰ), ਭਰਮੌਰ (8 ਸੈਂਟੀਮੀਟਰ), ਮਨਾਲੀ (7.4 ਸੈਂਟੀਮੀਟਰ), ਜੋਟ (6 ਸੈਂਟੀਮੀਟਰ), ਕਾਲਪਾ (7.3 ਸੈਂਟੀਮੀਟਰ) ਅਤੇ ਸ਼ਿਲਾਰੂ ਅਤੇ ਖਦਰਾਲਾ (5 ਸੈਂਟੀਮੀਟਰ) ਬਰਫ਼ ਪਈ। ਸ਼ਿਮਲਾ ਨਾਲ ਲੱਗਦੇ ਕੁਫਰੀ 'ਚ 4 ਸੈਂਟੀਮੀਟਰ ਬਰਫਬਾਰੀ ਹੋਈ। ਸ਼ਿਮਲਾ, ਜੁਬਾਰਹੱਟੀ, ਕਾਂਗੜਾ, ਜੋਤ, ਭੁੰਤਰ, ਪਾਲਮਪੁਰ ਅਤੇ ਸੁੰਦਰਨਗਰ ਵਿੱਚ ਝੱਖੜ ਚੱਲਿਆ, ਜਦੋਂਕਿ ਬਿਲਾਸਪੁਰ ਅਤੇ ਮੰਡੀ ਵਿੱਚ ਧੁੰਦ ਛਾਈ ਰਹੀ। ਮੌਸਮ ਵਿਭਾਗ ਨੇ ਵੀਰਵਾਰ ਵੀ ਹਨੇਰੀ ਆਉਣ ਦੀ ਸੰਭਾਵਨਾ ਜਤਾਈ ਹੈ।



## ਵਿਜੇ ਮਾਲਿਆ ਨੇ ਬੈਂਕ ਕਰਜ਼ਾ ਸਟੇਟਮੈਂਟ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ



**ਬੇਂਗਲੁਰੂ** : ਭਗੌੜੇ ਕਾਰੋਬਾਰੀ ਵਿਜੇ ਮਾਲਿਆ ਨੇ ਕਰਨਾਟਕ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਬੈਂਕਾਂ ਤੋਂ ਕਰਜ਼ਾ ਵਸੂਲੀ ਖਾਤਿਆਂ ਦੀ ਮੰਗ ਕੀਤੀ ਹੈ। ਮਾਲਿਆ ਦੇ ਵਕੀਲ ਸਾਜਨ ਪੂਵਈਆ ਮੁਤਾਬਕ 6200 ਕਰੋੜ ਰੁਪਏ ਮੋੜੇ ਜਾਣੇ ਸਨ, ਪਰ 14,000 ਕਰੋੜ ਰੁਪਏ ਦੀ ਵਸੂਲੀ ਹੋ ਚੁੱਕੀ ਹੈ। ਮਾਲਿਆ ਦੇ ਵਕੀਲ ਨੇ ਦਾਅਵਾ ਕੀਤਾ ਕਿ ਇਸ ਦੀ ਸੂਚਨਾ ਵਿੱਤ ਮੰਤਰੀ ਨੇ ਲੋਕ ਸਭਾ ਨੂੰ ਦਿੱਤੀ ਸੀ। ਮਾਲਿਆ ਦੇ ਵਕੀਲ ਨੇ ਦਲੀਲ ਦਿੱਤੀ ਕਿ ਕਰਜ਼ਾ ਵਸੂਲੀ ਅਧਿਕਾਰੀ ਨੇ ਕਿਹਾ ਹੈ ਕਿ 10,200 ਕਰੋੜ ਰੁਪਏ ਦੀ ਵਸੂਲੀ ਹੋ ਚੁੱਕੀ ਹੈ। ਉਨ੍ਹਾ ਦਾਅਵਾ ਕੀਤਾ ਕਿ ਭਾਵੇਂ ਕਰਜ਼ੇ ਦੀ ਪੂਰੀ ਰਕਮ ਕਲੀਅਰ ਹੋ ਚੁੱਕੀ ਹੈ, ਪਰ ਇਹ ਪ੍ਰਕਿਰਿਆ ਅਜੇ ਵੀ ਜਾਰੀ ਹੈ। ਇਸ ਲਈ ਬੈਂਕਾਂ ਨੂੰ ਵਸੂਲੀ ਕਰਜ਼ੇ ਦੀ ਰਕਮ ਦੀ ਸਟੇਟਮੈਂਟ ਦੇਣ ਲਈ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਗਈ ਹੈ।

ਮਾਲਿਆ ਇਸ ਸਮੇਂ ਲੰਡਨ ਵਿੱਚ ਰਹਿ ਰਿਹਾ ਹੈ ਅਤੇ ਕਥਿਤ ਕਰਜ਼ਾ ਡਿਫਾਲਟ ਲਈ ਭਾਰਤ ਸਰਕਾਰ ਵੱਲੋਂ ਉਸ ਦੀ ਹਵਾਲਗੀ ਦੀਆਂ ਕੋਸ਼ਿਸ਼ਾਂ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ 18 ਦਸੰਬਰ 2024 ਨੂੰ ਵਿਜੇ ਮਾਲਿਆ ਨੇ ਦਾਅਵਾ ਕੀਤਾ ਸੀ ਕਿ ਬੈਂਕਾਂ ਨੇ ਉਸ ਤੋਂ 6203 ਕਰੋੜ ਰੁਪਏ ਦੇ ਕਰਜ਼ੇ ਦੇ ਬਦਲੇ 14,131.60 ਕਰੋੜ ਰੁਪਏ ਵਸੂਲ ਕੀਤੇ ਹਨ, ਪਰ ਉਹ ਆਰਥਕ ਅਪਰਾਧੀ ਬਣਿਆ ਹੋਇਆ ਹੈ। ਉਸ ਨੇ ਐੱਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਜਦੋਂ ਤੱਕ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਬੈਂਕ ਕਾਨੂੰਨੀ ਤੌਰ 'ਤੇ ਇਹ ਸਾਬਤ ਨਹੀਂ ਕਰ ਸਕਦੇ ਕਿ ਉਸ ਨੇ ਦੋ ਗੁਣਾ ਤੋਂ ਵੱਧ ਕਰਜ਼ਾ ਕਿਵੇਂ ਲਿਆ ਹੈ, ਉਹ ਰਾਹਤ ਦਾ ਹੱਕਦਾਰ ਹੈ।

## ਸਿਹਤ ਬਲਾਕ ਪੰਜਗਰਾਈਆਂ ਵੱਲੋਂ ਸਿਵਲ ਸਰਜਨ ਦਾ ਸਵਾਗਤ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮੁੱਢਲਾ ਸਿਹਤ ਕੇਂਦਰ ਫਤਿਹਗੜ੍ਹ ਪੰਜਗਰਾਈਆਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜੀ ਐਸ ਭਿੰਡਰ ਵੱਲੋਂ ਨਵ ਨਿਯੁਕਤ ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਜੀ ਐਸ ਭਿੰਡਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਿਹਤ ਬਲਾਕ ਫਤਿਹਗੜ੍ਹ ਪੰਜਗਰਾਈਆਂ ਵੱਲੋਂ ਸਿਵਲ ਸਰਜਨ ਡਾ.ਸੰਜੇ ਕਾਮਰਾ ਦੀ ਅਗਵਾਈ ਹੇਠ ਵਧ ਚੜ੍ਹ ਕੇ ਕੰਮ ਕੀਤਾ ਜਾਵੇਗਾ।ਇਸ ਮੌਕੇ ਗੱਲਬਾਤ ਕਰਦਿਆਂ ਸਿਵਲ ਸਰਜਨ ਸੰਗਰੂਰ ਡਾ.ਸੰਜੇ ਕਾਮਰਾ ਨੇ ਕਿਹਾ ਕਿ ਜ਼ਿਲ੍ਹੇ ਦੇ ਲੋਕਾਂ ਦੀ ਸਿਹਤ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਦੇ ਲਈ ਸਮੂਹ ਬਲਾਕਾਂ ਦੇ ਸਹਿਯੋਗ ਦੇ ਨਾਲ ਹੋਰ ਤੇਜ਼ੀ ਦੇ ਨਾਲ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਦੇ ਲਈ ਸ਼ਖਤ ਮਿਹਨਤ ਕੀਤੀ ਜਾਵੇਗੀ ਤਾਂ ਜੋ ਵੱਧ ਤੋਂ ਵੱਧ ਲੋਕ ਸਿਹਤ ਸਹੂਲਤਾਂ ਦਾ ਲਾਭ ਉਠਾ ਸਕਣ।ਇਸ ਮੌਕੇ ਐਸ ਐਮ ਓ ਡਾ.ਜੀ ਐਸ ਭਿੰਡਰ ਦੇ ਨਾਲ ਐਸ ਆਈ ਗੁਲਜ਼ਾਰ ਖਾਨ, ਹਰਪ੍ਰੀਤ ਕੌਰ ਬੀ ਈ ਈ, ਯੂਨੀਅਨ ਦੇ ਬਲਾਕ ਪ੍ਰਧਾਨ ਰਾਜੇਸ਼ ਰਿਖੀ, ਐਸ ਆਈ ਸਤਿੰਦਰ ਸਿੰਘ, ਐਲ ਐਚ ਵੀ ਚਰਨਜੀਤ ਕੌਰ, ਐਨ ਐਚ ਐਮ ਲੇਖਾਕਾਰ ਜੁਲਫੀਕਾਰ ਅਲੀ ਅਤੇ ਤੇਜਿੰਦਰ ਸਿੰਘ ਵੀ ਹਾਜ਼ਰ ਸਨ।

## ਵਿਸ਼ਵ ਕੈਂਸਰ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਵਿਸ਼ਵ ਕੈਂਸਰ ਦਿਵਸ ਮੌਕੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਦੇ ਵਾਇਸ ਚਾਂਸਲਰ ਪ੍ਰੋਫੈਸਰ ਡਾ. ਰਾਜੀਵ ਸੂਦ (ਡਾ. ਬੀ. ਸੀ. ਰਾਏ ਐਵਾਰਡੀ) ਦੀ ਯੋਗ ਅਗਵਾਈ ਵਿੱਚ ਕੈਂਸਰ ਵਿਭਾਗ 'ਚ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਡਾ. ਪ੍ਰਦੀਪ ਗਰਗ, ਪ੍ਰੋਫੈਸਰ ਤੇ ਮੁਖੀ, ਕੈਂਸਰ ਵਿਭਾਗ ਵੱਲੋਂ ਕੈਂਸਰ ਦੇ ਲੱਛਣਾਂ ਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ।ਪ੍ਰੋਫੈਸਰ ਡਾ. ਰਾਕੇਸ਼ ਗੋਰੀਆ, ਮਾਨਯੋਗ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ, ਡਾ. ਸੰਜੇ ਗੁਪਤਾ, ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵੀ ਮੌਜੂਦ ਸਨ। ਡਾ. ਪ੍ਰਦੀਪ ਗਰਗ, ਪ੍ਰੋਫੈਸਰ ਤੇ ਮੁੱਖੀ, ਕੈਂਸਰ ਵਿਭਾਗ ਵੱਲੋਂ ਕੈਂਸਰ ਸਬੰਧੀ ਵਿਸਥਾਰ ਨਾਲ ਦੱਸਿਆ ਗਿਆ ਕਿ ਇਸ ਬਿਮਾਰੀ ਤੋਂ ਬਿਲਕੁਲ ਵੀ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਤੇ ਇਸ ਦਾ ਇਲਾਜ ਸੰਭਵ ਹੈ।ਇਸ ਬਿਮਾਰੀ ਦਾ ਜਿਨ੍ਹਾਂ ਜਲਦੀ ਪਤਾ ਲੱਗ ਜਾਵੇ, ਓਨਾ ਹੀ ਇਸ ਦੇ ਪੂਰੀ ਤਰ੍ਹਾਂ ਠੀਕ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।ਉਨ੍ਹਾਂ ਕਿਹਾ ਕਿ ਕੈਂਸਰ ਨੂੰ ਮਾਤ ਦੇਣ ਲਈ ਜਿੰਨੀ ਭੂਮਿਕਾ ਡਾਕਟਰੀ ਇਲਾਜ ਦੀ ਹੈ, ਓਨੀ ਹੀ ਅਹਿਮੀਅਤ ਮਰੀਜ਼ ਦੀ ਆਪਣੀ ਇੱਛਾ ਸ਼ਕਤੀ ਤੇ ਹੌਸਲੇ ਦੀ ਵੀ ਹੈ।ਉਨ੍ਹਾਂ ਤੋਂ ਇਲਾਵਾ ਵਿਭਾਗ ਦੇ ਡਾ. ਰੋਮੀ ਕਾਂਤ ਗਰੋਵਰ, ਐਸੋਸੀਏਟ ਪ੍ਰੋਫੈਸਰ ਵੱਲੋਂ ਔਰਤਾਂ ਵਿੱਚ ਪਾਏ ਜਾਣ ਵਾਲੇ ਬੱਚੇਦਾਨੀ ਦੇ ਕੈਂਸਰ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੇ ਸ਼ੁਰੂਆਤੀ ਲੱਛਣਾਂ ਤੇ ਇਸ ਦੀ ਰੋਕਥਾਮ ਲਈ ਚਲਾਈ ਗਈ ਮੁਹਿੰਮ ਅੰਦਰ 9 ਸਾਲ ਤੋਂ ਉਪਰ ਦੀਆਂ ਲੜਕੀਆਂ ਨੂੰ ਵੈਕਸੀਨ ਲਗਵਾਉਣ ਲਈ ਵੀ ਪ੍ਰੇਰਿਤ ਕੀਤਾ।

## ਸੂਬਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਸੈਮੀਨਾਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਦੇ ਆਦੇਸ਼ਾਂ ਅਨੁਸਾਰ ਹੇਠ ਸਰਕਾਰੀ ਰਜਿੰਦਰਾ ਕਾਲਜ ਵਿਖੇ ਸਮਾਜਿਕ ਨਿਆਂ ਤੇ ਅਧਿਕਾਰਤਾਂ ਵਿਭਾਗ ਵਲੋਂ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਤੋਂ ਜਾਣ ਕਰਾਉਣ ਸਬੰਧੀ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਵੱਖ-ਵੱਖ ਵਿਭਾਗਾਂ ਵਲੋਂ ਆਪੋ-ਆਪਣੇ ਵਿਭਾਗ ਨਾਲ ਸਬੰਧਤ ਲੋਕ ਭਲਾਈ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ।ਸੈਮੀਨਾਰ ਦੌਰਾਨ ਬਲਾਕ ਬਠਿੰਡਾ ਦੀਆਂ ਪੰਚਾਇਤਾਂ ਵਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ। ਸੈਮੀਨਾਰ ਦੌਰਾਨ ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾਂ ਅਫ਼ਸਰ ਬਰਿੰਦਰ ਸਿੰਘ ਨੇ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਤੋਂ ਇਲਾਵਾ ਬਲਾਕ ਬਠਿੰਡਾ ਦੇ ਸਰਪੰਚਾਂ ਤੇ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਇਸ ਸੈਮੀਨਾਰ ਦਾ ਮੁੱਖ ਮੰਤਵ ਸਰਕਾਰ ਵੱਲੋਂ ਆਮ ਲੋਕਾਂ ਦੀ ਬਿਹਤਰੀ ਲਈ ਸ਼ੁਰੂ ਕੀਤੀਆਂ ਗਈਆਂ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣੂ ਕਰਾਉਣ ਦੇ ਨਾਲ-ਨਾਲ ਵੱਧ ਤੋਂ ਵੱਧ ਲੋਕਾਂ ਤੱਕ ਲੋਕ ਭਲਾਈ ਸਕੀਮਾਂ ਦਾ ਲਾਹਾ ਪੁਚਾਉਣਾ ਯਕੀਨੀ ਬਣਾਉਣਾ ਹੈ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਨ੍ਹਾਂ ਸਕੀਮਾਂ ਤੋਂ ਵਾਂਝਾ ਨਾ ਰਹਿ ਸਕੇ।ਇਸ ਦੌਰਾਨ ਸਰਕਾਰੀ ਰਜਿੰਦਰਾ ਕਾਲਜ ਦੇ ਪ੍ਰੋ. ਅੰਮ੍ਰਿਤਪਾਲ ਸਿੰਘ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਕਾਰਨਾਂ ਤੇ ਇਸ ਤੋਂ ਬਚਾਅ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।

## ਬਲੌਜ਼ਮਜ਼ ਕਾਨਵੈਂਟ 'ਚ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ



**ਜਗਰਾਉਂ (ਸੰਜੀਵ ਅਰੋੜਾ)**-ਬਲੌਜ਼ਮਜ ਕਾਨਵੈਂਟ ਸਕੂਲ ਵਿਖੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਬਾਰਵੀਂ ਜਮਾਤ ਦੇ ਇਮਤਿਹਾਨ ਦੇ ਕੇ ਸਕੂਲ ਤੋਂ ਵਿਦਾ ਲੈਣ ਵਾਲੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਆਯੋਜਤ ਕੀਤੀ ਗਈ। ਵਿਦਿਆਰਥੀਆਂ ਨੇ ਇਸ ਪਾਰਟੀ ਨੂੰ ਸੱਭਿਆਚਾਰ ਰੰਗ ਵਿੱਚ ਰੰਗਿਆ ਤੇ ਵਿਦਿਆਰਥੀਆਂ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਾਈਆਂ ਗਈਆਂ। ਗੀਤ ਸੰਗੀਤ, ਰੈਪ ਵਾਕ ਦੀ ਪ੍ਰਸ਼ਨ ਉੱਤਰੀ ਕਾਰਵਾਈ ਤੋਂ ਬਾਅਦ ਮਿਸਟਰ ਬੀ.ਸੀ.ਐਸ. ਦਿਵਿਅਮ ਸ਼ਰਮਾ, ਮਿਸ ਬੀ.ਸੀ.ਐਸ. ਜਸਵੀਨ ਕੌਰ, ਅਰਮਾਨ ਸਿੰਘ ਜੌਹਲ ਅਤੇ ਕਿਰਨਵੀਰ ਕੌਰ ਨੂੰ ਫਸਟ ਰਨਰਅੱਪ ਚੁਣਿਆ ਗਿਆ। ਅੰਜਲੀ ਤੇ ਗੁਰਨੂਰ ਸਿੰਘ ਗਰੇਵਾਲ ਨੂੰ ਦੂਜੇ ਰਨਰਅੱਪ ਵਜੋਂ ਖਿਤਾਬ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਸਾਰੇ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਕਿਹਾ ਕਿ ਇਹ ਇਕ ਯਾਦਗਾਰ ਪਾਰਟੀ ਹੈ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਉਹ ਦਿਨ ਖੁਸ਼ੀਆਂ ਭਰਿਆ ਸੀ, ਜਿਸ ਦਿਨ ਉਹ ਇਸ ਸਕੂਲ ਵਿੱਚ ਆਏ ਸਨ ਤੇ ਸਾਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੋ ਰਹੀ ਹੈ ਕਿ ਉਹ ਅੱਜ ਆਪਣੀਆਂ ਸਾਰੀਆਂ ਜਮਾਤਾਂ ਦਾ ਪੈਂਡਾ ਤੈਅ ਕਰਦੇ ਹੋਏ ਆਪਣੀਆਂ ਅਗਲੇਰੀਆਂ ਜਮਾਤਾਂ ਲਈ ਅੱਗੇ ਵੱਧ ਰਹੇ ਹਨ।

## ਸੰਤ ਬਾਬਾ ਘਾਲਾ ਸਿੰਘ ਨੇ ਦਿਉਲ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਸੰਤ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਪਿੰਡ ਕ੍ਰਿਪਾਲ ਸਿੰਘ ਵਾਲਾ ਪਹੁੰਚ ਕੇ ਸੀਨੀਅਰ ਐਡਵੋਕੇਟ ਜਗਜੀਤ ਸਿੰਘ ਢਿੱਲੋਂ ਦੇ ਸੀਨੀਅਰ ਕਲਰਕ ਗੁਰਮੇਲ ਸਿੰਘ ਦਿਉਲ ਦੇ ਪਰਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟ ਕਰਦਿਆ ਜੁੜੀਆਂ ਯਾਦਾਂ ਨੂੰ ਸਾਂਝਾ ਕੀਤਾ।ਸੰਤ ਬਾਬਾ ਘਾਲਾ ਸਿੰਘ ਨੇ ਕਿਹਾ ਕਿ ਉਨ੍ਹਾਂ ਸਖਤ ਮਿਹਨਤ ਨਾਲ ਆਪਣੇ ਬੱਚਿਆਂ ਨੂੰ ਉਚ ਸਿੱਖਿਆ ਹਾਸਲ ਕਰਵਾ ਕੇ ਦੇਸ਼ਾਂ ਵਿਦੇਸ਼ਾਂ ਵਿੱਚ ਸੈੱਟਲ ਕੀਤਾ।ਉਨ੍ਹਾਂ ਦੀ ਯੋਗ ਅਗਵਾਈ ਹੇਠ ਬੇਟਾ ਗੁਰਦੀਪ ਸਿੰਘ ਦਿਉਲ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਦੀ ਇੱਕ ਨਾਮਵਰ ਸੰਸਥਾ ਵਿੱਚ ਵੱਡੇ ਅਹੁਦੇ 'ਤੇ ਬਿਰਾਜਮਾਨ ਹੋ ਕੇ ਨਾਂਅ ਰੌਸ਼ਨ ਕਰ ਰਿਹਾ ਹੈ।ਜੋ ਸਾਡੇ ਸਾਰਿਆਂ ਲਈ ਵੱਡੇ ਮਾਣ ਵਾਲੀ ਗੱਲ ਹੈ। ਦੋਵੇਂ ਧੀਆਂ ਦੇਸ਼ ਵਿਦੇਸ਼ ਵਿੱਚ ਆਪਣੀ ਕਾਬਲੀਅਤ ਦੇ ਬਲਬੂਤੇ ਪਰਵਾਰਾਂ ਸਮੇਤ ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਸੰਤ ਬਾਬਾ ਘਾਲਾ ਸਿੰਘ ਨਾਨਕਸਰ ਨੇ ਦੱਸਿਆ ਕਿ ਉਨ੍ਹਾਂ ਦਾ ਸੀਨੀਅਰ ਕਲਰਕ ਗੁਰਮੇਲ ਸਿੰਘ ਦਿਉਲ ਨਾਲ ਪਿਛਲੇ ਚਾਰ ਦਹਾਕਿਆਂ ਤੋਂ ਪਿਆਰ ਬਣਿਆ ਆ ਰਿਹਾ ਹੈ।ਉਹ ਹਮੇਸ਼ਾ ਹੀ ਚੜ੍ਹਦੀ ਕਲਾ 'ਚ ਰਹਿਣ ਵਾਲੇ ਇਨਸਾਨ ਸਨ।ਉਨ੍ਹਾਂ ਦੇ ਬੇਵਕਤ ਵਿਛੋੜੇ ਨਾਲ ਸਮੂਹ ਦਿਉਲ ਪਰਵਾਰ, ਰਿਸ਼ਤੇਦਾਰਾਂ, ਸਮੂਹ ਸਨੇਹੀਆਂ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਸੰਤ ਬਾਬਾ ਘਾਲਾ ਸਿੰਘ ਨੇ ਸਮੂਹ ਨਾਨਕਸਰ ਸੰਪਰਦਾਇ ਵਲੋਂ ਦਿਉਲ ਪਰਵਾਰ ਨਾਲ ਹਮਦਰਦੀ ਜ਼ਾਹਰ ਕਰਦਿਆ ਹਰ ਸਮੇਂ ਸਹਿਯੋਗ ਦਾ ਵਿਸ਼ਵਾਸ ਦੁਆਇਆ।

## ਹਨੀ ਫੱਤਣਵਾਲਾ ਨੇ ਬਲਜੀਤ ਕੌਰ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ

**ਸ੍ਰੀ ਮੁਕਤਸਰ ਸਾਹਿਬ (ਪੂਜਾ)**-ਪਿੰਡ ਧੂਲਕੋਟ ਨਿਵਾਸੀ ਬਲਜੀਤ ਕੌਰ ਪਤਨੀ ਸਵ. ਦਰਸ਼ਨ ਸਿੰਘ ਜਿਨ੍ਹਾ ਦਾ ਬੀਤੇਂ ਦਿਨੀਂ ਦੇਹਾਂਤ ਹੋ ਗਿਆ ਸੀ, ਉਨ੍ਹਾਂ ਦੇ ਦੇਹਾਂਤ 'ਤੇ ਮ੍ਰਿਤਕ ਦੇ ਪੁੱਤਰ ਪਰਮਿੰਦਰ ਚੀਮਾ ਤੇ ਨਿਰਮਲ ਚੀਮਾ ਨਾਲ ਅਫਸੋਸ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਦੁਖੀ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਬੀਬੀ ਬਲਜੀਤ ਕੌਰ ਦੇ ਚਲੇ ਜਾਣ ਨਾਲ ਪਰਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਇਸ ਮੌਕੇ ਰਾਜਵਿੰਦਰ ਸਿੰਘ ਹਰੀਕੇ ਕਲਾਂ ਤੇ ਜਗਸੀਰ ਸਿੰਘ ਚੱਕ ਗਾਂਧਾ ਸਿੰਘ ਵਾਲਾ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਹਾਜ਼ਰ ਸਨ।

## ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਰਾਏਕੋਟ (ਇਕਬਾਲ ਸਿੰਘ ਫੇਰੂਰਾਈ)**-ਸਥਾਨਕ ਸ਼ਹਿਰ ਦੇ ਅਹਿਮਦਗੜ੍ਹ ਰੋਡ 'ਤੇ ਇੱਕ ਤੇਜ਼ ਰਫਤਾਰ ਸਕਾਰਪੀਓ ਗੱਡੀ ਦੀ ਲਪੇਟ ਵਿੱਚ ਆਉਣ ਨਾਲ ਵਾਪਰੇ ਭਿਆਨਕ ਸੜਕ ਹਾਦਸੇ 'ਚ ਪਿੰਡ ਭੈਣੀ ਦਰੇੜਾ ਦੇ ਤਕਰੀਬਨ 25 ਸਾਲਾ ਨੌਜਵਾਨ ਦੀ ਮੌਤ ਹੋ ਜਾਣ ਦੀ ਖਬਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਭੈਣੀ ਦਰੇੜਾ ਦਾ ਨੌਜਵਾਨ ਪ੍ਰਭਜੋਤ ਸਿੰਘ ਪੁੱਤਰ ਲਖਵਿੰਦਰ ਸਿੰਘ ਸਵੇਰੇ 8 ਵਜੇ ਦੇ ਕਰੀਬ ਐਕਟਿਵਾ 'ਤੇ ਪਿੰਡ ਭੈਣੀ ਦਰੇੜਾ ਤੋਂ ਰਾਏਕੋਟ ਵੱਲ ਆ ਰਿਹਾ ਸੀ, ਪਰ ਜਦੋਂ ਉਹ ਅਹਿਮਦਗੜ੍ਹ ਰੋਡ 'ਤੇ ਦੀਪ ਕੰਬਾਈਨ ਵਰਕਸ਼ਾਪ ਨੇੜੇ ਪਹੁੰਚਿਆ ਤਾਂ ਸਾਹਮਣੇ ਰਾਏਕੋਟ ਸਾਈਡ ਤੋਂ ਤੇਜ਼ ਰਫਤਾਰ ਨਾਲ ਆ ਰਹੀ ਸਕਾਰਪੀਓ ਗੱਡੀ ਪੀ ਬੀ 31 ਬੀ 8824 ਨੇ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਪ੍ਰਭਜੋਤ ਸਿੰਘ ਦੀ ਮੌਤ ਹੋ ਗਈ।ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਦਰ ਰਾਏਕੋਟ ਦੀ ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ।ਇਸ ਘਟਨਾ ਸਬੰਧੀ ਜਦੋਂ ਜਾਂਚ ਅਧਿਕਾਰੀ ਏ ਐੱਸ ਆਈ ਪਰਮਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਸਕਾਰਪੀਓ ਚਾਲਕ ਜਾਨਦੀਪ ਸਿੰਘ ਵਾਸੀ ਜੰਡ ਖਿਲਾਫ ਮੁਕੱਦਮਾ ਦਰਜ ਕਰ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।ਵਾਪਰੇ ਸੜਕ ਹਾਦਸੇ ਨੌਜਵਾਨ ਪ੍ਰਭਜੋਤ ਸਿੰਘ ਦੀ ਮੌਤ ਤੋਂ ਬਾਅਦ ਪਿੰਡ ਭੈਣੀ ਦਰੇੜਾ 'ਚ ਮਾਤਮ ਛਾ ਗਿਆ।

## ਡੱਲੇਵਾਲ ਦੀ ਤੰਦਰੁਸਤੀ ਤੇ ਮੋਰਚੇ ਦੀ ਚੜ੍ਹਦੀ ਕਲਾ ਲਈ ਸਹਿਜ ਪਾਠ ਦੇ ਭੋਗ ਪਾਏ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਕਿਸਾਨੀ ਮੰਗਾਂ ਨੂੰ ਲੈ ਕੇ ਖਨੌਰੀ ਕਿਸਾਨ ਮੋਰਚੇ 'ਤੇ ਮਰਨ ਵਰਤ 'ਤੇ ਬੈਠੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੇ ਸੂਬਾ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਤੰਦਰੁਸਤੀ ਤੇ ਮੋਰਚੇ ਦੀ ਚੜ੍ਹਦੀ ਕਲਾ ਲਈ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਪਿੰਡ ਲਹਿਰਾ ਮੁਹੱਬਤ ਵਾਸੀਆਂ ਵੱਲੋਂ ਸਥਾਨਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ।

ਗੁਰੂ ਘਰ ਦੇ ਮੁੱਖ ਗ੍ਰਥੀ ਭਾਈ ਭੋਲਾ ਸਿੰਘ ਵੱਲੋਂ ਸ੍ਰ. ਡੱਲੇਵਾਲ ਦੀ ਸਿਹਤਯਾਬੀ, ਚੱਲ ਰਹੇ ਕਿਸਾਨ ਮੋਰਚੇ ਦੀ ਕਾਮਯਾਬੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਾਬਕਾ ਪੰਚ ਸੱਤਪਾਲ ਸਿੰਘ, ਦਲਜੀਤ ਸਿੰਘ, ਕਿਸਾਨ ਆਗੂ ਬਲਵੀਰ ਸਿੰਘ, ਚਮਕੌਰ ਸਿੰਘ, ਹਰਨੇਕ ਸਿੰਘ, ਪੁਸ਼ਵਿੰਦਰ ਸਿੰਘ ਗੋਂਦਾ, ਜਸਪਾਲ ਸਿੰਘ, ਜਗਜੀਤ ਸਿੰਘ, ਜਗਰੋਸ਼ਨ ਸਿੰਘ ਸਮੇਤ ਹੋਰ ਬੀਬੀਆਂ ਭੈਣਾਂ ਤੇ ਨਗਰ ਵਾਸੀ ਹਾਜ਼ਰ ਸਨ।

## ਮਿੱਟੀ ਦੀ ਸਿਹਤ ਸੁਧਾਰਨ ਦਾ ਬੀੜਾ ਚੁੱਕਿਆ ਡਾ. ਅਸ਼ਵਨੀ ਵਾਟਸ ਨੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਅਬੋਹਰ ਦੇ ਡਾ. ਅਸ਼ਵਨੀ ਵਾਟਸ ਡਾਕਟਰੀ ਦਾ ਪੇਸ਼ਾ ਛੱਡ ਕੇ ਖੇਤਾਂ ਦੇ ਮਿੱਟੀ ਦੀ ਸਿਹਤ ਸੁਧਾਰਨ ਦੇ ਕਾਰਜ ਵਿੱਚ ਲੱਗੇ ਹੋਏ ਹਨ।ਉਨ੍ਹਾਂ ਨੇ ਸਰਕਾਰ ਤੇ ਨਵੀਨੀਕਰਨ ਊਰਜਾ ਮੰਤਰਾਲੇ ਦੇ ਸਹਿਯੋਗ ਨਾਲ ਅਬੋਹਰ ਨੇੜੇ ਪਿੰਡ ਚੱਕ ਕਾਲਾ ਟਿੱਬਾ ਵਿਖੇ ਪਸ਼ੂਆਂ ਦੇ ਗੋਬਰ ਤੋਂ ਐੱਨਆਰਓਬਿਕ ਡਾਈਜੈਸਟਰ ਰਾਹੀਂ ਵਧੀਆ ਖਾਦ ਬਣਾਉਣ ਦਾ ਪ੍ਰੋਜੈਕਟ ਲਗਾਇਆ ਹੈ।ਡਾ. ਅਸ਼ਵਨੀ ਵਾਟਸ ਆਪਣੇ ਇਸ ਪ੍ਰੋਜੈਕਟ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ ਕਿ ਸਰਕਾਰ ਦੇ ਸਹਿਯੋਗ ਨਾਲ ਲੱਗੇ ਇਸ ਪ੍ਰੋਜੈਕਟ ਵਿੱਚ ਮੱਝਾਂ ਗਾਵਾਂ ਦੇ ਗੋਬਰ ਨੂੰ ਐੱਨਆਰਓਬਿਕ ਡਾਈਜੈਸਟਰ ਰਾਹੀਂ 60 ਦਿਨਾਂ ਵਿੱਚ ਇੱਕ ਉੱਤਮ ਖਾਦ ਵਿੱਚ ਤਬਦੀਲ ਕੀਤਾ ਜਾਂਦਾ ਹੈ।ਉਹ ਦੱਸਦੇ ਹਨ ਕਿ ਇਸ ਦੌਰਾਨ ਸੀਐੱਨਜੀ ਗੈਸ ਵੀ ਪੈਦਾ ਹੁੰਦੀ ਹੈ।ਡਾ. ਵਾਟਸ ਆਖਦੇ ਹਨ ਕਿ ਸਾਡੀ ਜ਼ਮੀਨ ਵਿੱਚ ਕਾਰਬਨਿਕ ਮਾਦੇ ਦੀ ਬਹੁਤ ਘਾਟ ਹੈ, ਜਿਸ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਰਹੀ ਹੈ।ਇਸ ਕਾਰਬਨਿਕ ਮਾਦੇ ਨੂੰ ਜ਼ਮੀਨ ਵਿੱਚ ਵਧਾਉਣ ਲਈ ਐੱਨਆਰਓਬਿਕ ਡਾਈਜੈਸਟਰ ਰਾਹੀਂ ਤਿਆਰ ਗੋਹੇ ਦੀ ਖਾਦ ਬਹੁਤ ਹੀ ਉਪਯੋਗੀ ਸਿੱਧ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਖਾਦ ਵਿੱਚ ਬਹੁਤ ਸਾਰੇ ਉਪਯੋਗੀ ਬੈਕਟੀਰੀਆ ਹੁੰਦੇ ਹਨ, ਜੋ ਜ਼ਮੀਨ ਵਿੱਚ ਪਏ ਹੋਏ ਤੱਤਾਂ ਨੂੰ ਵੀ ਪੌਦਿਆਂ ਨੂੰ ਉਪਲਬਧ ਕਰਾਉਣ ਵਿੱਚ ਸਹਾਈ ਹੁੰਦੇ ਹਨ।ਉਹ ਆਖਦੇ ਹਨ ਕਿ ਉਹ ਇਸ ਖਾਦ ਰਾਹੀਂ ਸੇਮ ਤੇ ਕਲਰ ਵਾਲੀ ਜ਼ਮੀਨ ਵਿੱਚ ਵੀ ਔਰਗੈਨਿਕ ਤਰੀਕੇ ਨਾਲ ਫਸਲਾਂ ਦੀ ਪੈਦਾਵਾਰ ਲੈ ਰਹੇ ਹਨ।

## ਸੜਕ ਹਾਦਸੇ 'ਚ ਜ਼ਖਮੀਂ ਦੀ ਇਲਾਜ ਦੌਰਾਨ ਮੌਤ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਨਜ਼ਦੀਕੀ ਪਿੰਡ ਬਾਜੀਦਪੁਰ ਕੋਲ ਹੋਏ ਸੜਕ ਹਾਦਸੇ ਵਿੱਚ ਇੱਕ ਜ਼ਖਮੀਂ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਇਕ ਕਾਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕੁਲਬੀਰ ਚੰਦ ਪੁੱਤਰ ਕਸ਼ਮੀਰਾ ਵਾਸੀ ਪਿੰਡ ਬਾਜੀਦਪੁਰ ਨੇ ਦੱਸਿਆ ਕਿ ਉਹ ਤੇ ਉਸ ਦਾ ਪਿਤਾ ਕਸ਼ਮੀਰਾ (70 ਸਾਲ) ਪੁੱਤਰ ਸ਼ਫੀ ਵਾਸੀ ਪਿੰਡ ਬਾਜੀਦਪੁਰ ਗੁਰਦੁਆਰਾ ਜਾਮਨੀ ਸਾਹਿਬ ਪਿੰਡ ਬਾਜੀਦਪੁਰ ਵਿਖੇ ਮੱਥਾ ਟੇਕ ਕੇ ਘਰ ਵਾਪਸ ਜਾ ਰਹੇ ਸੀ, ਜਦ ਉਹ ਕਾਲੇ ਹਲਵਾਈ ਦੀ ਦੁਕਾਨ ਪਾਸ ਪੁੱਜੇ ਤਾਂ ਇਕ ਹਾਂਡਾ ਸਿਟੀ ਕਾਰ, ਜਿਸ ਨੂੰ ਵਿਸ਼ਾਲ ਪੁੱਤਰ ਮੰਗਤ ਰਾਮ ਵਾਸੀ ਪਿੰਡ ਬਾਜੀਦਪੁਰ ਚਲਾ ਰਿਹਾ ਸੀ, ਨੇ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਉਸ ਦੇ ਪਿਤਾ ਕਸ਼ਮੀਰਾ ਵਿੱਚ ਮਾਰੀ। ਇਸ ਹਾਦਸੇ ਵਿੱਚ ਉਸ ਦੇ ਪਿਤਾ ਦੇ ਜ਼ਿਆਦਾ ਸੱਟਾਂ ਲੱਗ ਗਈਆਂ, ਜਿਸ ਨੂੰ ਇਲਾਜ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਕਾਰ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

...ਸ.ਫ਼ਾ 1 ਦੇ ਬਾਕੀ

### ਅਮਰੀਕੀ ਸੁਫਨੇ...

ਦੀ ਯੋਜਨਾ ਸੀ। ਜ਼ਿਆਦਾਤਰ ਵਿਰੋਧ ਪ੍ਰਦਰਸ਼ਨ ਰਾਜਧਾਨੀਆਂ ਵਿੱਚ ਕੀਤੇ ਜਾਣੇ ਸਨ। ਅੰਦੋਲਨ ਦੀਆਂ ਸੋਸ਼ਲ ਮੀਡੀਆ 'ਤੇ ਵੈੱਬਸਾਈਟਾਂ 'ਚ 'ਫਾਸ਼ੀਵਾਦ ਨੂੰ ਰੱਦ ਕਰੋ' ਅਤੇ 'ਸਾਡੇ ਲੋਕਤੰਤਰ ਦੀ ਰੱਖਿਆ' ਵਰਗੇ ਸੰਦੇਸ਼ ਚਲਾਏ ਗਏ ਹਨ। ਮਿਸ਼ੀਗਨ 'ਚ ਇਹ ਪੋਸਟਰ ਲਾਏ ਗਏ— 'ਕੋਈ ਦੇਸ਼ ਨਿਕਾਲਾ ਨਹੀਂ!' ਅਤੇ 'ਵਰਕਰਜ਼ ਇੱਕਜੁੱਟ ਹੋਵੋ! ਟਰੰਪ ਨੇ ਆਪਣੇ ਨਵੇਂ ਕਾਰਜਕਾਲ ਦੇ ਪਹਿਲੇ ਦੋ ਹਫ਼ਤਿਆਂ ਵਿੱਚ ਵਪਾਰ ਅਤੇ ਇਮੀਗ੍ਰੇਸ਼ਨ ਤੋਂ ਲੈ ਕੇ ਜਲਵਾਯੂ ਤਬਦੀਲੀ ਤੱਕ ਹਰ ਚੀਜ਼ 'ਤੇ ਕਾਰਜਕਾਰੀ ਹੁਕਮਾਂ ਦੀ ਇੱਕ ਲੜੀ 'ਤੇ ਦਸਤਖਤ ਕੀਤੇ ਹਨ। ਜਿਵੇਂ-ਜਿਵੇਂ ਡੈਮੋਕਰੇਟਸ ਨੇ ਟਰੰਪ ਦੇ ਏਜੰਡੇ ਦੇ ਵਿਰੋਧ ਵਿੱਚ ਆਵਾਜ਼ ਉਠਾਉਣੀ ਸ਼ੁਰੂ ਕੀਤੀ ਹੈ, ਵਿਰੋਧ ਪ੍ਰਦਰਸ਼ਨ ਵੀ ਸ਼ੁਰੂ ਹੋ ਗਏ ਹਨ। ਐਤਵਾਰ ਨੂੰ ਹਜ਼ਾਰਾਂ ਲੋਕਾਂ ਨੇ ਦੱਖਣੀ ਕੈਲੀਫੋਰਨੀਆ ਵਿੱਚ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਲਈ ਟਰੰਪ ਦੀ ਯੋਜਨਾ ਦੇ ਵਿਰੁੱਧ ਮਾਰਚ ਕੀਤਾ, ਜਿਸ ਵਿੱਚ ਡਾਊਨਟਾਊਨ ਲਾਸ ਏਂਜਲਸ ਵੀ ਸ਼ਾਮਲ ਹੈ।

# ਫਾਇਰਿੰਗ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ 2 ਮੁਲਜ਼ਮ ਪਿਸਟਲ ਸਮੇਤ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੀ.ਜੀ.ਪੀ. ਪੰਜਾਬ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਅਜੇ ਗਾਂਧੀ ਐੱਸ.ਐੱਸ.ਪੀ. ਮੋਗਾ ਦੇ ਦਿਸ਼ਾ ਨਿਰਦੇਸ਼ਾ ਹੇਠ ਬਾਲ ਕ੍ਰਿਸ਼ਨ ਸਿੰਗਲਾ, ਐੱਸ.ਪੀ. ਡੀ ਮੋਗਾ, ਲਵਦੀਪ ਸਿੰਘ ਡੀ.ਐੱਸ.ਪੀ. ਡੀ ਮੋਗਾ, ਰਵਿੰਦਰ ਸਿੰਘ ਡੀ.ਐਸ.ਪੀ. ਸਿਟੀ ਮੋਗਾ ਦੀ ਰਹਿਨੁਮਾਈ ਹੇਠ ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਸੀ.ਆਈ.ਏ. ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ ਪਿਛਲੇ ਦਿਨੀਂ ਹੋਈ ਫਾਇਰਿੰਗ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ 02 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬੀਤੀ 3 ਫਰਵਰੀ 2025 ਨੂੰ ਪੀੜਤ ਨੇ ਆਪਣਾ ਬਿਆਨ ਦਰਜ ਕਰਵਾਇਆ ਕਿ 3 ਫਰਵਰੀ 2025 ਨੂੰ ਦੋ ਨੌਜਵਾਨ ਨਾ ਮਾਲੂਮ ਮੋਨੇ ਵਿਅਕਤੀ ਨੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਉਸ ਦੀ ਦੁਕਾਨ ਤੇ ਕਰੀਬ ਸ਼ਾਮ 5.20 'ਤੇ ਮਾਰ ਦੇਣ ਦੀ ਨੀਅਤ ਨਾਲ ਫਾਇਰ ਕੀਤੇ, ਜੋ ਫਾਇਰ ਵੱਜਣ ਕਾਰਨ ਦੁਕਾਨ ਦੇ ਸ਼ੀਸ਼ੇ ਟੁੱਟ ਹਨ। ਜਿਸ 'ਤੇ ਮੁਕੱਦਮਾ ਨੰਬਰ 27 ਮਿਤੀ 03-02-2025 ਅ/ਧ 111, 111(2), 109,308(2),308(3), 308(5) ਬੀ.ਐੱਨ.ਐੱਸ, 25(6), (7), (8) ਅਸਲਾ ਐਕਟ ਥਾਣਾ ਸਿਟੀ ਸਾਊਥ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ। ਹਿਊਮਨ ਇੰਟੈਲੀਜੈਂਸ ਤੇ ਤਕਨੀਕੀ ਮਦਦ ਨਾਲ ਮੁਕੱਦਮਾ ਦੀ ਤਫਤੀਸ਼ ਦੌਰਾਨ ਹਰਵਿੰਦਰ ਸਿੰਘ ਉਰਫ ਨੰਨੂ ਪੁੱਤਰ ਸੁਖਪਾਲ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਕੂੰਮ ਕਲਾਂ ਜ਼ਿਲ੍ਹਾ ਲੁਧਿਆਣਾ ਤੇ ਗੁਰਦੀਪ ਸਿੰਘ ਉਰਫ ਲਾਡੀ ਪੁੱਤਰ ਗੁਰਜੀਤ ਸਿੰਘ ਪੁੱਤਰ ਬਾਰੂ ਸਿੰਘ ਵਾਸੀ ਬੱਲੀਏਵਾਲ ਤਹਿ. ਕੂੰਮ ਕਲਾਂ ਜ਼ਿਲ੍ਹਾ ਲੁਧਿਆਣਾ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਪਾਸੋਂ ਵਾਰਦਾਤ ਸਮੇਂ ਵਰਤਿਆ ਗਿਆ ਮੋਟਰਸਾਈਕਲ ਤੇ ਇੱਕ ਪਿਸਟਲ 32 ਬੋਰ ਸਮੇਤ 3 ਜ਼ਿੰਦਾ ਰੌਂਦ ਨਜਾਇਜ਼ ਬਰਾਮਦ ਕੀਤਾ ਗਿਆ। ਮੁੱਢਲੀ ਤਫਤੀਸ਼ ਤੋਂ ਪਾਇਆ ਗਿਆ ਕਿ ਉਕਤ ਵਿਅਕਤੀ ਵੱਲੋਂ ਵਿਦੇਸ਼ ਬੈਠੇ ਕਿਸੇ ਵਿਅਕਤੀ ਦੇ ਇਸ਼ਾਰਿਆਂ 'ਤੇ ਉਕਤ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ। ਦੋਸ਼ੀਆਂ ਨੂੰ ਅੱਜ ਅਦਾਲਤ ਵਿੱਚ ਪੇਸ਼ ਕਰਕੇ ਅੱਜ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ। ਮਾਮਲੇ ਦੀ ਤਫਤੀਸ਼ ਜਾਰੀ ਹੈ।

## ਕੁੱਟਮਾਰ ਕਰਨ ਦੇ ਦੋਸ਼ 'ਚ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਮਾਨੋਚਾਹਲ ਵਿਖੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਥਾਣਾ ਮੱਲਾਂਵਾਲਾ ਪੁਲਸ ਨੇ 4 ਬਾਏ ਨੇਮ ਵਿਅਕਤੀਆਂ ਅਤੇ 2 ਅਣਪਛਾਤੇ ਵਿਅਕਤੀਆਂ ਖਿਲਾਫ 118 (1), 3 (5) ਬੀਐੱਸਐੱਨ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਧਰਮਪ੍ਰੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਮਾਨੋਚਾਹਲ ਨੇ ਦੱਸਿਆ ਕਿ 31 ਜਨਵਰੀ ਨੂੰ ਉਹ ਤੇ ਉਸ ਦਾ ਦੋਸਤ ਵਿਸ਼ਾਲ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਮਾਨੋਚਾਹਲ ਜੋ ਪਿੰਡ ਦੀ ਧਰਮਸ਼ਾਲਾ ਦੇ ਕੋਲ ਚੌਂਕ ਵਿਚ ਖੜੇ ਸੀ ਤਾਂ ਦੋਸ਼ੀਅਨ ਗੁਰਸੇਵਕ ਸਿੰਘ ਉਰਫ ਮਿੱਠੀ ਪੁੱਤਰ ਪ੍ਰੇਮ ਸਿੰਘ, ਜਸਪਾਲ ਸਿੰਘ ਉਰਫ ਚੋਚੀ ਪੁੱਤਰ ਰਾਣਾ ਸਿੰਘ ਵਾਸੀਅਨ ਕਾਲੋਨੀ ਗੁਰਦਿੱਤੀ ਵਾਲਾ, ਵੰਸ਼ ਪੁੱਤਰ ਦੀਪੂ ਵਾਸੀ ਮਾਨੋਚਾਹਲ, ਗੁਰਵੇਜ ਸਿੰਘ ਪੁੱਤਰ ਪੱਪੂ ਵਾਸੀ ਗੁਰਦਿੱਤੀ ਵਾਲਾ, ਮੱਲਾਂਵਾਲਾ ਤੇ 1-2 ਅਣਪਛਾਤੇ ਆਦਮੀਆਂ ਨੇ ਹਮਸ਼ਵਰਾ ਹੋ ਕੇ ਉਸ ਦੇ ਸੱਟਾਂ ਮਾਰੀਆਂ। ਵਜ੍ਹਾ ਰੰਜ਼ਿਸ਼ ਇਹ ਹੈ ਕਿ ਵਿਸ਼ਾਲ ਸਿੰਘ ਤੇ ਦੋਸ਼ੀ ਵੰਸ਼ ਦੀ ਆਪਸ ਵਿੱਚ ਕੁਝ ਦਿਨ ਪਹਿਲਾਂ ਬੋਲ ਬੁਲਾਰਾ ਹੋਇਆ ਸੀ। ਧਰਮਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਜ਼ੀਰਾ ਵਿਖੇ ਚੱਲ ਰਿਹਾ ਸੀ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਬੀ ਕੇ ਯੂ ਏਕਤਾ ਉਗਰਾਹਾਂ ਨੇ ਬਜਟ ਦੀਆਂ ਕਾਪੀਆਂ ਸਾੜੀਆਂ



**ਚੀਮਾ ਮੰਡੀ (ਰਵਿੰਦਰ ਬਾਂਸਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੁਨਾਮ ਵੱਲੋਂ ਬਲਾਕ ਦੇ ਜਰਨਲ ਸਕੱਤਰ ਰਾਮ ਸਰਨ ਸਿੰਘ ਉਗਰਾਹਾਂ ਦੀ ਅਗਵਾਈ 'ਚ ਕਿਸਾਨਾਂ ਵੱਲੋਂ ਬਜਟ 2025-2026 ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੋ ਸੈਂਟਰ ਸਰਕਾਰ ਵੱਲੋਂ ਬਜਟ ਪੇਸ਼ ਕੀਤਾ ਹੈ, ਉਸ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਨੂੰ ਸਿਰਫ਼ ਨਿਰਾਸ਼ਾ ਤੋਂ ਇਲਾਵਾ ਕੁਝ ਵੀ ਨਹੀਂ ਦਿੱਤਾ ਗਿਆ। ਪੰਜਾਬ ਤੇ ਪੂਰੇ ਭਾਰਤ ਦਾ ਕਿਸਾਨ ਤੇ ਮਜ਼ਦੂਰ ਕਰਜ਼ੇ ਦੀ ਮਾਰ ਹੇਠ ਦੱਬਿਆ ਹੋਇਆ ਹੈ, ਇਸ ਕਰਜ਼ੇ ਦੇ ਬੋਝ ਨੂੰ ਨਾ ਝਲਦੇ ਹੋਏ ਕਿਸਾਨ ਤੇ ਮਜ਼ਦੂਰ ਦਿਨੋਂ ਦਿਨ ਖੁਦਖੁਸ਼ੀਆਂ ਕਰ ਰਹੇ ਹਨ, ਐੱਮ ਐੱਸ ਪੀ ਤੇ ਕਰਜ਼ਾ ਮਾਫ਼ੀ ਨੂੰ ਲੈ ਕੇ ਪੰਜਾਬ ਤੇ ਪੂਰੇ ਭਾਰਤ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਮੰਗ ਕਰਦੀਆਂ ਆ ਰਹੀਆਂ ਹਨ ਕਿ ਦੇਸ਼ ਨੂੰ ਡਬਲਯੂ ਟੀ ਓ ਤੋਂ ਬਾਹਰ ਕੱਢ ਕੇ ਕਿਸਾਨਾਂ ਤੇ ਮਜ਼ਦੂਰਾਂ ਪੱਖੀ ਨੀਤੀਆਂ ਬਣਾਈਆਂ ਜਾਣ। ਆਗੂਆਂ ਨੇ ਆਖਿਆ ਕਿ ਜਦੋਂ ਤੱਕ ਸਰਕਾਰਾਂ ਵੱਡੇ ਘਰਾਣਿਆਂ ਦੀ ਚਾਕਰੀ ਕਰਨਗੀਆਂ, ਓਦੋਂ ਤੱਕ ਕਿਸਾਨਾਂ-ਮਜ਼ਦੂਰਾਂ ਪੱਖੀ ਨੀਤੀਆਂ ਨਹੀਂ ਬਣਨਗੀਆਂ। ਇਸ ਮੌਕੇ ਕਈ ਪਿੰਡ ਇਕਾਈਆਂ ਦੇ ਕਿਸਾਨ ਆਗੂ ਹਾਜ਼ਰ ਸਨ।

## ਪਟਵਾਰੀ ਸਵੇਰੇ 9 ਤੋਂ 11 ਵਜੇ ਤੱਕ ਲੋਕਾਂ ਨੂੰ ਮਿਲਣਗੇ : ਡਾ. ਪ੍ਰੀਤੀ ਯਾਦਵ

**ਪਟਿਆਲਾ (ਅਵਤਾਰ ਜਟਾਣਾ)**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਮੂਹ ਪਟਵਾਰੀਆਂ ਨੂੰ ਆਦੇਸ਼ ਜਾਰੀ ਕੀਤੇ ਹਨ ਕਿ ਉਹ ਆਮ ਲੋਕਾਂ ਦੇ ਕੰਮਾਂ-ਕਾਰਾਂ ਲਈ ਸਵੇਰੇ 9 ਵਜੇ ਤੋਂ 11 ਵਜੇ ਤੱਕ ਆਪਣੇ ਦਫ਼ਤਰਾਂ 'ਚ ਲੋਕਾਂ ਨੂੰ ਮਿਲਣਾ ਯਕੀਨੀ ਬਣਾਉਣਗੇ। ਪਟਿਆਲਾ ਜ਼ਿਲ੍ਹੇ ਦੀਆਂ ਸਮੂਹ ਤਹਿਸੀਲਾਂ ਤੇ ਸਬ ਤਹਿਸੀਲਾਂ 'ਚ ਤਾਇਨਾਤ ਪਟਵਾਰੀਆਂ ਨੂੰ ਲਿਖਤੀ ਹੁਕਮ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਆਪਣੇ ਵਰਕ ਸਟੇਸ਼ਨਾਂ 'ਤੇ ਰੋਜ਼ਾਨਾ ਸਵੇਰੇ 9 ਤੋਂ 11 ਵਜੇ ਤੱਕ (ਸਿਵਾਏ ਕਿਸੇ ਕੋਰਟ ਕੇਸ ਜਾਂ ਕਿਸੇ ਹੋਰ ਜ਼ਰੂਰੀ ਦਫ਼ਤਰੀ ਕੰਮ ਦੇ) ਆਮ ਲੋਕਾਂ ਦੇ ਕੰਮਾਂ-ਕਾਰਾਂ ਲਈ ਲੋਕਾਂ ਨੂੰ ਮਿਲਣਗੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਕਿਸੇ ਪਟਵਾਰੀ ਨੇ ਆਪਣੇ ਖੇਤਰ 'ਚ ਕਿਸੇ ਦੌਰੇ 'ਤੇ ਜਾਣਾ ਹੈ ਤਾਂ ਉਹ ਸਵੇਰੇ 11 ਵਜੇ ਤੋਂ ਬਾਅਦ ਜਾਣਗੇ ਤੇ ਪਹਿਲਾਂ ਲੋਕਾਂ ਨੂੰ ਮਿਲ ਕੇ ਤੇ ਉਨ੍ਹਾਂ ਦੇ ਕੰਮਾਂ ਨੂੰ ਨਿਪਟਾਉਣਾ ਯਕੀਨੀ ਬਣਾਉਣਗੇ ਤਾਂ ਕਿ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਉਡੀਕ ਨਾ ਕਰਨੀ ਪਵੇ ਤੇ ਉਹ ਖੱਜਲ ਖੁਆਰ ਨਾ ਹੋਣ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪਟਵਾਰੀ ਦੀ ਕੋਈ ਫੀਲਡ ਜਾਂ ਉੱਚ ਦਫ਼ਤਰਾਂ ਵਿਖੇ ਕੋਈ ਡਿਊਟੀ ਨਹੀਂ ਹੈ ਤਾਂ ਉਹ 11 ਵਜੇ ਤੋਂ ਬਾਅਦ ਵੀ ਆਮ ਲੋਕਾਂ ਦੇ ਕੰਮਾਂ ਲਈ ਦਫ਼ਤਰ ਵਿੱਚ ਹਾਜ਼ਰ ਰਹਿਣਗੇ।

## ਗੁਰਦੁਆਰਾ ਰਵਿਦਾਸ ਜੀ ਦੀ ਦਰਸ਼ਨੀ ਡਿਓੜੀ ਲਈ ਕੌਂਸਲਰ ਸ਼ਿੰਦੀ ਵੱਲੋਂ ਰਾਸ਼ੀ ਭੇਟ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਮੰਦਰ ਪੁਰਾਣੀ ਸਬਜ਼ੀ ਮੰਡੀ ਮਾਛੀਵਾੜਾ ਸਾਹਿਬ ਵਿਖੇ ਨਵੀਂ ਦਰਸ਼ਨੀ ਡਿਓੜੀ ਲਈ ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ ਵੱਲੋਂ ਆਪਣੀ ਨੇਕ ਕਮਾਈ 'ਚੋਂ 31000 ਰੁਪਏ ਦਾਨ ਵਜੋਂ ਭੇਟ ਕੀਤੇ ਗਏ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਮੰਦਰ ਪ੍ਰਬੰਧਕ ਕਮੇਟੀ ਦੇ ਸਮੂਹ ਅਹੁਦੇਦਾਰ ਵੱਲੋਂ ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ ਸਮੇਤ ਸਮਾਜ ਸੇਵੀ ਪਰਮਜੀਤ ਸਿੰਘ ਨੀਲੋਂ, ਡਾਕਟਰ ਮਦਨ ਪਾਲ ਨੂੰ ਵੀ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ ਦਾ ਰਾਸ਼ੀ ਭੇਟ ਕਰਨ 'ਤੇ ਧੰਨਵਾਦ ਪ੍ਰਗਟਾਇਆ। ਕੌਂਸਲਰ ਸ਼ਿੰਦੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਭਵਿੱਖ ਵਿਚ ਸੇਵਾ ਲਈ ਹਾਜ਼ਰ ਰਹਿਣਗੇ।

## ਬੀ ਬੀ ਐੱਸ ਬੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਤੀਯੋਗਤਾਵਾਂ 'ਚ ਭਾਗ ਲਿਆ



**ਜਗਰਾਉਂ (ਸੰਜੀਵ ਅਰੋੜਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ, ਜੋ ਕਿ ਸਿੱਖਿਆ ਦੇ ਨਾਲ-ਨਾਲ ਧਾਰਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਵੀ ਕਰਵਾਉਂਦੀ ਰਹਿੰਦੀ ਹੈ। ਇਸੇ ਲੜੀ ਤਹਿਤ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ਤੇ ਇਨਾਮ ਵੀ ਜਿੱਤੇ। ਸਭ ਤੋਂ ਪਹਿਲਾਂ ਸਕੂਲ ਦੇ ਬੱਚੇ ਐੱਲਆਰਐੱਮ ਕਾਲਜ ਵਿੱਚ ਗਏ, ਜਿੱਥੇ ਕਿ ਰੰਗੋਲੀ, ਮਹਿੰਦੀ, ਲੇਖ ਲਿਖਣ, ਸੁੰਦਰ ਲਿਖਾਈ, ਸਲਾਦ ਬਣਾਉਣ, ਪੋਟ ਪੇਂਟਿੰਗ, ਪੋਸਟਰ ਬਣਾਉਣ ਅਦਿ ਦੇ ਮੁਕਾਬਲੇ ਕਰਵਾਏ ਗਏ। ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਸੁਖਮਨਦੀਪ ਕੌਰ ਤੇ ਐਸ਼ਦੀਪ ਕੌਰ ਨੇ ਸਲਾਦ ਬਣਾਉਣ ਦੇ ਮੁਕਾਬਲੇ ਵਿੱਚ ਕੋਨਸੋਲੇਸ਼ਨ ਇਨਾਮ ਵੀ ਜਿੱਤਿਆ। ਇਸ ਦੇ ਨਾਲ ਹੀ ਸਾਰੇ ਲਗਭਗ 25 ਬੱਚਿਆਂ ਨੂੰ ਪਾਰਟੀਸਿਪੇਸ਼ਨ ਸਰਟੀਫਿਕੇਟ ਵੀ ਮਿਲੇ। ਇਨ੍ਹਾਂ ਇਨਾਮਾਂ ਤੇ ਸਰਟੀਫਿਕੇਟਾਂ ਨੂੰ ਪ੍ਰਾਪਤ ਕਰਕੇ ਬਹੁਤ ਹੀ ਖੁਸ਼ ਨਜ਼ਰ ਆ ਰਹੇ ਸਨ। ਇਨ੍ਹਾਂ ਬੱਚਿਆਂ ਦੇ ਸਕੂਲ ਆਉਣ 'ਤੇ ਪ੍ਰਿੰਸਪਲ ਮੈਡਮ ਮੋਨਾ ਠਾਕੁਰ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ ਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ ਗਈ। ਇਸ ਮੌਕੇ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਮੈਨੇਜਰ ਗਗਨਦੀਪ ਬਾਵਾ ਹਾਜ਼ਰ ਸਨ।

## ਕਿਰਤੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਫਲਾਵਰ ਸੀਡ ਫ਼ਾਰਮ ਦਾ ਦੌਰਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵੱਲੋਂ ਪੰਜਾਬ ਸਰਕਾਰ ਤੋਂ ਪ੍ਰਾਪਤ ਗਰਾਂਟ ਵਿੱਚੋਂ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਮੁਤਾਬਕ ਵਿਦਿਆਰਥੀਆਂ ਨੂੰ ਵੋਕੇਸ਼ਨਲ ਐਂਡ ਸਕਿਲ ਓਰੀਐਂਟਡ ਐਜੂਕੇਸ਼ਨ ਦੇਣ ਲਈ ਪ੍ਰਿੰਸੀਪਲ ਗੁਰਵੀਨ ਕੌਰ ਦੀ ਅਗਵਾਈ ਹੇਠ ਫੁੱਲਾਂ ਦੀ ਖੇਤੀ ਸਬੰਧੀ ਜਾਣਕਾਰੀ ਦੇਣ ਲਈ ਖਹਿਰਾ ਫਲਾਵਰ ਸੀਡ ਫਰਮ ਨਾਭਾ ਦਾ ਦੌਰਾ ਕਰਵਾਇਆ।ਇਸ ਦੌਰਾਨ ਵਿਦਿਆਰਥੀਆਂ ਨੂੰ ਰਵਾਨਾ ਕਰਨ ਸਮੇਂ ਕਾਲਜ ਪ੍ਰਿੰਸੀਪਲ ਗੁਰਵੀਨ ਕੌਰ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਖੇਤੀ ਨੂੰ ਵਿਗਿਆਨਕ ਢੰਗ ਨਾਲ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਕਾਲਜ ਵੱਲੋਂ ਸਮੇਂ ਸਮੇਂ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਵੋਕੇਸ਼ਨਲ ਤੇ ਸਕਿੱਲ ਸਿਖਲਾਈ ਲਈ ਪ੍ਰੇਰਿਤ ਕੀਤਾ ਜਾਂਦਾ ਹੈ।ਇਸ ਦੌਰਾਨ ਪ੍ਰੋਫੈਸਰ ਜਸਵਿੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਰਤਮਾਨ ਸਮੇਂ ਵਿੱਚ ਬਦਲਦੇ ਹਾਲਾਤਾਂ ਨੂੰ ਦੇਖਦਿਆਂ ਖੇਤੀ ਨੂੰ ਵਧੇਰੇ ਲਾਹੇਵੰਦ ਬਣਾਉਣ ਲਈ ਅੱਜ ਉੱਦਮੀ ਕਿਸਾਨਾਂ ਨਾਲ ਫੁੱਲਾਂ ਦੀ ਖੇਤੀ ਕਰਨਾ ਸਿਖਾਇਆ ਜਾਵੇਗਾ। ਇਸ ਮੌਕੇ ਉੱਦਮੀ ਕਿਸਾਨ ਸ਼ਰਨਪ੍ਰੀਤ ਸਿੰਘ ਤੇ ਬਲਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਫੁੱਲਾਂ ਦੀ ਖੇਤੀ ਕਰਨ ਦੀ ਜਾਣਕਾਰੀ ਦਿੱਤੀ।ਇਸ ਮੌਕੇ ਪ੍ਰੋਫੈਸਰ ਮਨਿੰਦਰ ਸਿੰਘ, ਪ੍ਰੋ. ਸੰਦੀਪ ਕੌਰ, ਪ੍ਰੋ. ਗੁਰਜੀਤ ਨਿਰਮਾਣ ਆਦਿ ਹਾਜ਼ਰ ਸਨ।

## ਮੁਕਤਸਰ ਹਲਕੇ 'ਚੋਂ 60 ਹਜ਼ਾਰ ਦੀ ਭਰਤੀ ਕੀਤੀ ਜਾਵੇ : ਹਨੀ ਫੱਤਣਵਾਲਾ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਗਈ ਭਰਤੀ ਮੁਹਿੰਮ ਤਹਿਤ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਪਿੰਡ ਲੁਬਾਣਿਆਂਵਾਲੀ ਸਥਿਤ ਡੇਰਾ ਬਾਬਾ ਦਿਆਲ ਜੀ ਵਿਖੇ 31 ਪਿੰਡਾਂ ਦੇ ਅਕਾਲੀ ਵਰਕਰਾਂ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਲਗਭਗ 300 ਦੇ ਕਰੀਬ ਅਕਾਲੀ ਵਰਕਰ ਹਾਜ਼ਰ ਹੋਏ।ਇਸ ਮੌਕੇ ਸੰਬੋਧਨ ਕਰਦਿਆਂ ਰੋਜ਼ੀ ਬਰਕੰਦੀ ਨੇ ਕਿਹਾ ਕਿ 20 ਫਰਵਰੀ ਤੋਂ ਪਹਿਲਾਂ ਭਰਤੀ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।ਉਨ੍ਹਾਂ ਹਰੇਕ ਵਰਕਰ ਨੂੰ ਵੱਧ ਤੋਂ ਵੱਧ ਭਰਤੀ ਕਰਨ ਦੀ ਅਪੀਲ ਕੀਤੀ।ਆਪਣੇ ਸੰਬੋਧਨ ਦੌਰਾਨ ਹਨੀ ਫੱਤਣਵਾਲਾ ਨੇ ਕਿਹਾ ਕਿ ਮੁਕਤਸਰ ਹਲਕੇ ਵਿੱਚੋਂ 60 ਹਜ਼ਾਰ ਦੀ ਭਰਤੀ ਕੀਤੀ ਜਾਵੇ।ਹਨੀ ਫੱਤਣਵਾਲਾ ਨੇ ਕਿਹਾ ਕਿ ਮੇਲਾ ਮਾਘੀ ਦੀ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਵਿੱਚ ਲੋਕਾਂ ਦੀ ਵੱਡੀ ਹਾਜ਼ਰੀ ਨੇ ਇਹ ਦੱਸ ਦਿੱਤਾ ਕਿ ਪੰਜਾਬ ਦੇ ਲੋਕ ਅਕਾਲੀ ਦਲ ਦੀ ਸਰਕਾਰ ਚਾਹੁੰਦੇ ਹਨ।ਉਨ੍ਹਾ ਕਿਹਾ ਕਿ ਅਕਾਲੀ ਦਲ ਦੇ ਵਰਕਰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ ਹਨ ਤੇ ਮੈਂ ਉਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਮੁਕਤਸਰ ਹਲਕੇ ਵਿੱਚੋ 60000 ਵਰਕਰਾਂ ਦੀ ਭਰਤੀ ਕੀਤੀ ਜਾਵੇ। ਇਸ ਮੌਕੇ ਗੁਰਦੀਪ ਸਿੰਘ ਮੜ੍ਹਮੱਲੂ, ਪੂਰਨ ਸਿੰਘ ਲੰਡੇ ਰੋਡੇ, ਬਿੰਦਰ ਸਿੰਘ ਗੋਨਿਆਣਾ, ਜਗਜੀਤ ਸਿੰਘ ਜੱਗਾ ਸਰਪੰਚ, ਦਲਜੀਤ ਸਿੰਘ ਰੰਧਾਵਾ, ਹਕੀਕਤ ਸਿੰਘ ਲੁਬਾਣਿਆਂਵਾਲੀ, ਅਵਤਾਰ ਸਿੰਘ ਸਰਪੰਚ ਮੁਕੰਦ ਸਿੰਘ ਵਾਲਾ ਤੇ ਹੋਰ ਵੱਡੀ ਗਿਣਤੀ 'ਚ ਅਕਾਲੀ ਵਰਕਰਰ ਹਾਜ਼ਰ ਸਨ।

## ਬਨਸਪਤੀ ਵਿਗਿਆਨ ਵਿਭਾਗ ਨੇ ਸਥਾਪਨਾ ਦਿਵਸ ਮਨਾਇਆ



**ਪਟਿਆਲਾ (ਥਿੰਦ, ਜਟਾਣਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਨਸਪਤੀ ਵਿਗਿਆਨ ਵਿਭਾਗ ਵੱਲੋਂ 58ਵਾਂ ਸਥਾਪਨਾ ਦਿਵਸ ਮਨਾਇਆ ਗਿਆ।ਇਸ ਵਿਸ਼ੇਸ਼ ਮੌਕੇ ਯੂਨੀਵਰਸਿਟੀ ਸਟੇਡੀਅਮ ਵਿੱਚ ਟਰੈਕ ਤੇ ਫੀਲਡ ਸਮਾਗਮਾਂ ਅਤੇ ਟੀਮ ਖੇਡਾਂ ਨਾਲ ਸਬੰਧਤ ਗਤੀਵਿਧੀਆਂ ਕਰਵਾਈਆਂ ਗਈਆਂ।ਵਿਭਾਗ ਮੁਖੀ ਪ੍ਰੋ. ਮਨੀਸ਼ ਕਪੂਰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਵਿੱਚ ਇੱਕ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ, ਜਿਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਕਲਾਤਮਕ ਵੰਨਗੀਆਂ 'ਚ ਸ਼ਿਰਕਤ ਕੀਤੀ।ਉਨ੍ਹਾ ਦੱਸਿਆ ਕਿ ਐੱਮ. ਐੱਸ-ਸੀ ਬੌਟਨੀ ਦੇ ਪਹਿਲੇ ਬੈਚ (1967-69) ਦੇ ਵਿਦਿਆਰਥੀ ਪ੍ਰੋ. ਐੱਮ. ਕੇ. ਸਿੱਧੂ, ਵਿਭਾਗ ਦੇ ਸੇਵਾਮੁਕਤ ਫ਼ੈਕਲਟੀ ਮੈਂਬਰ ਪ੍ਰੋ. ਆਰ. ਸੀ. ਗੁਪਤਾ, ਪ੍ਰੋ. ਐੱਨ. ਐੱਸ. ਆਰਤੀ, ਪ੍ਰੋ. ਐੱਮ.ਆਈ.ਐੱਸ. ਸੱਗੂ, ਪ੍ਰੋ. ਜੇ. ਆਈ. ਐੱਸ. ਖੱਟਰ ਤੇ ਪ੍ਰੋ. ਡੀ. ਪੀ. ਸਿੰਘ ਨੇ ਹਿੱਸਾ ਲਿਆ।ਪ੍ਰੋ. ਕਪੂਰ ਨੇ ਇਸ ਮੌਕੇ ਖੇਡ ਸਮਾਗਮਾਂ ਦੇ ਕੁਸ਼ਲ ਆਯੋਜਨ ਵਿੱਚ ਮਦਦ ਕਰਨ ਹਿੱਤ ਖੇਡ ਵਿਭਾਗ ਦੇ ਡਾਇਰੈਕਟਰ ਪ੍ਰੋ. ਅਜੀਤਾ ਤੇ ਉਨ੍ਹਾਂ ਦੀ ਟੀਮ ਦਾ ਵਿਸ਼ੇਸ਼ ਧੰਨਵਾਦ ਕੀਤਾ।ਦੋ ਵਿਦਿਆਰਥਣਾਂ ਗੁਰਲੀਨ ਕੌਰ ਤੇ ਇੰਦਰਵੀਰ ਕੌਰ ਨੇ ਇਸ ਮੌਕੇ ਲਈ ਕੇਕ ਤਿਆਰ ਕੀਤੇ।

## ਡਾ. ਅੰਬੇਡਕਰ ਦੇ ਬੁੱਤ ਦੀ ਬੇਅਬਦੀ ਕਰਨ ਵਾਲੇ ਨੂੰ ਸਖ਼ਤ ਸਜ਼ਾ ਮਿਲੇ : ਡਾ. ਹਰਗੁਰਪ੍ਰਤਾਪ



**ਬੱਧਨੀ ਕਲਾਂ (ਨਛੱਤਰ ਸੰਧੂ)**-'ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੇ-ਅਦਬੀ ਕਰਨ ਵਾਲੇ ਉਸ ਨੌਜਵਾਨ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਭਵਿੱਖ 'ਚ ਕੋਈ ਇਸ ਤਰ੍ਹਾਂ ਦੀ ਹਿੰਮਤ ਨਾ ਕਰ ਸਕੇ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਹਰਗੁਰਪ੍ਰਤਾਪ ਸਿੰਘ ਨੇ ਪ੍ਰੈੱਸ ਨੂੰ ਜਾਰੀ ਇੱਕ ਬਿਆਨ 'ਚ ਕੀਤਾ।ਡਾ. ਹਰਗੁਰਪ੍ਰਤਾਪ ਸਿੰਘ ਨੇ ਕਿਹਾ ਕਿ ਪੰਜਾਬ 'ਚ ਇਸ ਤਰ੍ਹਾਂ ਦੀਆਂ ਬੇ-ਅਦਬੀਆਂ ਹੋਣੀਆਂ ਬੜੀ ਮੰਦਭਾਗੀ ਗੱਲ ਹੈ।ਭਾਵੇਂ ਇਸ ਮੁਲਜ਼ਮ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਖਿਲਾਫ ਪੁਲਸ ਨੇ ਕਈ ਸਖਤ ਧਾਰਾਵਾਂ ਵੀ ਲਾਈਆਂ ਹਨ।ਡਾ. ਹਰਗੁਰਪ੍ਰਤਾਪ ਸਿੰਘ ਨੇ ਬਿਆਨ 'ਚ ਮੰਗ ਕੀਤੀ ਕਿ ਪੁਲਸ ਇਸ ਤੋਂ ਇਹ ਜ਼ਰੂਰ ਜਾਣਕਾਰੀ ਹਾਸਲ ਕਰਕੇ ਲੋਕਾਂ ਤੱਕ ਪੁੱਜਦੀ ਕਰੇ ਕਿ ਇਸ ਨੂੰ ਇਹ ਬੇ-ਅਦਬੀ ਕਰਨ ਲਈ ਕਿਸ ਵਿਅਕਤੀ ਨੇ ਭੇਜਿਆ ਸੀ ਤੇ ਉਸ ਦਾ ਕਿਸ ਪਾਰਟੀ ਜਾਂ ਕਿਸ ਵਿਅਕਤੀ ਨਾਲ ਸਬੰਧ ਹੈ।

## ਖ਼ੁਰਾਕ ਕਮਿਸ਼ਨ ਗੁਣਵੱਤਾ ਭਰਪੂਰ ਭੋਜਨ ਮੁਹੱਈਆ ਕਰਵਾਉਣ ਲਈ ਯਤਨਸ਼ੀਲ : ਚੇਅਰਮੈਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਕਿਹਾ ਹੈ ਕਿ ਕਮਿਸ਼ਨ ਸੂਬੇ ਦੇ ਲੋਕਾਂ ਤੱਕ ਗੁਣਵੱਤਾ ਭਰਪੂਰ ਭੋਜਨ ਮੁਹੱਈਆ ਕਰਵਾਉਣ ਲਈ ਦ੍ਰਿੜ੍ਹ ਯਤਨਸ਼ੀਲ ਹੈ। ਇਸ ਲਈ ਜਿੱਥੇ ਕਮਿਸ਼ਨ ਵੱਲੋਂ ਮੈਦਾਨੀ ਪੱਧਰ ਉੱਤੇ ਮਿੱਡ ਡੇਅ ਮੀਲ, ਰਾਸ਼ਨ ਡਿੱਪੂਆਂ ਤੇ ਆਂਗਣਵਾੜੀਆਂ ਵਿੱਚ ਜਾ ਕੇ ਖਾਧ ਪਦਾਰਥਾਂ ਦੀ ਜਾਂਚ ਕੀਤੀ ਜਾ ਰਹੀ ਹੈ, ਉਥੇ ਹੀ ਸਬੰਧਤ ਅਧਿਕਾਰੀਆਂ ਤੇ ਸਟਾਫ਼ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਨਾਲ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਨਾਲ ਜੁੜੇ ਕੰਮਾਂ ਸਬੰਧੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਜਗਵਿੰਦਰਜੀਤ ਸਿੰਘ ਗਰੇਵਾਲ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਸਾਡੀਆਂ ਅਗਲੀਆਂ ਨਸਲਾਂ ਬਚਾਉਣ ਲਈ ਫੂਡ ਸਕਿਊਰਿਟੀ ਐਕਟ ਸਹੀ ਤਰੀਕੇ ਨਾਲ ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਅੱਜ 90 ਫੀਸਦੀ ਬਿਮਾਰੀਆਂ ਦਾ ਕਾਰਨ ਗੈਰ-ਗੁਣਵੱਤਾ ਵਾਲਾ ਭੋਜਨ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਦਾ ਧਿਆਨ ਸਕੂਲੀ ਵਿਦਿਆਰਥੀਆਂ ਦੀ ਸਿਹਤ ਵਿੱਚ ਸੁਧਾਰ ਉੱਤੇ ਜ਼ਿਆਦਾ ਕੇਂਦ੍ਰਿਤ ਹੈ। ਇਸ ਲਈ ਉਨ੍ਹਾਂ ਸਿਹਤ ਵਿਭਾਗ ਤੇ ਸਕੂਲ ਸਿੱਖਿਆ ਵਿਭਾਗ ਨੂੰ ਆਪਸੀ ਤਾਲਮੇਲ ਵਧਾਉਣ ਬਾਰੇ ਕਿਹਾ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਕਿਹਾ ਕਿ ਉਹ ਯਕੀਨੀ ਬਣਾਉਣ ਕਿ ਸਕੂਲਾਂ ਵਿੱਚ ਖਾਲੀ ਪਈਆਂ ਥਾਵਾਂ 'ਤੇ ਫਲ ਤੇ ਸਬਜ਼ੀਆਂ ਦੀ ਕਾਸ਼ਤ ਕਰਵਾਈ ਜਾਵੇ। ਪੈਦਾ ਹੋਈਆਂ ਸਬਜ਼ੀਆਂ ਤੇ ਫ਼ਲਾਂ ਨੂੰ ਮਿੱਡ ਡੇਅ ਮੀਲ ਰਾਹੀਂ ਬੱਚਿਆਂ ਨੂੰ ਖਵਾਇਆ ਜਾਵੇ ਤਾਂ ਜੋ ਬੱਚਿਆਂ ਦੀ ਸਿਹਤ ਲਈ ਜ਼ਰੂਰੀ ਖੁਰਾਕੀ ਤੱਤਾਂ ਦੀ ਪੂਰਤੀ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਮਿੱਡ ਡੇਅ ਮੀਲ ਵਿੱਚ ਕਿੰਨੂ ਤੋਂ ਇਲਾਵਾ ਸਥਾਨਕ ਹੋਰ ਫਰੂਟ ਵੀ ਪਰੋਸਿਆ ਜਾ ਸਕਦਾ ਹੈ। ਭੋਜਨ ਬਿਲਕੁਲ ਤਾਜ਼ਾ ਤੇ ਸਾਫ ਤਰੀਕੇ ਨਾਲ ਤਿਆਰ ਹੋਣਾ ਚਾਹੀਦਾ ਹੈ। ਖਾਣਾ ਤਿਆਰ ਕਰਨ ਵਾਲਿਆਂ ਕੁੱਕਾਂ, ਹੈਲਪਰਾਂ ਤੇ ਹੋਰ ਸਟਾਫ਼ ਦੀ ਹਰੇਕ ਛੇ ਮਹੀਨੇ ਬਾਅਦ ਸਿਹਤ ਜਾਂਚ ਕਰਵਾਉਣ ਲਈ ਕਿਹਾ ਗਿਆ। ਸਾਫ਼ ਸਫ਼ਾਈ ਤੇ ਹੋਰ ਮਿਆਰਾਂ ਸਬੰਧੀ ਕੁੱਕਾਂ ਤੇ ਹੋਰ ਸਟਾਫ ਨੂੰ 30 ਅਪ੍ਰੈਲ ਤੱਕ ਸਿਖਲਾਈ ਦੇਣ ਤੇ ਬਕਾਇਦਾ ਰਿਕਾਰਡ ਰੱਖਣ ਲਈ ਵੀ ਕਿਹਾ ਗਿਆ। ਉਨ੍ਹਾਂ ਕਿਹਾ ਕਿ ਹਰੇਕ ਸਕੂਲ ਤੇ ਆਂਗਣਵਾੜੀ ਵਿੱਚ ਬੱਚਿਆਂ ਲਈ ਸਾਫ਼ ਪੀਣ ਵਾਲੇ ਪਾਣੀ ਦੀ ਉਪਲੱਬਧਤਾ ਹੋਣੀ ਚਾਹੀਦੀ ਹੈ। ਇਸ ਲਈ ਜੇਕਰ ਫੰਡਾਂ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਉਹ ਜ਼ਿਲ੍ਹਾ ਪ੍ਰੀਸ਼ਦ ਦੇ ਬੰਧਨ ਫੰਡਾਂ ਵਿੱਚੋਂ ਵਰਤੇ ਜਾ ਸਕਦੇ ਹਨ। ਉਹਨਾਂ ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਨੂੰ ਯੋਗ ਕਾਰਵਾਈ ਕਰਨ ਬਾਰੇ ਵੀ ਕਿਹਾ। ਉਨ੍ਹਾਂ ਜ਼ਿਲ੍ਹਾ ਮੋਗਾ ਵਿੱਚ ਤਿਆਰ ਕੀਤੀਆਂ ਜਾ ਰਹੀਆਂ ਪੋਸ਼ਣ ਵਾਟਿਕਾਵਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਇਸ ਨੂੰ ਪੂਰੇ ਸੂਬੇ ਭਰ ਵਿੱਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਹਰੇਕ ਸਕੂਲ ਤੇ ਆਂਗਣਵਾੜੀ ਵਿੱਚ ਕਮਿਸ਼ਨ ਦਾ ਟੋਲ ਫਰੀ ਨੰਬਰ (9876764545) ਲਿਖ ਕੇ ਲਗਾਇਆ ਜਾਵੇ ਤਾਂ ਜੋ ਭੋਜਨ ਦੀ ਗੁਣਵੱਤਾ ਸਬੰਧੀ ਮਾਪੇ ਤੇ ਇਲਾਕਾ ਵਾਸੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਣ।

## ਬਸੰਤ ਪੰਚਮੀ ਨੂੰ ਸਮਰਪਤ ਸਰਬੱਤ ਦੇ ਭਲੇ ਲਈ ਸਟੱਡੀ ਸਰਕਲ ਵੱਲੋਂ ਵਿਸ਼ੇਸ਼ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਮਾਨ ਕਲੋਨੀ ਸੰਗਰੂਰ ਵਿਖੇ ਸਟੱਡੀ ਸਰਕਲ ਸੰਗਰੂਰ ਵੱਲੋਂ ਬਸੰਤ ਪੰਚਮੀ ਨੂੰ ਸਮਰਪਤ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਕਲੋਨੀ ਵਾਸੀਆਂ ਵੱਲੋਂ ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ, ਜਿਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸਮਾਗਮ ਸਥਾਨ ਪਹੁੰਚਣ ਤੇ ਫੁੱਲਾਂ ਦੀ ਵਰਖਾ ਨਾਲ ਕੀਤੇ ਸਵਾਗਤ ਤੇ ਸਤਿਕਾਰ ਨੇ ਅਲੌਕਿਕ ਦ੍ਰਿਸ਼ ਪੇਸ਼ ਕੀਤਾ। ਸੁਰਿੰਦਰਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗਨਾਈਜ਼ਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ, ਹਰਵਿੰਦਰ ਸਿੰਘ ਪੱਪੂ ਤੇ ਨਰੇਸ਼ ਸਿੰਗਲਾ ਦੀ ਦੇਖ ਰੇਖ ਹੇਠ ਹੋਏ ਇਸ ਸਮਾਗਮ ਦੀ ਅਰੰਭਤਾ ਹਰਜੀਤ ਸਿੰਘ ਢੀਂਗਰਾ ਦੀ ਅਗਵਾਈ ਵਿਚ ਸੰਗਤੀ ਰੂਪ ਵਿਚ ਹੋਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ, ਜਿਸ ਵਿਚ ਕਰਤਾਰ ਸਿੰਘ, ਬਲਵਿੰਦਰ ਸਿੰਘ, ਨਵਤੇਜ ਸਿੰਘ, ਬਲਵਿੰਦਰ ਸਿੰਘ, ਹਰਭਜਨ ਸਿੰਘ ਭੱਟੀ, ਪ੍ਰੀਤਮ ਸਿੰਘ, ਕੁਲਵਿੰਦਰ ਕੌਰ, ਕਿਰਨ ਕੌਰ, ਇੰਦੂ ਸਿੰਗਲਾ, ਆਸ਼ਿਮਾ ਸਿੰਗਲਾ, ਸਵਾਤੀ ਸਿੰਗਲਾ ਤੇ ਕਿਰਨ ਗਰਗ ਮੀਨਾ ਆਦਿ ਨੇ ਵਿਸ਼ੇਸ਼ ਹਿੱਸਾ ਲਿਆ। ਸੁਰਿੰਦਰਪਾਲ ਸਿੰਘ ਤੇ ਬਲਰਾਜ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਸਮਾਗਮ ਦੇ ਸਹਿਯੋਗੀਆਂ ਨੂੰ ਸਟੱਡੀ ਸਰਕਲ ਵੱਲੋਂ ਸਨਮਾਨਤ ਕੀਤਾ ਗਿਆ ਤੇ ਪ੍ਰਬੰਧਕਾਂ ਵੱਲੋਂ ਸੁਰਿੰਦਰਪਾਲ ਸਿੰਘ ਨੂੰ ਦੁਸ਼ਾਲਾ ਭੇਟ ਕਰਕੇ ਸਤਿਕਾਰ ਦਿੱਤਾ ਗਿਆ। ਇਸ ਮੌਕੇ ਮਹਿੰਦਰ ਪਾਲ ਸਿੰਘ, ਭੁਪਿੰਦਰ ਸਿੰਘ, ਬਲਜਿੰਦਰ ਦਵਿੰਦਰ ਗਰਗ, ਵੇਦ ਪ੍ਰਕਾਸ਼, ਰਾਕੇਸ਼ ਸਿੰਗਲਾ, ਬਿੰਦਰਪਾਲ, ਲਾਜਪਤ ਰਾਏ ਜਿੰਦਲ, ਸੁਰਿੰਦਰ, ਨਵਨੀਤ, ਵਨੀਤ ਸ਼ਰਮਾ ਤੇ ਸੰਜੇ ਆਦਿ ਸਮੇਤ ਕਲੋਨੀ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਅੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

6-Feb-PAGE-3.qxd 2/5/2025 10:59 PM Page 1



# ਕੇਂਦਰ ਸਰਕਾਰ ਵੱਲੋਂ ਪੇਸ਼ ਨਵੇਂ ਸਾਲ ਦੇ ਬਜਟ ਖਿਲਾਫ ਆਰਐੱਮਪੀਆਈ ਵੱਲੋਂ ਪ੍ਰਦਰਸ਼ਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਦਬੁਰਜੀ 'ਚ ਮੋਦੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬੋਲਦਿਆਂ ਪਾਰਟੀ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਕੇਂਦਰ ਸਰਕਾਰ ਵੱਲੋਂ ਨਵੇਂ ਸਾਲ ਦਾ ਬਜਟ ਲੋਕ ਵਿਰੋਧੀ ਦੱਸਿਆ। ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਗਏ ਸਾਲ 2025-26 ਦੇ ਬਜਟ ਨੂੰ ਦੇਸ਼ ਵਾਸੀਆਂ, ਖਾਸ ਕਰਕੇ ਕਿਰਤੀ-ਕਿਸਾਨਾਂ ਤੇ ਹੋਰ ਮਿਹਨਤੀ ਤਬਕਿਆਂ ਲਈ ਘੋਰ ਨਿਰਾਸ਼ਾਜਨਕ ਹੈ। ਪੰਡੋਰੀ ਨੇ ਕਿਹਾ ਕਿ ਵਿੱਤ ਮੰਤਰੀ ਨੇ ਮੋਦੀ-03 ਸਰਕਾਰ ਦੇ ਲੋਕ ਮਾਰੂ, ਦੇਸ਼ ਵਿਰੋਧੀ ਕਿਰਦਾਰ ਦੇ ਅਨੁਰੂਪ ਹੀ ਬਜਟ ਤਜਵੀਜ਼ਾਂ ਰਾਹੀਂ ਦੇਸੀ-ਵਿਦੇਸ਼ੀ ਕਾਰਪੋਰੇਟ ਲੋਟੂਆਂ ਨੂੰ ਵਧੇਰੇ ਤੋਂ ਵਧੇਰੇ ਲਾਭ ਪੁਚਾਉਣ ਲਈ ਸਖਤ ਮੁਸ਼ੱਕਤ ਕੀਤੀ ਹੈ। ਬਜਟ ਦੇ ਜ਼ਰੀਏ ਆਮ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਰਾਹੀਂ ਅਰਥਚਾਰਾ ਤਕੜਾ ਕਰਨ ਤੇ ਬੇਰੁਜ਼ਗਾਰੀ-ਮਹਿੰਗਾਈ 'ਤੇ ਕਾਬੂ ਪਾਉਣ ਦੀ ਫੌਰੀ ਲੋੜ ਮੁੱਢੋਂ ਹੀ ਵਿਸਾਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਥੈਲੀਸ਼ਾਹਾਂ ਤੋਂ ਵੱਧ ਤੋਂ ਵੱਧ ਟੈਕਸ ਵਸੂਲ ਕੇ ਆਮ ਲੋਕਾਂ ਨੂੰ ਰਾਹਤ ਦੇਣ ਤੇ ਰੁਜ਼ਗਾਰ ਮੁਖੀ ਵਿਕਾਸ ਕਰਨ ਦੇ ਅਜੋਕੇ ਦੌਰ ਦੇ ਸਭ ਤੋਂ ਪਲੇਠੇ ਤੇ ਮਹੱਤਵਪੂਰਣ ਕਾਰਜ ਦੀ ਵੀ ਅਸਲੋਂ ਹੀ ਅਣਦੇਖੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਜਟ ਤਜਵੀਜ਼ਾਂ ਤੋਂ ਇਕ ਵਾਰ ਫਿਰ ਬਾਖੂਬੀ ਸਿੱਧ ਹੋ ਗਿਆ ਹੈ ਕਿ ਮੋਦੀ-03 ਸਰਕਾਰ ਦਾ ਇੱਕੋ-ਇੱਕ ਮਕਸਦ ਧਨਾਢਾਂ, ਖਾਸ ਕਰਕੇ ਅਡਾਨੀ-ਅੰਬਾਨੀ ਜਿਹੇ ਪੂੰਜੀਪਤੀਆਂ ਤੇ ਇਨ੍ਹਾਂ ਦੇ ਸਾਮਰਾਜੀ ਭਾਈਵਾਲਾਂ ਦੇ 'ਖ਼ਜ਼ਾਨੇ ਭਰਪੂਰ' ਕਰਨਾ ਹੈ। ਇਸ ਲਈ ਸਭ ਤੋਂ ਵਧੇਰੇ ਰੁਜ਼ਗਾਰ ਸਿਰਜਣ ਵਾਲੇ ਖੇਤੀ ਅਤੇ ਦਰਮਿਆਨੇ ਤੇ ਛੋਟੇ ਉਦਯੋਗ-ਕਾਰੋਬਾਰ ਅਤੇ ਪਸ਼ੂਨ ਵਪਾਰ ਨੂੰ ਪੈਰਾਂ ਸਿਰ ਕਰਨ ਦੀ ਕੌਮੀ ਲੋੜ ਘੱਟੇ ਰੋਲ ਦਿੱਤੀ ਗਈ ਹੈ। ਆਗੂਆਂ ਨੇ ਕਿਹਾ ਕਿ ਮੌਜੂਦਾ ਬਜਟ ਰਾਹੀਂ ਸਿੱਖਿਆ ਤੇ ਸਿਹਤ ਸਹੂਲਤਾਂ, ਜਨਤਕ ਵੰਡ ਪ੍ਰਣਾਲੀ, ਸਮਾਜਿਕ ਸੁਰੱਖਿਆ ਪੈਨਸ਼ਨਾਂ ਆਦਿ ਲਈ ਰਕਮਾਂ ਘੱਟ ਕਰਨ ਨੂੰ ਤਰਜੀਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਖੇਤੀ ਨੂੰ ਲਾਹੇਵੰਦਾ ਧੰਦਾ ਬਣਾਉਣ ਲਈ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦੇਣ ਤੇ ਲੱਖਾਂ ਖੇਤ ਮਜ਼ਦੂਰਾਂ-ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਕਾਰਨ ਬਣਿਆ ਕਰਜ਼ਾ ਮੁਆਫ਼ ਕਰਨ ਤੋਂ ਟਾਲਾ ਵੱਟਿਆ ਗਿਆ ਹੈ। ਆਮਦਨ ਕਰ ਛੋਟ ਵਧਾਉਣ ਦਾ ਵਿੱਤ ਮੰਤਰੀ ਦਾ ਵਧਾ ਚੜ੍ਹਾ ਕੇ ਕੀਤਾ ਗਿਆ ਦਾਅਵਾ ਵੀ ਅਸਲੋਂ ਖੋਖਲਾ ਅਤੇ ਆਮ ਕਰ ਦਾਤਾਵਾਂ (ਟੈਕਸ ਪੇਅਰਜ਼) ਦੇ ਅੱਖੀਂ ਘੱਟਾ ਪਾਉਣ ਵਾਲਾ ਹੈ। ਇੰਝ ਕੁਲ ਮਿਲਾ ਕੇ ਡੇਢ ਅਰਬ ਦੇ ਕਰੀਬ ਆਮ ਦੇਸ਼ ਵਾਸੀਆਂ ਲਈ ਇਹ ਸਿਰੇ ਦਾ ਨਾਂਹ ਪੱਖੀ ਬਜਟ ਹੈ। ਇਸ ਮੌਕੇ ਕਰਮ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੌਲ, ਮੰਗਲ ਸਿੰਘ, ਅੰਗਰੇਜ਼ ਸਿੰਘ ਕੋਟਲੀ, ਗੁਰਪ੍ਰੀਤ ਸਿੰਘ ਠੱਠੀ ਖਾਰਾ, ਕੁਲਦੀਪ ਸਿੰਘ, ਬਲਵਿੰਦਰ ਸਿੰਘ ਦਬੁਰਜੀ ਆਦਿ ਹਾਜ਼ਰ ਸਨ।

# ਜਲ ਸਪਲਾਈ ਵਿਭਾਗ ਦੇ ਕਾਮਿਆਂ ਵੱਲੋਂ ਮੰਗਾਂ ਮੰਨੇ ਜਾਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ

**ਫਤਿਹਗੜ੍ਹ ਚੂੜੀਆਂ (ਜਸਵੰਤ ਮਾਨ)**

ਜਲ ਸਪਲਾਈ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ ਨੰਬਰ (31) ਬ੍ਰਾਂਚ ਫਤਿਹਗੜ੍ਹ ਚੂੜੀਆਂ ਦੀ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਵਿਲੀਅਮ ਮਸੀਹ ਦੀ



ਅਗਵਾਈ ਵਿਚ (ਅਲੀਵਾਲ) ਪਾਰੋਵਾਲ ਵਿਖੇ ਹੋਈ। ਇਸ ਦੌਰਾਨ ਸੂਬਾ ਸੀਨੀਅਰ ਮੀਤ ਪ੍ਰਧਾਨ ਜਗਰੂਪ (ਸਿੰਘ ਕੋਟਲਾ ਸੂਬਾ ਸਿੰਘ) ਨੇ ਵਰਕਰਾਂ ਨਾਲ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਆਗੂਆਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਦੇ ਹੱਲ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਜਦ ਤੀਕਰ ਵਰਕਰਾਂ ਦੀਆਂ ਹੱਕੀ ਮੰਗਾਂ ਦਾ ਨਿਪਟਾਰਾ ਨਹੀਂ ਹੁੰਦਾ ਅਤੇ ਲਗਾਤਾਰ ਲੰਮੇ ਸਮੇਂ ਤੋਂ ਜਲ ਸਪਲਾਈ ਵਿਭਾਗ ਵਿੱਚ ਠੇਕੇ 'ਤੇ ਕੰਮ ਕਰ ਰਹੇ ਵਰਕਰਾਂ ਦੀ ਮਹਿਕਮੇ ਵਿਚ ਸ਼ਮੂਲੀਅਤ ਨਹੀਂ ਕੀਤੀ ਜਾਂਦੀ ਉਦੋਂ ਤੀਕਰ ਲਗਾਤਾਰ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਵਿਭਾਗ ਵੱਲੋਂ ਜੋ ਨਿੱਜੀਕਰਨ/ਪੰਚਾਇਤੀਕਰਨ ਲਈ ਯਤਨ ਕੀਤੇ ਜਾ ਰਹੇ ਹਨ ਉਨ੍ਹਾਂ ਦਾ ਜਥੇਬੰਦੀ ਵੱਲੋਂ ਡਟ ਕੇ ਵਿਰੋਧ ਕੀਤਾ ਜਾਵੇਗਾ। ਵਿਭਾਗ ਵੱਲੋਂ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਵਰਕਰਾਂ ਦਾ ਰੁਜ਼ਗਾਰ ਖਤਮ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ ਜਿਸ ਦੇ ਵਿਰੁੱਧ ਆਉਣ ਵਾਲੇ ਦਿਨਾਂ ਵਿਚ ਵਰਕਰਾਂ ਦਾ ਵਿਸ਼ਾਲ ਇਕੱਠ ਕਰਕੇ ਬਟਾਲਾ ਵਿਖੇ ਵਿਭਾਗ ਦੇ ਖਿਲਾਫ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ। ਇਸ ਸਮੇਂ ਮੀਟਿੰਗ ਵਿੱਚ ਜਸਪਾਲ ਸਿੰਘ, ਅਮਨ ਸਿੰਘ, ਇੰਦਰਜੀਤ ਸਿੰਘ, ਸਕੱਤਰ ਸਿੰਘ, ਨਰਿੰਦਰ ਸਿੰਘ, ਯੂਸਫ ਮਸੀਹ, ਗੁਲਸਨ ਮਸੀਹ, ਹਰਜੀਤ ਸਿੰਘ, ਸਤਨਾਮ ਸਿੰਘ, ਰੋਹਿਤ ਬੇਦੀ, ਅਮੀਰ ਸਿੰਘ ਆਦਿ ਹਾਜ਼ਰ ਸਨ।

# ਪੀ ਐੱਸ ਪੀ ਸੀ ਐੱਲ ਦਾ ਮੁੱਖ ਖ਼ਜ਼ਾਨਚੀ ਰਿਸ਼ਵਤ ਲੈਂਦਾ ਕਾਬੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਪੀਐੱਸਪੀਸੀਐੱਲ ਦਫ਼ਤਰ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਮੁੱਖ ਖ਼ਜ਼ਾਨਚੀ ਵਜੋਂ ਤਾਇਨਾਤ ਅੰਮ੍ਰਿਤ ਭੂਸ਼ਣ ਨੂੰ 2,60,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਰਘੁਬੀਰ ਸਿੰਘ ਵਾਸੀ ਝੰਗੀ ਸਰੂਪ ਦਾਸ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੀ ਜਾਂਚ ਉਪਰੰਤ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਉਕਤ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਉਕਤ ਮੁਲਜ਼ਮ ਨੇ 11 ਕੇਵੀ ਬਿਜਲੀ ਦੀਆਂ ਲਾਈਨਾਂ ਬਦਲਣ ਦਾ ਕੰਮ ਕਰਵਾਉਣ ਲਈ 2,60,000 ਰੁਪਏ ਰਿਸ਼ਵਤ ਲਈ ਸੀ ਪਰ ਉਸ ਨੇ ਕਦੇ ਵੀ ਉਕਤ ਬਿਜਲੀ ਦੀਆਂ ਲਾਈਨਾਂ ਨਹੀਂ ਬਦਲੀਆਂ।ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਪੁਲਸ ਸਟੇਸ਼ਨ, ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮਾਨਾਂਵਾਲਾ ਤੋਂ ਹਜ਼ਾਰਾਂ ਲੀਟਰ ਦੇਸੀ ਲਾਹਣ ਬਰਾਮਦ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਥਾਣਾ ਲੋਪੋਕੇ ਦੇ ਅਧੀਨ ਪੈਂਦੇ ਪਿੰਡ ਮਾਨਾਂਵਾਲਾ ਵਿਖੇ ਐਕਸਾਈਜ਼ ਵਿਭਾਗ ਅਤੇ ਪੰਜਾਬ ਪੁਲਸ ਵੱਲੋਂ ਕੀਤੇ ਗਏ ਸਾਂਝੇ ਆਪਰੇਸ਼ਨ ਦੌਰਾਨ ਕੀਤੀ ਗਈ ਛਾਪੇਮਾਰੀ ਦੌਰਾਨ ਜਸਵੰਤ ਸਿੰਘ ਦੇ ਘਰੋਂ 68 ਲੀਟਰ ਲਾਹਣ, 500 ਬੋਤਲਾਂ ਨਜਾਇਜ਼ ਸ਼ਰਾਬ ਅਤੇ ਦੋ ਭੱਠੀਆਂ ਫੜੀਆ ਗਈਆਂ। ਇਸ ਸਬੰਧੀ ਐਕਸਾਈਜ਼ ਵਿਭਾਗ ਦੇ ਇੰਸਪੈਕਟਰ ਮੈਡਮ ਜਗਦੀਪ ਕੌਰ, ਐੱਸਐੱਚਓ ਥਾਣਾ ਲੋਪੋਕੇ ਦੇ ਮੁਖੀ ਕਰਮਪਾਲ ਸਿੰਘ ਨੇ ਦੱਸਿਆ ਕਿ ਪਿੰਡ ਤੋਂ ਗੁਪਤ ਸੂਚਨਾ ਮਿਲਣ 'ਤੇ ਪਿੰਡ ਦੇ ਜਸਵੰਤ ਸਿੰਘ ਸਾਬਕਾ ਮੈਂਬਰ ਦੇ ਘਰ ਛਾਪੇਮਾਰੀ ਕੀਤੀ ਸੀ। ਜਸਵੰਤ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ। ਇਸ ਮੌਕੇ ਏਐੱਸਆਈ ਗੁਰਦੇਵ ਸਿੰਘ, ਏਐੱਸਆਈ ਕੁਲਵੰਤ ਸਿੰਘ, ਏਐੱਸਆਈ ਬਿਕਰਮਜੀਤ ਸਿੰਘ, ਹੌਲਦਾਰ ਜਗਰੂਪ ਸਿੰਘ, ਹੌਲਦਾਰ ਸ਼ਰਨਬੀਰ ਸਿੰਘ, ਠੇਕੇਦਾਰ ਬਲਵਿੰਦਰ ਸਿੰਘ ਬੱਲੀ, ਹੌਲਦਾਰ ਮੇਹਰ ਸਿੰਘ ਅਤੇ ਹੌਲਦਾਰ ਮੇਜਰ ਸਿੰਘ ਹਾਜ਼ਰ ਸਨ।



# ਸੰਵਿਧਾਨ ਵਿਰੋਧੀ ਅਨਸਰਾਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ



**ਵੇਰਕਾ (ਰਾਣਾ)**

ਸਥਾਨਕ ਕੰਪਨੀ ਬਾਗ ਅੰਮ੍ਰਿਤਸਰ ਵਿਖੇ ਅੰਬੇਡਕਰੀ ਆਗੂਆਂ ਦੀ ਇਕ ਹੰਗਾਮੇਦਾਰ ਮੀਟਿੰਗ ਹੋਈ।ਇਸ ਦੌਰਾਨ ਮੀਟਿੰਗ ਵਿੱਚ ਪਹੁੰਚੇ ਵੱਖ-ਵੱਖ ਜਥੇਬੰਦਕ ਬੁਲਾਰਿਆਂ ਨੇ ਡਾ. ਬੀ. ਆਰ. ਅੰਬੇਡਕਰ ਦੀ ਪ੍ਰਤਿਮਾ ਦਾ ਨਿਰਾਦਰ ਕਰਨ ਵਾਲੇ ਦੇ ਬੈਂਕ ਖਾਤਿਆਂ, ਮੋਬਾਇਲ ਨੰਬਰਾਂ ਅਤੇ ਰਿਹਾਇਸ਼ੀ ਟਿਕਾਣਿਆਂ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕੀਤੀ ਤਾਂ ਕਿ ਇਸ ਵਿਅਕਤੀ ਨੂੰ ਫੰਡਿੰਗ ਕਰਨ ਵਾਲੇ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਵਾਲੇ ਸੰਵਿਧਾਨ ਵਿਰੋਧੀ ਅਨਸਰਾਂ ਦੀ ਪਛਾਣ ਕਰਕੇ ਉਨ੍ਹਾਂ ਖਿਲਾਫ ਵੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।ਇਸ ਦੌਰਾਨ ਮੀਟਿੰਗ ਵਿੱਚ ਜ਼ਿਲਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਉਕਤ ਬਾਬਤ ਕੀਤੀ ਜਾ ਰਹੀ ਜਾਂਚ-ਪੜਤਾਲ ਸੰਬੰਧੀ ਜਾਣਕਾਰੀ ਲੈਣ ਲਈ ਇੱਕ ਐਕਸ਼ਨ ਕਮੇਟੀ ਦਾ ਗਠਨ ਵੀ ਕੀਤਾ ਗਿਆ।ਇਸ ਮੌਕੇ ਤਾਲਮੇਲ ਕਮੇਟੀ ਮੈਂਬਰਾਂ ਵੱਲੋਂ ਸੰਬੰਧਿਤ ਉੱਚ ਅਧਿਕਾਰੀਆਂ ਨਾਲ ਜਲਦੀ ਹੀ ਮੀਟਿੰਗ ਕਰਨ ਦਾ ਫੈਸਲਾ ਵੀ ਲਿਆ ਗਿਆ।ਮੀਟਿੰਗ 'ਚ ਗੁਰਬਖਸ਼ ਸਿੰਘ, ਕਸ਼ਮੀਰ ਸਿੰਘ, ਕਰਨਰਾਜ ਸਿੰਘ ਗਿੱਲ, ਚੰਚਲ ਸਿੰਘ, ਗੁਲਸ਼ਨ ਕੁਮਾਰ, ਅਵਤਾਰ ਸਿੰਘ ਮੱਟੂ, ਸੁਖਰਾਜ ਸਿੰਘ, ਰਾਜਬੀਰ ਸਿੰਘ, ਜੋਗਾ ਸਿੰਘ, ਹੀਰਾ ਸਿੰਘ, ਗੁਰਚਰਨ ਸਿੰਘ, ਸ਼ਮਸ਼ੇਰ ਸਿੰਘ ਕੋਟਲਾ ਸੈਦਾਂ, ਅੰਕੁਸ਼ ਗਿੱਲ, ਦੀਪਕ ਕੁਮਾਰ (ਤਿੰਨੇ ਵਕੀਲ) ਬੋਧਰਾਜ ਮੂਲ ਨਿਵਾਸੀ, ਸਤੀਸ਼ ਕੁਮਾਰ, ਧਰਮ ਸਿੰਘ ਫੌਜੀ, ਸੁਮੇਸ਼ ਗਿੱਲ, ਜਗਜੀਤ ਸਿੰਘ ਬਿੱਲਾ (ਚੇਅਰਮੈਨ) ਨਰੇਸ਼ ਬਾਲਾ, ਰਵਿੰਦਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

# ਯੂਜੇਨਿਕਸ ਹੇਅਰ ਸਾਇੰਸਿਜ਼ ਵੱਲੋਂ ਕ੍ਰਿਕਟ ਆਇਕਾਨ ਤੇ ਸੈਲੀਬ੍ਰਿਟੀਜ਼ ਲਈ ਸੇਵਾਵਾਂ ਪ੍ਰਦਾਨ

**ਅੰਮ੍ਰਿਤਸਰ** : ਯੂਜੇਨਿਕਸ ਹੇਅਰ ਸਾਇੰਸਿਜ਼ ਵਾਲਾਂ ਦੀ ਤੰਦਰੁਸਤੀ ਦੇ ਖੇਤਰ ਵਿੱਚ ਆਪਣੇ ਉੱਚ ਮਿਆਰ ਨੂੰ ਪੱਕਾ ਕਰ ਲਿਆ ਹੈ ਅਤੇ ਇਹ ਕ੍ਰਿਕਟ ਦੇ ਦਿੱਗਜਾਂ, ਅੰਤਰਰਾਸ਼ਟਰੀ ਖਿਡਾਰੀ ਅਤੇ ਬਾਲੀਵੁੱਡ ਸੈਲੀਬ੍ਰਿਟੀਜ਼ ਦਾ ਭਰੋਸਾ ਜਿੱਤ ਚੁੱਕਾ ਹੈ।ਆਪਣੇ ਆਧੁਨਿਕ ਕਲੀਨਿਕਾਂ ਨਾਲ ਯੂਜੇਨਿਕਸ ਵਾਲ ਟ੍ਰਾਂਸਪਲਾਂਟ ਦੇ ਅਗੇਤੇ ਹੱਲਾਂ ਲਈ ਇਕ ਪ੍ਰਮੁੱਖ ਸਟੇਸ਼ਨ ਬਣ ਗਿਆ ਹੈ ਜੋ ਵਿਗਿਆਨਕ ਮੁਹਾਰਤ ਅਤੇ ਕਲਾਤਮਕ ਨਿਪੁੰਨਤਾ ਦਾ ਸੁਮੇਲ ਹੈ।ਕ੍ਰਿਕਟ ਦੇ ਆਈਕਾਨ ਮੁਹੰਮਦ ਸ਼ੰਮੀ, ਰਵੀ ਸ਼ਾਸਤਰੀ, ਮੁਹੰਮਦ ਅਜ਼ਹਰੂਦੀਨ ਅਤੇ ਮਾਈਕਲ ਬੇਵਨ ਨੇ ਯੂਜੇਨਿਕਸ ਵਿੱਚ ਆਪਣੇ ਭਰੋਸੇ ਨੂੰ ਦਰਸਾਇਆ। ਹੇਅਰ ਸਸਟੇਨੇਬਿਲਟੀ ਦੇ ਖੇਤਰ 'ਚ ਕੁਦਰਤੀ, ਨਿਸ਼ਚਿਤ ਅਤੇ ਦਿੱਖ ਵਿੱਚ ਲੰਬੇ ਸਮੇਂ ਤੱਕ ਟਿਕਣ ਵਾਲੇ ਨਤੀਜੇ ਦੇਣ ਲਈ ਪ੍ਰਸਿੱਧ ਯੂਜੇਨਿਕਸ ਹੁਣ ਕ੍ਰਿਕਟ ਅਤੇ ਹੋਰ ਖੇਤਰਾਂ ਦੀਆਂ ਪ੍ਰਮੁੱਖ ਹਸਤੀਆਂ ਦੀ ਚੋਣ ਬਣ ਗਿਆ ਹੈ।ਦੁਨੀਆ ਭਰ ਵਿੱਚ ਮਸ਼ਹੂਰ ਤਜਰਬੇਕਾਰ ਡਾ. ਪ੍ਰਦੀਪ ਸੇਠੀ ਅਤੇ ਡਾ. ਅਰਿਕਾ ਬੰਸਲ ਦੀ ਅਗਵਾਈ ਹੇਠ ਯੂਜੇਨਿਕਸ, ਆਧੁਨਿਕ ਤਕਨੀਕ ਅਤੇ ਕਲਾਤਮਿਕ ਸੁਹਜਤਾ ਨੂੰ ਮਿਲਾ ਕੇ ਨਾ ਸਿਰਫ਼ ਦਿੱਖ ਵਿੱਚ ਸੁਧਾਰ ਕਰਦਾ ਹੈ ਬਲਕਿ ਆਤਮਵਿਸ਼ਵਾਸ ਨੂੰ ਵੀ ਮੁੜ ਪ੍ਰਾਪਤ ਕਰਵਾਉਂਦਾ ਹੈ।

# ਐੱਨ ਪੀ ਐੱਸ ਪੀੜਤ ਮੁਲਾਜ਼ਮਾਂ ਨੇ ਯੂ ਪੀ ਐੱਸ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ



**ਪੱਟੀ (ਬਲਦੇਵ ਸਿੰਘ ਸੰਧੂ)**

ਕੇਂਦਰ ਸਰਕਾਰ ਵਲੋਂ ਏਕੀਕ੍ਰਿਤ ਪੈਨਸ਼ਨ ਯੋਜਨਾ (ਯੂਪੀਐੱਸ) ਦਾ ਨੋਟੀਫਿਕੇਸ਼ਨ ਬੀਤੇ 25 ਜਨਵਰੀ ਨੂੰ ਜਾਰੀ ਹੋਣ ਤੇ ਕਰਮਚਾਰੀਆਂ ਅੰਦਰ ਰੋਸ ਦੀ ਲਹਿਰ ਫੈਲ ਗਈ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਐੱਨਪੀਐੱਸ ਹੋਰ ਧੋਖਾ ਕੀਤਾ ਹੈ ਅਤੇ ਇਸ ਨੋਟੀਫਿਕੇਸ਼ਨ ਦੇ ਵਿਰੋਧ ਵਜੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਤੇ ਸਰਕਾਰੀ ਸਿਵਲ ਹਸਪਤਾਲ ਪੱਟੀ ਵਿਖੇ ਯੂਨੀਫਾਈਡ ਪੈਨਸ਼ਨ ਸਕੀਮ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ ।ਇਸ ਸਮੇਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂ ਸਰਬਜੀਤ ਸਿੰਘ, ਡਾਕਟਰ ਪੰਕਜ ਅਰੋੜਾ ਨੇ ਦੱਸਿਆ ਕਿ ਬੀਤੇ ਦਿਨੀਂ ਕੇਂਦਰ ਸਰਕਾਰ ਨੇ ਯੂਨੀਫਾਈਡ ਪੈਨਸ਼ਨ ਸਕੀਮ ਦੀ ਜੋ ਐੱਸਓਪੀ ਜਾਰੀ ਕੀਤੀ ਹੈ, ਉਹ ਬਹੁਤ ਹੀ ਘਾਤਕ ਹੈ ਕਿਉਂਕਿ ਉਪਰੋਕਤ ਸਕੀਮ ਦੇ ਅਨੁਸਾਰ ਸਰਕਾਰ ਮੁਲਾਜ਼ਮਾਂ ਦਾ ਪੈਸਾ ਹੜੱਪ ਕੇ ਉਨ੍ਹਾਂ ਦੀ ਰਕਮ ਤੇ ਵਿਆਜ ਨੂੰ ਹੀ ਪੈਨਸ਼ਨ ਦੇ ਰੂਪ ਵਿੱਚ ਮੁੜ ਦੇਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਨਾਲ ਮੁਲਾਜ਼ਮ ਨੂੰ ਰਿਟਾਇਰਮੈਂਟ ਤੋਂ ਬਾਅਦ ਖਾਲੀ ਹੱਥ ਘਰ ਨੂੰ ਤੋਰਨ ਦੀ ਸਕੀਮ ਹੈ, ਇਸ ਸਕੀਮ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਪੈਨਸ਼ਨ ਦੇ ਨਾਂ ਤੇ ਕਰਮਚਾਰੀਆਂ ਦੀ ਖ਼ੂਨ ਪਸੀਨੇ ਦੀ ਕਮਾਈ ਖੋਹਣ ਵਾਲੀ ਯੋਜਨਾ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਕਿਹਾ ਅਜਿਹੀ ਸਕੀਮ ਦਾ ਵੱਡੇ ਪੱਧਰ ਤੇ ਡੱਟਵਾਂ ਵਿਰੋਧ ਕੀਤਾ ਜਾਵੇਗਾ।ਆਗੂ ਜਗਦੀਪ ਸਿੰਘ, ਡਾਕਟਰ ਪਵਨਦੀਪ ਸਿੰਘ, ਰਕੇਸ਼ ਕੁਮਾਰ ਨੇ ਦੱਸਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਤਾਂ ਕਰ ਦਿੱਤਾ ਹੈ ਪਰ ਅਜੇ ਤੱਕ ਪੰਜਾਬ ਸਰਕਾਰ ਨੇ ਇਸ ਨੋਟੀਫਿਕੇਸ਼ਨ ਨੂੰ ਲਾਗੂ ਨਹੀਂ ਕੀਤਾ ।ਹਿਮਾਚਲ ਸਰਕਾਰ ਨੇ ਜੋ ਓਪੀਐੱਸ ਆਪਣੇ ਰਾਜ ਵਿੱਚ ਲਾਗੂ ਕੀਤੀ ਹੈ ਉਸ ਨਾਲ ਰਾਜ ਉਪਰ ਕੋਈ ਵਿੱਤੀ ਬੋਝ ਨਹੀਂ ਪਿਆ ਹੈ।ਇਸ ਕਰਕੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਓਪੀਐੱਸ ਲਾਗੂ ਕਰੇ ਅਤੇ ਤੁਰੰਤ ਜੀਪੀਐੱਫ ਖਾਤੇ ਖੋਲ੍ਹੇ। ਇਸ ਮੌਕੇ ਜਗਤਾਰ ਸਿੰਘ, ਜੁਗਰਾਜ ਸਿੰਘ, ਰਾਜਬੀਰ ਕੌਰ, ਮਨਰੂਪ ਕੌਰ, ਕੰਵਲਜੀਤ ਕੌਰ, ਅਰਦੀਪ ਕੌਰ, ਸੁਰਿੰਦਰ ਕੌਰ, ਸੁਮਨ ਸ਼ਰਮਾ, ਰਾਜਵਿੰਦਰ ਸਿੰਘ ਆਦਿ ਸਾਥੀ ਹਾਜ਼ਰ ਸਨ।

# 'ਆਪ' ਸਰਕਾਰ ਨੇ ਮੈਰਿਟ ਦੇ ਆਧਾਰ 'ਤੇ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ : ਸ਼ਮਸ਼ੇਰ ਸਿੰਘ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਹਲਕੇ ਦੇ ਪਿੰਡ ਬੈਂਸਾਂ ਵਿਖੇ ਤਿੰਨ ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਗਲੀ ਦੇ ਨਿਰਮਾਣ ਕੰਮ ਦਾ ਉਦਘਾਟਨ ਕੀਤਾ ਗਿਆ ਅਤੇ ਪਿੰਡ ਦਾ ਦੌਰਾ ਕਰਕੇ ਪਿੰਡ ਅੰਦਰ ਹੋਣ ਵਾਲੇ ਹੋਰਨਾਂ ਕੰਮਾਂ ਦਾ ਜਾਇਜ਼ਾ ਲਿਆ ਗਿਆ। ਉਦਘਾਟਨ ਦੇ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਦਿਨ ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਜੋ ਜ਼ਮੀਨੀ ਹਕੀਕਤਾਂ ਅਤੇ ਲੋਕਾਂ ਦੀਆਂ ਦੁੱਖ ਤਕਲੀਫਾਂ ਤੋਂ ਚੰਗੀ ਤਰ੍ਹਾਂ ਵਾਕਫ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੀਆਂ ਗਰੰਟੀਆਂ ਜ਼ਿਆਦਾਤਰ ਪੂਰੀਆਂ ਕਰ ਦਿੱਤੀਆਂ ਗਈਆਂ ਹਨ ਅਤੇ ਜੋ ਰਹਿ ਗਈਆਂ ਹਨ, ਉਨ੍ਹਾਂ ਨੂੰ ਵੀ ਜਲਦ ਹੀ ਪੂਰਾ ਕਰ ਦਿੱਤਾ ਜਾਵੇਗਾ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਨੌਜਵਾਨਾਂ ਨਾਲ ਕੀਤੇ ਗਏ ਵਾਅਦੇ ਅਨੁਸਾਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੁਣ ਤੱਕ 50,000 ਦੇ ਕਰੀਬ ਨੌਜਵਾਨਾਂ ਨੂੰ ਬਿਨਾਂ ਕਿਸੇ ਭੇਦਭਾਵ ਅਤੇ ਨਿਰੋਲ ਯੋਗਤਾ ਦੇ ਆਧਾਰ ਤੇ ਸਰਕਾਰੀ ਨੌਕਰੀਆਂ ਦੇ ਕੇ ਨਵਾਂ ਇਤਿਹਾਸ ਸਿਰਜਿਆ ਹੈ। ਨੌਜਵਾਨਾਂ ਨੂੰ ਨਿਰੋਲ ਯੋਗਤਾ ਦੇ ਆਧਾਰ ਤੇ ਰੁਜ਼ਗਾਰ ਮਿਲਣ ਨਾਲ ਜਿੱਥੇ ਨੌਜਵਾਨਾਂ ਅੰਦਰ ਪੰਜਾਬ ਸਰਕਾਰ ਪ੍ਰਤੀ ਭਰੋਸੇਯੋਗਤਾ ਵਧੀ ਹੈ ਉੱਥੇ ਹੀ ਬਾਹਰ ਜਾਣ ਦੇ ਰੁਝਾਨ ਨੂੰ ਵੀ ਠੱਲ੍ਹ ਪਈ ਹੈ ਅਤੇ ਹੁਣ ਇਹੀ ਨੌਜਵਾਨ ਪੰਜਾਬ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ। ਇਸ ਮੌਕੇ ਤੇ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਪਿੰਡ ਦੇ ਵਿਕਾਸ ਕੰਮਾਂ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਸਾਰੇ ਕੰਮ ਬਿਨਾਂ ਕਿਸੇ ਭੇਦਭਾਵ ਹੋਣਗੇ। ਇਸ ਮੌਕੇ ਬਲਾਕ ਪ੍ਰਧਾਨ ਰਣਜੀਤ ਸਿੰਘ ਜੀਵਨਚੱਕ, ਬਲਾਕ ਪ੍ਰਧਾਨ ਸੋਨੂੰ ਪਹਾੜੀਪੁਰ, ਸਰਪੰਚ ਪ੍ਰਭਜੋਤ ਕੌਰ, ਗੁਰਮੁੱਖ ਸਿੰਘ, ਸਰਪੰਚ ਕਰਮਜੀਤ ਸਿੰਘ ਦੋਰਾਂਗਲਾ, ਚਰਨਜੀਤ ਸਿੰਘ, ਸ਼ਿੰਗਾਰਾ ਸਿੰਘ, ਜੁਝਾਰ ਸਿੰਘ, ਗੁਰਨਾਮ ਸਿੰਘ, ਭੁਪਿੰਦਰ ਸਿੰਘ, ਹਰਿੰਦਰ ਸਿੰਘ ਅਤੇ ਗੁਰਭੇਜ ਸਿੰਘ ਵੀ ਮੌਜੂਦ ਸਨ।

# ਸਟੇਅ ਮਿਲਣ ਨਾਲ ਨਹਿਰੀ ਵਿਭਾਗ ਦੀ ਥਾਂ ਵਾਲੇ ਦੁਕਾਨਦਾਰਾਂ ਨੂੰ ਮਿਲੀ ਰਾਹਤ

**ਰਈਆ (ਡੀ. ਕੇ. ਰੈੱਡੀ)**

ਕਸਬਾ ਰਈਆ ਵਿਖੇ ਨਹਿਰੀ ਵਿਭਾਗ ਦੀ ਥਾਂ 'ਤੇ ਬਣੀਆਂ 60 ਦੇ ਕਰੀਬ ਦੁਕਾਨਾਂ ਬਣੀਆਂ ਹਨ ਜਿਨ੍ਹਾਂ ਵਿੱਚੋਂ 34 ਦੁਕਾਨਦਾਰਾਂ ਨੂੰ ਮਾਨਯੋਗ ਅਦਾਲਤ ਬਾਬਾ ਬਕਾਲਾ ਸਾਹਿਬ ਵਿੱਚੋਂ ਸਟੇਅ ਮਿਲ



ਗਿਆ ਹੈ। ਬੀਤੇ ਦਿਨੀਂ ਵਿਭਾਗ ਵੱਲੋਂ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸਹਿਯੋਗ ਨਾਲ ਜਿਨ੍ਹਾਂ ਨੇ ਸਟੇਅ ਨਹੀਂ ਲਿਆ, ਉਨ੍ਹਾਂ ਦੁਕਾਨਾਂ ਨੂੰ ਢਾਹ ਦਿੱਤਾ ਗਿਆ ਹੈ। ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਕੌਂਸਲਰ ਗੁਰਦੀਪ ਸਿੰਘ ਨੇ ਕਿਹਾ ਕਿ ਅਸੀਂ ਪਿਛਲੇ ਕਰੀਬ 70 ਤੋਂ 80 ਸਾਲਾਂ ਤੋਂ ਇਸ ਜਗ੍ਹਾ ਬੈਠੇ ਹੋਏ ਹਾਂ। ਸਾਡੇ ਕੋਲ ਪਿਛਲੇ ਕਈ ਸਾਲਾਂ ਦੀਆਂ ਰਸੀਦਾਂ ਤੇ ਬਿਜਲੀ ਦੇ ਬਿੱਲਾਂ ਦੀਆਂ ਰਸੀਦਾਂ ਵੀ ਹਨ।ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਪਿਛਲੇ ਕਈ ਸਾਲਾਂ ਤੋਂ ਆਪ ਹੀ ਕਿਰਾਇਆ ਲੈਣਾ ਬੰਦ ਕਰ ਦਿੱਤਾ ਗਿਆ ਸੀ ਜਦਕਿ ਦੁਕਾਨਦਾਰ ਅੱਜ ਵੀ ਨਹਿਰੀ ਵਿਭਾਗ ਨੂੰ ਪਹਿਲਾਂ ਵਾਂਗ ਕਿਰਾਇਆ ਦੇਣ ਲਈ ਤਿਆਰ ਹਨ।ਇਸ ਮੌਕੇ ਤਰਸੇਮ ਜੋਸ਼ੀ, ਡੀ. ਕੇ. ਰੈਡੀ, ਅਮਰੀਕ ਸਿੰਘ ਛੀਨਾ, ਚੰਦਨ ਕੁਮਾਰ, ਤਰਸੇਮ ਲਾਲ ਸੇਮੀ, ਰਸ਼ਪਾਲ ਸਿੰਘ, ਹਰਜੀਤ ਸਿੰਘ ਪੁਰਬਾ, ਜਗਪ੍ਰੀਤ ਸਿੰਘ, ਮਨਦੀਪ ਸਿੰਘ, ਨਵਜੋਤ ਸਿੰਘ, ਅਸ਼ੋਕ ਕੁਮਾਰ, ਵਿਜੈ ਫਰੂਟ ਵਾਲੇ, ਚਰਨਜੀਤ ਕੁਮਾਰ, ਜਸਕਰਨ ਸਿੰਘ, ਰਣਜੀਤ ਸਿੰਘ, ਕ੍ਰਿਸ਼ਨ ਗੋਪਾਲ, ਮਲਕੀਤ ਸਿੰਘ ਮੀਕਾ, ਪ੍ਰੇਮ ਸਿੰਘ, ਸਵਰਨਜੀਤ ਸਿੰਘ, ਬਲਵਿੰਦਰ ਸਿੰਘ, ਪਾਲ ਸਿੰਘ, ਬਲਦੇਵ ਸਿੰਘ ਅਤੇ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨੱਤ ਰੰਗੜ ਨੰਗਲ ਵਿਖੇ ਲੱਗਾ ਜਾਗਰੂਕਤਾ ਸੈਮੀਨਾਰ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਸੁਹੇਲ ਕਾਸਿਮ ਮੀਰ ਐੱਸਐੱਸਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸ਼ਕਤੀ ਹੈਲਪ ਡੈਸਕ ਵੱਲੋਂ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨੱਤ ਰੰਗੜ ਨੰਗਲ ਵਿਖੇ ਜਾਗਰਕੂਤਾ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਗੁੱਡ ਟੱਚ, ਬੈਡ ਟੱਚ, ਵਾਤਾਵਰਣ ਦੀ ਸੰਭਾਲ ਅਤੇ ਹੈਲਪ ਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਜਸਵੰਤ ਕੌਰ, ਐੱਸ. ਪੀ. (ਐੱਚ) ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਵਿਖੇ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਅੱਗੇ ਕਿਹਾ ਕਿ ਸਮੇਂ ਦੀ ਮੁੱਖ ਲੋੜ ਹੈ ਕਿ ਵਾਤਾਵਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ।ਉਨ੍ਹਾਂ ਕਿਹਾ ਕਿ ਜਿਥੇ ਪੌਦੇ ਲਗਾਉਣੇ ਜ਼ਰੂਰੀ ਹਨ ਉਥੇ ਪੌਦਿਆਂ ਦੀ ਸਾਂਭ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ।ਐੱਸ. ਪੀ. (ਐੱਚ) ਬਟਾਲਾ ਨੇ ਅੱਗੇ ਦੱਸਿਆ ਕਿ ਬਟਾਲਾ ਪੁਲਸ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਦੇ ਨਾਲ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਵੱਲੋਂ ਪੂਰੇ ਉਤਸ਼ਾਹ ਨਾਲ ਖੇਡਾਂ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ।

# ਆਰ ਡੀ ਖੋਸਲਾ ਸਕੂਲ 'ਚ ਬਸੰਤ ਪੰਚਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਬਟਾਲਾ (ਡਾ. ਮਲਵਿੰਦਰ ਸਿੰਘ)**

ਗਿਆਨ ਅਤੇ ਰੰਗਾਂ ਦਾ ਤਿਉਹਾਰ ਬਸੰਤ ਪੰਚਮੀ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਕੈਂਪਸ ਵਿੱਚ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਦਾ ਉਦੇਸ਼ ਬਸੰਤ ਰੁੱਤ ਦੀ ਆਮਦ ਦਾ ਸਵਾਗਤ ਕਰਨਾ ਅਤੇ ਗਿਆਨ ਅਤੇ ਬੁੱਧੀ ਦੀ ਦੇਵੀ ਮਾਤਾ ਸਰਸਵਤੀ ਦਾ ਸਨਮਾਨ ਕਰਨਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਸਵੇਰ ਦੀ ਅਸੈਂਬਲੀ ਨਾਲ ਹੋਈ, ਜਿੱਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪੀਲੇ ਰੰਗ ਦੇ ਕੱਪੜੇ ਪਾਏ ਹੋਏ ਸਨ, ਜੋ ਖੁਸ਼ਹਾਲੀ ਅਤੇ ਊਰਜਾ ਦਾ ਪ੍ਰਤੀਕ ਹੈ।ਵਿਸ਼ੇਸ਼ ਸਰਸਵਤੀ ਪੂਜਾ ਕਰਵਾਈ ਗਈ। ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਰਸਵਤੀ ਵੰਦਨਾ ਪੇਸ਼ ਕੀਤੀ ਗਈ।ਗ੍ਰਿਤਿਕ ਅਤੇ ਵਿਵਾਨ ਕੀਰ ਨੇ ਆਪਣੇ ਵਿਚਾਰਾਂ ਰਾਹੀਂ ਬਸੰਤ ਪੰਚਮੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਸਮਾਗਮ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸਿੱਖਿਆ ਦੀ ਮਹੱਤਤਾ ਅਤੇ ਮਾਤਾ ਸਰਸਵਤੀ ਤੋਂ ਗਿਆਨ ਅਤੇ ਸਫਲਤਾ ਦਾ ਆਸ਼ੀਰਵਾਦ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸਾਰਿਆਂ ਨੂੰ ਬਸੰਤ ਪੰਚਮੀ ਦੀਆਂ ਵਧਾਈਆਂ ਦਿੱਤੀਆਂ। ਬਸੰਤ ਪੰਚਮੀ ਦਾ ਬਟਾਲਾ ਵਾਸੀਆਂ ਲਈ ਵਿਸ਼ੇਸ਼ ਮਹੱਤਵ ਹੈ।ਇਸ ਦਿਨ ਵੀਰ ਹਕੀਕਤ ਰਾਏ ਵੱਲੋਂ ਧਰਮ ਲਈ ਦਿੱਤੀ ਕੁਰਬਾਨੀ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਪਤਨੀ ਸਤੀ ਲਕਸ਼ਮੀ ਦੇਵੀ ਦੀ ਸਮਾਧੀ 'ਤੇ ਵਿਸ਼ੇਸ਼ ਮੇਲਾ ਲਗਾਇਆ ਜਾਂਦਾ ਹੈ।

# ਬ੍ਰਹਮ ਗਿਆਨੀ ਬਾਬਾ ਗੋਪਾਲ ਸਿੰਘ ਤੇ ਬਾਬਾ ਲਾਡੋ ਦੀ ਯਾਦ 'ਚ 31ਵਾਂ ਸਾਲਾਨਾ ਸਮਾਗਮ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਥਾਨਕ ਕਸਬਾ ਡੇਰਾ ਬਾਬਾ ਨਾਨਕ ਹੀਰੋ ਮੋਟਰਸਾਈਕਲ ਦੇ ਡੀਲਰ ਅਤੇ ਗੁਰੂ ਨਾਨਕ ਆਟੋ ਮੋਬਾਇਲਜ਼ ਦੇ ਮਾਲਕ ਕੁਲਦੀਪ ਰਾਜ ਨਈਅਰ ਦੇ ਗ੍ਰਹਿ ਮੁਹੱਲਾ ਆਰੀਆ ਸਮਾਜ ਮੰਦਰ ਵਿਖੇ ਬ੍ਰਹਮਗਿਆਨੀ ਸੰਤ ਬਾਬਾ ਗੋਪਾਲ ਸਿੰਘ ਮਹਾਰਾਜ ਅਤੇ ਬਾਬਾ ਲਾਡੋ ਦੀ ਯਾਦ ਵਿੱਚ ਨਈਅਰ ਪਰਿਵਾਰ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 31ਵਾਂ ਸਾਲਾਨਾ ਭੰਡਾਰਾ ਅਤੇ ਜਾਗਰਣ ਕਰਵਾਇਆ ਗਿਆ।ਸ੍ਰੀ ਰਮਾਇਣ ਪਾਠ ਦੇ ਭੋਗ ਪਾਏ ਗਏ। ਉਪਰੰਤ ਸ਼ੀਤਲਾ ਮਾਤਾ ਮੰਦਰ ਮਹਿਲਾ ਕੀਰਤਨ ਮੰਡਲੀ ਸਮੇਤ ਕਸਬੇ ਦੀਆਂ ਵੱਖ-ਵੱਖ ਮਹਿਲਾ ਕੀਰਤਨ ਮੰਡਲੀਆਂ ਵੱਲੋਂ ਭਜਨ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਰਾਤ ਨੂੰ ਸੰਤ ਬਾਬਾ ਗੋਪਾਲ ਸਿੰਘ ਤੇ ਬਾਬਾ ਲਾਡੋ ਦੀ ਯਾਦ ਵਿੱਚ ਜਾਗਰਣ ਕਰਵਾਇਆ ਗਿਆ। ਇਸ ਮੌਕੇ ਸੂਰਜ ਨਈਅਰ, ਦੀਪਕ ਨਈਅਰ, ਕੁਲਦੀਪ ਰਾਜ ਨਈਅਰ ਅਤੇ ਸੁਰੇਖਾ ਰਾਣੀ ਵੱਲੋਂ ਮਹਾਂਮਾਈ ਦੀ ਜੋਤ ਪ੍ਰਚੰਡ ਕੀਤੀ ਗਈ। ਉਪਰੰਤ ਪੰਜਾਬ ਦੇ ਮਸ਼ਹੂਰ ਗਾਇਕ ਸਵਰਗਵਾਸੀ ਮਾਸਟਰ



ਕੰਵਲਜੀਤ ਸਿੰਘ ਦੀ ਜਾਗਰਣ ਮੰਡਲੀ ਦੇ ਗਾਇਕ ਅਮਰ ਕੁਮਾਰ ਧਮਾਕਾ ਤੇ ਉਂਕਾਰ ਸਿੰਘ ਮਹਿਰਮ ਵੱਲੋਂ ਗਣੇਸ਼ ਵੰਦਨਾ ਨਾਲ ਜਾਗਰਣ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਪਰਿਵਾਰ ਵੱਲੋਂ ਸੰਗਤਾਂ ਲਈ ਲੰਗਰ ਭੰਡਾਰਾ ਲਗਾਇਆ ਗਿਆ ਤੇ ਪ੍ਰਮੁੱਖ ਸ਼ਖ਼ਸ਼ੀਅਤਾਂ ਨੂੰ ਸਿਰੋਪਾਓ ਤੇ ਦੁਸ਼ਾਲੇ ਦੇ ਕੇ ਸਨਮਾਨਤ ਵੀ ਕੀਤਾ ਗਿਆ ।ਇਸ ਮੌਕੇ ਰਾਕੇਸ਼ ਕੁਮਾਰ ਨਈਅਰ, ਸੂਰਜ ਨਈਅਰ, ਕੁਲਦੀਪ ਰਾਜ ਨਈਅਰ, ਕੰਵਲਜੀਤ ਸਿੰਘ ਖੁਸ਼ਹਾਲਪੁਰ, ਵਿਜੇ ਨਈਅਰ, ਦੀਪਕ ਨਈਅਰ, ਲਵਲੀ ਨਈਅਰ, ਕੁਮਾਰ ਗੌਰਵ, ਬਾਬਾ ਸ਼ਿਵ ਚਰਨ ਸਿੰਘ ਬੇਦੀ ਕਲਾਨੌਰ, ਹੀਰਾ ਲਾਲ ਬੇਦੀ, ਵਿਜੇ ਕੁਮਾਰ ਬੇਦੀ, ਗਾਰਗੀ, ਕ੍ਰਿਸ਼ਨਾ, ਬਲਰਾਮ, ਰੋਹਿਤ ਬੇਦੀ, ਅਜੇ, ਗੌਰੀ, ਬਵਿਸ਼ ਬੇਦੀ, ਪੰਡਿਤ ਭੂਵਨ ਸ਼ਾਸਤਰੀ, ਬਾਬਾ ਕਮਲਜੀਤ ਬੇਦੀ, ਅਰਜੁਨ ਬੇਦੀ, ਭਗਤ ਵਿਸ਼ਵਾਮਿੱਤਰ, ਰਿੰਪੂ ਮਰਵਾਹਾ, ਰਾਜੇਸ਼ ਡੋਗਰਾ, ਸੁਧੀਰ ਬੇਦੀ, ਅਸ਼ਵਨੀ ਅਰੋੜਾ, ਕਰਨਜੀਤ, ਰਾਕੇਸ਼ ਮਹਾਜਨ, ਡਾਕਟਰ ਸਾਹਿਲ ਮਹਾਜਨ, ਵਿਜੇ ਸ਼ਰਮਾ, ਪ੍ਰਵੀਨ ਮਹਾਜਨ, ਜਸਪਾਲ, ਬਾਬਾ ਚੇਤਨ ਦਾਸ, ਰਮੇਸ਼ ਅਵੱਸਥੀ, ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਕਮਲੇਸ਼ਵਰ ਬੇਦੀ, ਸੰਜੀਵ ਸਰਨਾ, ਦਵਿੰਦਰ ਕੁਮਾਰ, ਰਜਤ ਮਰਵਾਹਾ, ਰਾਜੇਸ਼ ਡੋਗਰਾ, ਨਰੇਸ਼ ਕੁਮਾਰ ਸੇਠੀ, ਡਾ. ਮਨਮੋਹਨ ਭੱਟੀ, ਖੁਸ਼ਪ੍ਰੀਤ ਸਿੰਘ, ਰਾਣਾ, ਮਨਿੰਦਰ ਬੇਦੀ, ਵਿਜੇ ਕੁਮਾਰ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਸਾਈਮਨ ਕਮਿਸ਼ਨ ਦੇ ਇਤਿਹਾਸ ਨੂੰ ਦਰਸਾਉਂਦਾ ਨਾਟਕ ਖੇਡਿਆ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਬੀਤ ਦਿਨ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਬੜਾ ਮਹੱਤਵਪੂਰਨ ਦਿਨ ਹੈ।3 ਫਰਵਰੀ 1928 ਨੂੰ ਸਾਈਮਨ ਕਮਿਸ਼ਨ ਭਾਰਤ ਆਇਆ ਸੀ।ਸਾਈਮਨ ਕਮਿਸ਼ਨ ਸੱਤ ਬ੍ਰਿਟਿਸ਼ ਸਾਂਸਦਾਂ ਦਾ ਇੱਕ ਸਮੂਹ ਸੀ ਜਿਸ ਦਾ ਗਠਨ 7 ਨਵੰਬਰ 1927 ਨੂੰ ਭਾਰਤ ਵਿੱਚ ਸੰਵਿਧਾਨਕ ਸੁਧਾਰਾਂ ਦੇ ਅਧਿਐਨ ਲਈ ਕੀਤਾ ਗਿਆ ਸੀ ਪਰ ਜਦੋਂ ਸਾਈਮਨ ਕਮਿਸ਼ਨ 1928 ਵਿੱਚ ਭਾਰਤ ਆਇਆ ਤਾਂ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਭਾਰਤੀ ਅੰਦੋਲਨਕਾਰੀਆਂ ਨੇ 'ਸਾਈਮਨ ਕਮਿਸ਼ਨ ਵਾਪਸ ਜਾਓ' ਦੇ ਨਾਅਰੇ ਲਗਾ ਕੇ ਇਸ ਕਮਿਸ਼ਨ ਦਾ ਵਿਰੋਧ ਕੀਤਾ ਕਿਉਂਕਿ ਇਸ ਦੇ ਵਿੱਚ ਕੋਈ ਵੀ ਭਾਰਤੀ ਮੈਂਬਰ ਨਹੀਂ ਸੀ।ਸੋ ਬ੍ਰਿਟਿਸ਼ ਸਰਕਾਰ ਦੇ ਸਿਪਾਹੀਆਂ ਨੇ ਅੰਦੋਲਨਕਾਰੀਆਂ 'ਤੇ ਲਾਠੀ ਚਾਰਜ ਕੀਤਾ, ਜਿਸ ਵਿੱਚ ਲਾਲਾ ਲਾਜਪਤ ਰਾਏ ਨੂੰ ਸਿਰ ਤੇ ਗੰਭੀਰ ਸੱਟਾਂ ਲੱਗੀਆਂ ਤੇ ਉਹ ਸ਼ਹੀਦ ਹੋ ਗਏ।ਇਸ ਦਿਨ ਦੇ ਇਤਿਹਾਸ ਨੂੰ ਬੱਚਿਆਂ ਤੱਕ ਪਹੁੰਚਾਉਣ ਲਈ ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਮੈਡਮ ਨੇਹਾ ਖੁੱਲਰ ਦੀ ਅਗਵਾਈ ਵਿੱਚ ਬੱਚਿਆਂ ਦੁਆਰਾ ਇੱਕ ਨਾਟਕ ਪੇਸ਼ ਕੀਤਾ ਗਿਆ ਜਿਸ 'ਚ ਸਾਈਮਨ ਕਮਿਸ਼ਨ ਦੇ ਇਤਿਹਾਸ ਨੂੰ ਦਰਸਾਇਆ ਗਿਆ। ਇਸ ਤੋਂ ਇਲਾਵਾ ਸੱਤਵੀਂ ਕਲਾਸ ਦੀਆਂ ਵਿਦਿਆਰਥਣਾਂ ਪਵਨਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਨੇ ਭਾਸ਼ਣ ਦਿੱਤਾ।

# ਸਭਰਾ ਵਿਖੇ ਕਰਵਾਏ ਧਾਰਮਿਕ ਮੁਕਾਬਲੇ ਚੜ੍ਹਦੀ ਕਲਾ ਨਾਲ ਸੰਪੰਨ



**ਪੱਟੀ (ਬਲਦੇਵ ਸਿੰਘ ਸੰਧੂ)**

ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਨੌਜਵਾਨ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਸਦਕਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਕਿਲ੍ਹਾ ਸਾਹਿਬ ਪਿੰਡ ਸਭਰਾ ਵਿਖੇ ਬੱਚਿਆਂ ਦੇ ਦਸਤਾਰ ਦੁਮਾਲਾ ਗੁਰਬਾਣੀ ਕੰਠ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸ਼ਹੀਦ ਅਕੈਡਮੀ ਭੱਗੂਪੁਰ, ਹਰਗੁਨ ਪਬਲਿਕ ਸਕੂਲ, ਸਰਦਾਰ ਸ਼ਾਮ ਸਿੰਘ ਅਟਾਰੀ ਪਬਲਿਕ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਕੋਹਿਨੂਰ ਅਕੈਡਮੀ ਸਭਰਾ ਦੇ 200 ਤੋਂ ਵੱਧ ਬੱਚਿਆਂ ਅਤੇ ਸੰਗਤਾਂ ਨੇ ਭਾਗ ਲਿਆ।ਇਨ੍ਹਾਂ ਮੁਕਾਬਲਿਆਂ ਵਿੱਚ ਚੌਥੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੀ ਬੱਚਿਆਂ ਦੇ ਗਰੁੱਪ ਬਣਾ ਕੇ ਇਹ ਮੁਕਾਬਲੇ ਕਰਵਾਏ ਗਏ। ਹਰੇਕ ਗਰੁੱਪ ਵਿੱਚ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸ਼ੀਲਡਾਂ, ਸਿੱਖਸ ਫਾਰ ਹਿਊਮੈਨੀਟੀ ਕੈਨੇਡਾ ਦੀ ਪ੍ਰਕਾਸ਼ਿਤ ਕਿਤਾਬ ਅਤੇ ਬਾਕੀ ਸਭਨਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਹਰੇਕ ਸਕੂਲ ਦੀ ਲਾਇਬਰੇਰੀ ਲਈ ਪੰਜ ਪੰਜ ਕਿਤਾਬਾਂ ਭੇਟਾ ਰਹਿਤ ਦਿੱਤੀਆਂ ਗਈਆਂ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਖਜਾਨਚੀ ਭਾਈ ਮਨਦੀਪ ਸਿੰਘ ਘੋਲੀਆਂ ਕਲਾਂ ਅਤੇ ਜੋਨਲ ਇਨਚਾਰਜ ਭਿਖੀਵਿੰਡ ਭਾਈ ਗੁਰਜੰਟ ਸਿੰਘ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਕੀਤਾ।ਪ੍ਰਸਿੱਧ ਸਿੱਖ ਚਿੰਤਕ ਭਾਈ ਪਰਮਪਾਲ ਸਿੰਘ ਸਭਰਾ, ਸ਼੍ਰੋਮਣੀ ਕਵੀਸ਼ਰ ਭਾਈ ਅਮਰਜੀਤ ਸਿੰਘ ਸਭਰਾ, ਸਿੱਖ ਪ੍ਰਚਾਰਕ ਭਾਈ ਚਮਕੌਰ ਸਿੰਘ ਜਰਮਨ, ਹੈੱਡ ਗ੍ਰੰਥੀ ਗੁਰਦੁਆਰਾ ਕਿਲਾ ਸਾਹਿਬ, ਭਾਈ ਮਨਬੀਰ ਸਿੰਘ ਹਰੀਕੇ, ਭਾਈ ਅਮਨਦੀਪ ਸਿੰਘ ਸਭਰਾ ਵੱਲੋਂ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਹੋਇਆਂ ਭਵਿੱਖ ਵਿੱਚ ਹਰੇਕ ਪੱਖ ਤੋਂ ਸਹਿਯੋਗ ਕਰਨ ਦਾ ਭਰੋਸਾ ਦਿਵਾਇਆ।ਗੁਰਬਾਣੀ ਕੰਠ ਮੁਕਾਬਲੇ ਦੀ ਜਜਮੈਂਟ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਜੋਤੀ ਸ਼ਾਹ ਅਤੇ ਭਾਈ ਸੁਖਚੈਨ ਸਿੰਘ ਬੱਠੇ ਭੈਣੀ ਵੱਲੋਂ, ਸੁੰਦਰ ਲਿਖਾਈ ਮੁਕਾਬਲੇ ਦੀ ਜੱਜਮੈਂਟ ਭਾਈ ਹਰਚਰਨ ਸਿੰਘ ਉਬੋਕੇ ਅਤੇ ਦਸਤਾਰ ਦੁਮਾਲਾ ਮੁਕਾਬਲੇ ਦੀ ਜਜਮੈਂਟ ਦਸਤਾਰ ਕੋਆਰਡੀਨੇਟਰ ਭਾਈ ਹਰਜੀਤ ਸਿੰਘ ਲਹਿਰੀ ਅਤੇ ਵਜ਼ੀਰ ਸਿੰਘ ਸੰਗਵਾ ਦੇ ਵੱਲੋਂ ਕੀਤੀ ਗਈ।ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੌਜਵਾਨ ਵੀਰ ਗੁਰਦੇਵ ਸਿੰਘ ਪ੍ਰਧਾਨ ਮਨਜੀਤ ਸਿੰਘ ਕਾਲੇਕੇ, ਮੀਤ ਪ੍ਰਧਾਨ ਗੁਰਨਾਮ ਸਿੰਘ ਵਪਾਰੀ, ਰਸ਼ਪਾਲ ਸਿੰਘ, ਰਣਜੀਤ ਸਿੰਘ, ਬਲਦੇਵ ਸਿੰਘ ਵੱਲੋਂ ਇਲਾਕੇ ਦੇ ਨਾਮਵਰ ਪ੍ਰਚਾਰਕਾਂ ਕਵੀਸ਼ਰਾਂ ਅਤੇ ਸੁਸਾਇਟੀ ਦੇ ਵੀਰਾਂ ਦਾ ਗੁਰੂ ਦੀ ਬਖਸ਼ਿਸ਼ ਸਿਰੋਪਾਓ ਅਤੇ ਸ਼ੀਲਡਾਂ ਨਾਲ ਸਨਮਾਨ ਕੀਤਾ ਗਿਆ।ਇਸ ਮੌਕੇ ਸਕੂਲਾਂ ਦੇ ਅਧਿਆਪਕ ਮੈਡਮ ਸੁਖਪਾਲ ਕੌਰ, ਗੁਰਸੇਵਕ ਸਿੰਘ, ਸਤਨਾਮ ਸਿੰਘ ਅਤੇ ਇਲਾਕੇ ਦੀਆਂ ਬੇਅੰਤ ਸੰਗਤਾਂ ਹਾਜ਼ਰ ਸਨ।ਅਖੀਰ ਸੰਗਤਾਂ ਨੇ ਗੁਰੂ ਕੇ ਅਟੁੱਟ ਲੰਗਰ ਦਾ ਭਰਪੂਰ ਆਨੰਦ ਮਾਣਿਆ।

# ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਜਥਾ ਰਵਾਨਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਸ੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਦੇ ਸੇਵਾਦਾਰ ਭਗਵੰਤ ਸਿੰਘ ਗੁੱਜਰਪੁਰਾ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਜਥਾ ਰਵਾਨਾ ਹੋਇਆ। ਸਵੇਰੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਦਾ ਓਟ ਆਸਰਾ ਲੈ ਕੇ 52 ਸਿੰਘ ਸਿੰਘਣੀਆਂ ਦਾ ਇਹ ਜਥਾ ਜੋ ਕਿ ਬਿਲਕੁਲ ਨਿਸ਼ਕਾਮ ਦਰਸ਼ਨ ਕਰਾਉਂਦਾ ਹਰ ਸਾਲ ਭਗਵੰਤ ਸਿੰਘ ਗੁੱਜਰਪੁਰਾ ਦੀ ਅਗਵਾਈ 'ਚ ਜਾਂਦਾ ਹੈ ਅਤੇ ਸੰਗਤਾਂ ਦਾ ਸਾਰਾ ਖਰਚਾ ਗੁੱਜਰਪੁਰਾ ਆਪਣੀ ਜੇਬ ਵਿੱਚੋਂ ਕਰਦੇ ਹਨ। ਸੰਗਤ ਲਈ ਆਉਣ ਜਾਣ ਦਾ ਕਿਰਾਇਆ, ਖਾਣ ਪੀਣ ਦਾ ਖਰਚਾ ਉਹ ਆਪ ਦਿੰਦੇ ਹਨ ਅਤੇ ਨਾਨਕ ਝੀਰਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਵੀ ਕਰਾਉਂਦੇ ਹਨ। ਭਗਵੰਤ ਸਿੰਘ ਗੁੱਜਰਪੁਰਾ ਸ੍ਰੀ ਹੇਮਕੁੰਡ ਸਾਹਿਬ ਦੀ ਯਾਤਰਾ ਦੌਰਾਨ ਲੰਗਰ ਦੀ ਸੇਵਾ ਵੀ ਕਰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਨ੍ਹਾਂ ਤੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ ਸੇਵਾ ਲੈ ਰਹੇ ਹਨ ਅਤੇ ਇਸੇ ਤਰ੍ਹਾਂ ਮਹਾਰਾਜ ਸੇਵਾ ਲੈਂਦੇ ਰਹਿਣ। ਇਸ ਮੌਕੇ ਉਨ੍ਹਾਂ ਦੇ ਨਾਲ ਕੁਲਦੀਪ ਸਿੰਘ ਭੋਲਾ ਵੀ ਹਾਜ਼ਰ ਸਨ।

# ਸੁਰੱਖਿਆ ਪੱਖੋਂ ਪੰਜਾਬ ਦੀ ਡਾਵਾਂਡੋਲ ਹਾਲਤ 'ਤੇ ਕਾਂਗਰਸੀ ਆਗੂ ਦਿਨੇਸ਼ ਬੱਸੀ ਵੱਲੋਂ ਚਿੰਤਾ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਅਤੇ ਸੀਨੀਅਰ ਕਾਂਗਰਸੀ ਆਗੂ ਦਿਨੇਸ਼ ਬੱਸੀ ਨੇ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਸੁਧਾਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਵਿੱਚ 11ਵਾਂ ਧਮਾਕਾ ਹੈ ਅਤੇ ਸਰਕਾਰ ਗੂੜ੍ਹੀ ਨੀਂਦ ਸੁੱਤੀ ਪਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਡੂੰਘੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ।ਹਰ ਹਫ਼ਤੇ ਥਾਣਿਆਂ ਵਿੱਚ ਧਮਾਕੇ ਹੋ ਰਹੇ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਦਿੱਲੀ ਵਿੱਚ ਚੋਣਾਂ ਵਿੱਚ ਰੁੱਝੇ ਹੋਏ ਹਨ।ਪੰਜਾਬ ਨੂੰ ਇਸ ਸਮੇਂ ਇੱਕ ਸਿਆਣੇ ਆਗੂ ਦੀ ਲੋੜ ਹੈ ਜੋ ਇਸ ਸਥਿਤੀ ਨੂੰ ਚੰਗੀ ਤਰ੍ਹਾਂ ਸੰਭਾਲ ਸਕੇ।ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਬਦਲਾਅ ਦਾ ਨਾਅਰਾ ਮਾਰ ਕੇ ਜਿੱਤ ਪ੍ਰਾਪਤ ਕੀਤੀ ਸੀ ਪਰ ਸ਼ਾਇਦ ਹੀ ਕਿਸੇ ਨੇ ਅਜਿਹੀ ਤਬਦੀਲੀ ਦੀ ਕਲਪਨਾ ਕੀਤੀ ਹੋਵੇਗੀ।ਨਸ਼ਿਆਂ ਦੀ ਆਮਦ ਵਧ ਰਹੀ ਹੈ, ਵਪਾਰੀਆਂ ਨੂੰ ਫਿਰੌਤੀ ਲਈ ਤੰਗ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਪੁਲਸ ਹੁਣ ਆਪਣੀ ਰੱਖਿਆ ਕਰਨ ਦੇ ਅਸਮਰੱਥ ਹੈ।ਇਹ ਸਾਰੇ ਬਦਲਾਅ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹੋਏ ਹਨ, ਅਜਿਹੀ ਸਥਿਤੀ ਵਿੱਚ ਨੈਤਿਕਤਾ ਦੇ ਆਧਾਰ ਤੇ ਅਤੇ ਪੰਜਾਬ ਨੂੰ ਸੁਰੱਖਿਅਤ ਰੱਖਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣਾ ਅਹੁਦਾ ਛੱਡ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖਾਸ ਕਰਕੇ ਅੰਮ੍ਰਿਤਸਰ ਵਿੱਚ ਸੁਰੱਖਿਆ ਵਧੇਰੇ ਹੋਣੀ ਚਾਹੀਦੀ ਹੈ ਕਿਉਂਕਿ ਇਹ ਇੱਕ ਸਰਹੱਦੀ ਇਲਾਕਾ ਹੈ ਪਰ ਇਸ ਸਮੇਂ ਅਜਿਹਾ ਲੱਗਦਾ ਹੈ ਕਿ ਮੁੱਖ ਮੰਤਰੀ ਸਥਿਤੀ ਨੂੰ ਸੰਭਾਲਣ ਵਿੱਚ ਅਸਮਰੱਥ ਹਨ।ਦਿਨੇਸ਼ ਬੱਸੀ ਨੇ ਕਿਹਾ ਕਿ ਪੰਜਾਬ ਵਿੱਚ ਲਗਾਤਾਰ ਧਮਾਕੇ ਹੋ ਰਹੇ ਹਨ ਅਤੇ ਪੁਲਸ ਇਸਨੂੰ ਸਵੀਕਾਰ ਨਹੀਂ ਕਰ ਰਹੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਪੁਲਸ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ ਅਤੇ ਆਪਣੀ ਰੱਖਿਆ ਕਰਨ ਦੇ ਯੋਗ ਨਹੀਂ ਹੈ।ਪੁਲਸ ਜੋ ਸੁਚੇਤ ਹੋਣ ਦੇ ਬਾਵਜੂਦ ਆਪਣੀ ਰੱਖਿਆ ਕਰਨ ਵਿੱਚ ਅਸਮਰੱਥ ਹੈ, ਜਨਤਾ ਦੀ ਰੱਖਿਆ ਕਿਵੇਂ ਕਰੇਗੀ ? ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਦੇ ਬਿਹਤਰ ਭਵਿੱਖ ਲਈ ਪੰਜਾਬ ਛੱਡ ਦੇਣਾ ਚਾਹੀਦਾ ਹੈ ਅਤੇ ਪੁਲਸ ਦੇ ਹੱਥ ਖੋਲ੍ਹ ਦੇਣੇ ਚਾਹੀਦੇ ਹਨ ਤਾਂ ਜੋ ਲੋਕ ਪਹਿਲਾਂ ਵਾਂਗ ਸ਼ਾਂਤੀ ਨਾਲ ਰਹਿ ਸਕਣ।


ਨਵਾਂ ਜ਼ਮਾਨਾ
ਵੀਰਵਾਰ, 6 ਫ਼ਰਵਰੀ 2025

# ਸਾਰੇ ਏਮਜ਼ 'ਚ ਪ੍ਰੋਫੈਸਰਾਂ ਦਾ ਟੋਟਾ

*ਰਾਜ ਸਭਾ 'ਚ ਆਮ ਆਦਮੀ ਪਾਰਟੀ ਦੇ ਮੈਂਬਰ ਸੰਜੀਵ ਅਰੋੜਾ ਦੇ ਸਵਾਲ ਦੇ ਜਵਾਬ 'ਚ ਕੇਂਦਰੀ ਸਿਹਤ ਮੰਤਰਾਲੇ ਨੇ ਮੰਗਲਵਾਰ ਦੇਸ਼ ਦੇ ਪ੍ਰਮੁੱਖ ਕਾਲਜ-ਹਸਪਤਾਲਾਂ 'ਆਲ ਇੰਡੀਆ ਇੰਸਟੀਚਿਊਟਸ ਆਫ ਮੈਡੀਕਲ ਸਾਇੰਸਿਜ਼' (ਏਮਜ਼) ਵਿੱਚ ਖਾਲੀ ਪਏ ਅਹੁਦਿਆਂ ਦੇ ਜਿਹੜੇ ਅੰਕੜੇ ਦਿੱਤੇ, ਉਹ ਦਰਸਾਉਂਦੇ ਹਨ ਕਿ ਸਰਕਾਰ ਕਿੰਨੀ ਲਾਪ੍ਰਵਾਹ ਹੈ। ਇਸ ਵੇਲੇ ਪੂਰੀ ਤਰ੍ਹਾਂ ਚੱਲ ਰਹੇ ਸੱਤਾਂ ਏਮਜ਼ 'ਚ ਪ੍ਰੋਫੈਸਰਾਂ ਦੀਆਂ ਪ੍ਰਵਾਨਤ ਪੋਸਟਾਂ ਵਿੱਚੋਂ 23 ਫੀਸਦੀ ਤੋਂ 38 ਫੀਸਦੀ ਪੋਸਟਾਂ ਖਾਲੀ ਹਨ। ਇਹ ਏਮਜ਼ ਦਿੱਲੀ, ਭੋਪਾਲ, ਭੁਬਨੇਸ਼ਵਰ, ਜੋਧਪੁਰ, ਪਟਨਾ, ਰਾਇਪੁਰ ਤੇ ਰਿਸ਼ੀਕੇਸ਼ ਵਿੱਚ ਚੱਲ ਰਹੇ ਹਨ। ਏਮਜ਼ ਦਿੱਲੀ 'ਚ ਪ੍ਰਵਾਨਤ ਪੋਸਟਾਂ 1235 ਹਨ ਤੇ ਇਨ੍ਹਾਂ ਵਿੱਚੋਂ 425 (34 ਫੀਸਦੀ) ਖਾਲੀ ਹਨ। ਇਹ ਹਾਲਤ ਅਗਸਤ 2023 ਨਾਲੋਂ ਵੀ ਮਾੜੀ ਹੈ, ਜਦੋਂ ਪ੍ਰਵਾਨਤ ਪੋਸਟਾਂ 1131 ਸਨ ਤੇ ਖਾਲੀ 227 (20 ਫੀਸਦੀ) ਸਨ। ਜੋਧਪੁਰ 'ਚ 305 ਵਿੱਚੋਂ 85 ਖਾਲੀ ਹਨ, ਜਦੋਂ ਕਿ 2023 ਵਿੱਚ 81 ਖਾਲੀ ਸਨ। ਰਿਸ਼ੀਕੇਸ਼ ਵਿੱਚ 355 ਵਿੱਚੋਂ 141 (39 ਫੀਸਦੀ) ਖਾਲੀ ਹਨ, ਜਦੋਂ ਕਿ 2023 ਵਿੱਚ 305 ਵਿੱਚੋਂ 105 (34 ਫੀਸਦੀ) ਖਾਲੀ ਸਨ। ਕਲਿਆਣੀ 'ਚ ਬਣਾਏ ਗਏ ਏਮਜ਼ ਲਈ 259 ਪੋਸਟਾਂ ਪ੍ਰਵਾਨਤ ਹਨ ਤੇ ਇਨ੍ਹਾਂ ਵਿੱਚੋਂ ਕੋਈ ਨਹੀਂ ਭਰੀ ਗਈ। ਏਮਜ਼ ਭੁਬਨੇਸ਼ਵਰ 'ਚ ਪ੍ਰਵਾਨਤ 315 ਵਿੱਚੋਂ 78, ਰਾਇਪੁਰ 'ਚ ਪ੍ਰਵਾਨਤ 305 ਵਿੱਚੋਂ 117, ਪਟਨਾ 'ਚ ਪ੍ਰਵਾਨਤ 305 ਵਿੱਚੋਂ 81 ਪੋਸਟਾਂ ਖਾਲੀ ਹਨ। ਪ੍ਰੋਫੈਸਰਾਂ ਹੀ ਨਹੀਂ, ਗੈਰ-ਪ੍ਰੋਫੈਸਰਾਂ ਦੀਆਂ ਪੋਸਟਾਂ ਦਾ ਵੀ ਇਹੀ ਹਾਲ ਹੈ। ਮਸਲਨ ਦਿੱਲੀ ਏਮਜ਼ ਵਿਚ ਇਨ੍ਹਾਂ ਦੀਆਂ ਪ੍ਰਵਾਨਤ 14300 ਪੋਸਟਾਂ ਵਿੱਚੋਂ 2242 ਤੇ ਕਲਿਆਣੀ 'ਚ 1527 ਵਿੱਚੋਂ 615 ਖਾਲੀ ਸਨ।*

*ਸਰਕਾਰ ਨੇ ਇਹ ਜਵਾਬ 2025-26 ਦਾ ਕੇਂਦਰੀ ਬਜਟ ਪੇਸ਼ ਕਰਨ ਤੋਂ ਤਿੰਨ ਦਿਨ ਬਾਅਦ ਦਿੱਤਾ। ਬਜਟ ਵਿੱਚ ਕਿਹਾ ਗਿਆ ਸੀ ਕਿ ਅਗਲੇ ਪੰਜ ਸਾਲਾਂ ਵਿੱਚ 75 ਹਜ਼ਾਰ ਹੋਰ ਮੈਡੀਕਲ ਸੀਟਾਂ ਕਾਇਮ ਕੀਤੀਆਂ ਜਾਣਗੀਆਂ। ਮੈਡੀਕਲ ਮਾਹਰਾਂ ਦਾ ਕਹਿਣਾ ਹੈ ਕਿ ਜੇ ਲੋੜੀਂਦੇ ਪ੍ਰੋਫੈਸਰ ਤੇ ਦੂਜੇ ਮੁਲਾਜ਼ਮ ਨਿਯੁਕਤ ਨਾ ਕੀਤੇ ਗਏ ਤਾਂ ਏਨੀਆਂ ਹੋਰ ਸੀਟਾਂ ਕਾਇਮ ਕਰਨ ਨਾਲ ਮੈਡੀਕਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਹੋਰ ਸੱਤਿਆਨਾਸ ਹੋਵੇਗਾ।*

# ਪੂੰਜੀਵਾਦ ਮੁਨਾਫੇ 'ਤੇ ਅਧਾਰਤ ਸ਼ੋਸ਼ਣਕਾਰੀ ਆਰਥਕ ਪ੍ਰਬੰਧ



ਪਵਨ ਕੁਮਾਰ ਕੌਸ਼ਲ

ਬੁਰਜੂਆ/ਸਰਮਾਏਦਾਰੀ ਇੱਕ ਜਮਾਤ ਹੈ, ਜੋ ਉਤਪਾਦਨ ਦੇ ਸਾਧਨਾਂ ਅਤੇ ਨਾਲ ਹੀ ਲਗਭਗ ਸਾਰੀ ਦੌਲਤ ਨੂੰ ਕੰਟਰੋਲ ਕਰਦੀ ਹੈ। ਬੁਰਜੂਆਜੀ ਖਾਸੇ ਬੁਰਜੂਆਜੀ ਤੋਂ ਭਾਵ ਆਧੁਨਿਕ ਸਰਮਾਏਦਾਰਾਂ ਦੀ ਜਮਾਤ, ਸਮਾਜਿਕ ਪੈਦਾਵਾਰ ਦੇ ਸਾਧਨਾਂ ਦੇ ਮਾਲਕ ਅਤੇ ਉਜਰਤੀ ਮਜ਼ਦੂਰਾਂ ਦੇ ਮਾਲਕ ਹਨ ਅਤੇ ਮਜ਼ਦੂਰ ਜਮਾਤ ਦਾ ਸ਼ੋਸ਼ਣ ਕਰਦੀ ਹੈ।

ਪੂੰਜੀਵਾਦ ਇੱਕ ਅਜਿਹੀ ਆਰਥਿਕ ਪ੍ਰਣਾਲੀ ਹੈ, ਜਿਸ ਵਿੱਚ ਉਤਪਾਦਨ ਦੇ ਜ਼ਿਆਦਾਤਰ ਸਾਧਨਾਂ ਦੀ ਵਿਅਕਤੀਗਤ ਮਾਲਕੀਅਤ 'ਤੇ ਨਿਯੰਤਰਣ ਹੁੰਦਾ ਹੈ। ਜ਼ਿਆਦਾਤਰ ਪੂੰਜੀਪਤੀ ਕਾਰਪੋਰੇਟ ਘਰਾਣਿਆਂ ਦੇ ਮਾਲਕ ਵੀ ਹੁੰਦੇ ਹਨ, ਜੋ ਕਾਰੋਬਾਰ ਲਈ ਦੂਜੀਆਂ ਕੰਪਨੀਆਂ ਨਾਲ ਮੁਕਾਬਲਾ ਕਰਦੀਆਂ ਹਨ। ਸਰਮਾਏਦਾਰੀ ਕਾਰੋਬਾਰ ਪੂੰਜੀਵਾਦ ਅਸਮਾਨਤਾਵਾਂ ਪੈਦਾ ਕਰਦਾ ਹੈ। ਪੂੰਜੀਵਾਦ ਵਿੱਚ ਕਾਰਪੋਰੇਟ ਫਰਮਾਂ ਮਜ਼ਦੂਰਾਂ ਅਤੇ ਖਪਤਕਾਰਾਂ ਉੱਤੇ ਏਕਾ-ਅਧਿਕਾਰ ਦਾ ਹੱਕ ਜਿਤਾਉਂਦੀਆਂ ਹਨ। ਪੂੰਜੀਵਾਦੀ ਆਰਥਿਕਤਾ ਦਾ ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਮਨੋਰਥ ਹੁੰਦਾ ਹੈ। ਕਾਰੋਬਾਰੀਆ ਸਰੋਤਾਂ ਨੂੰ ਇਸ ਤਰੀਕੇ ਨਾਲ ਵਰਤਦਾ ਹੈ ਕਿ ਇਹ ਕੁਦਰਤੀ ਸੰਤੁਲਨ ਨੂੰ ਤਬਾਹ ਕਰਕੇ ਵਾਤਾਵਰਣ ਦੀਆਂ ਸਮੱਸਿਆਵਾਂ ਖੜੀਆਂ ਕਰ ਦਿੰਦਾ ਹੈ। ਪੂੰਜੀਵਾਦੀ ਆਰਥਕ-ਸਮਾਜਕ ਪ੍ਰਬੰਧ ਅਧੀਨ ਆਰਥਕ ਅਸਮਾਨਤਾ ਖਤਮ ਨਹੀ ਹੋ ਸਕਦੀ, ਸਗੋਂ ਇਹ ਵਧਦੀ ਜਾਂਦੀ ਹੈ। ਵਿਸ਼ਵ ਦੀ ਬਹੁਤ ਘੱਟ ਗਿਣਤੀ ਕੋਈ 1 ਫੀਸਦੀ ਅਮੀਰ ਲੋਕ ਸੱਭ ਤੋ ਘੱਟ ਟੈਕਸ ਅਦਾ ਕਰਦੇ ਹਨ ਅਤੇ ਸਭ ਤੋਂ ਵੱਧ ਮੁਨਾਫਾ ਕਮਾਉਂਦੇ ਹਨ।

ਵਿਸ਼ਵਵਿਆਪੀ ਆਰਥਕ ਅਸਮਾਨਤਾ ਵਿਨਾਸ਼ਕਾਰੀ ਪੱਧਰ 'ਤੇ ਪਹੁੰਚ ਗਈ ਹੈ। ਦੁਨੀਆ ਦੀ ਇੱਕ ਫੀਸਦੀ ਆਬਾਦੀ ਕੋਲ 45 ਫੀਸਦੀ ਦੌਲਤ ਹੈ (2015 ਗਲੋਬਲ ਵੈੱਲਥ ਰਿਪੋਰਟ), ਜਦੋਂ ਕਿ ਲੱਖਾਂ ਲੋਕ ਜਾਂ ਤਾਂ ਬੇਰੁਜ਼ਗਾਰ ਹਨ ਜਾਂ ਨੌਕਰੀਆਂ ਵਿੱਚ ਅੱਧ ਵਿਚਕਾਰ ਲਟਕੇ ਹੋਏ ਹਨ, ਜੋ ਬਿਨਾਂ ਰੁਜ਼ਗਾਰ ਸੁਰੱਖਿਆ ਦੇ ਮੁਸ਼ਕਲ ਨਾਲ ਗੁਜ਼ਾਰਾ ਕਰਨ ਯੋਗੀ ਤਨਖਾਹ ਉਪਰ ਕੰਮ ਕਰਦੇ ਹਨ। ਪੂੰਜੀਵਾਦ ਸਾਨੂੰ ਸਭ ਨੂੰ ਲਾਚਾਰ ਬਣਾ ਰਿਹਾ ਹੈ।

ਲਗਾਤਾਰ ਵਧ ਰਹੀ ਗਰੀਬੀ ਅਤੇ ਬੇਰੁਜਗਾਰੀ ਦੂਰ ਕਰਨ ਲਈ ਬਹੁਤ ਹੀ ਘੱਟ ਜਾਂ ਕੋਈ ਹੱਲ ਪੇਸ਼ ਨਹੀ ਕਰਦਾ, ਸਗੋਂ ਆਮਦਨੀ ਵਿੱਚ ਅਸਮਾਨਤਾ ਦੇ ਪਾੜੇ ਨੂੰ ਹੋਰ ਵਧਾ ਰਿਹਾ ਹੈ। ਕਰੋੜਾਂ ਮਜ਼ਦੂਰਾਂ ਨੂੰ ਗੁਜ਼ਾਰੇ ਯੋਗੀ ਮਜ਼ਦੂਰੀ ਦੇਣ ਵਿੱਚ ਅਸਫਲ ਰਹਿੰਦਾ ਹੈ। ਵਧ ਰਹੇ ਆਟੋਮੇਸ਼ਨ (ਸਵੈ-ਚਾਲਕਤਾ) ਦੇ ਮੱਦੇਨਜ਼ਰ ਲੋੜੀਂਦੀਆਂ ਮਨੁੱਖੀ ਨੌਕਰੀਆਂ ਉਪੱਲਭਧ ਨਹੀ ਹੁੰਦੀਆਂ। ਕਾਰੋਬਾਰਾਂ ਨੂੰ ਉਹਨਾਂ ਦੀਆਂ ਗਤੀਵਿਧੀਆਂ ਦੇ ਪੂਰੇ ਸਮਾਜਿਕ ਖਰਚਿਆਂ ਨਾਲ ਪੂਰਤੀ ਨਹੀਂ ਕਰਦਾ । ਪੂੰਜੀਵਾਦ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਸਰਗਰਮ ਰਹਿੰਦਾ ਹੈ ਤਾਂ ਕਿ ਅਮੀਰ ਅਤੇ ਤਾਕਤਵਰ ਲੋਕ ਕੁੱਝ ਅਧਿਕਾਰਾਂ ਦੇ ਨਾਲ ਬਹੁਗਿਣਤੀ ਸੰਸਾਰ ਨੂੰ ਗੁਲਾਮ ਬਣਾ ਕੇ ਆਪਣੀ ਸਥਿਤੀ ਨੂੰ ਕਾਇਮ ਰੱਖਣ ਦੇ ਯੋਗ ਬਣਾ ਸਕਣ।

'ਫਾਈਨੈਂਸ਼ੀਅਲ ਟਾਈਮਜ਼' ਦੁਆਰਾ ਦਰਸਾਏ ਗਏ ਨੌਜਵਾਨਾਂ ਦੀਆਂ ਕੁਝ ਸਭ ਤੋਂ ਵੱਧ ਦਬਾਉਣ ਵਾਲੀਆਂ ਚਿੰਤਾਵਾਂ ਵਿੱਚ ਵੱਡੇ ਕਰਜ਼ੇ; ਰਿਹਾਇਸ਼ ਦੀ ਬਹੁਤ ਜ਼ਿਆਦਾ ਲਾਗਤ, ਨੌਕਰੀਆਂ ਦੀ ਘਾਟ, ਚੱਲ ਰਹੇ ਜਲਵਾਯੂ ਸੰਕਟ ਅਤੇ ਸਮੁੱਚੀ ਭਾਵਨਾ ਕਿ ਉਹਨਾਂ ਦੇ ਅਤੇ ਉਹਨਾਂ ਦੇ ਬੱਚਿਆਂ ਲਈ ਉਹਨਾਂ ਦੇ ਮਾਪਿਆਂ ਦੇ ਮੁਕਾਬਲੇ ਜ਼ਿੰਦਗੀ ਬਦਤਰ ਹੋਵੇਗੀ ਸ਼ਾਮਲ ਹਨ। ਅਮਰੀਕਾ ਵਿੱਚ ਇਹ ਆਮ ਗੱਲ ਹੈ ਕਿ ਜਿਹੜਾ ਕੋਈ ਵੀ ਗਰੈਜੂਏਸ਼ਨ (ਬੀ ਏ) ਕਰਕੇ ਨਿਕਲਦਾ ਹੈ ਤਾਂ ਉਹ ਨਿਕਲਦਾ ਹੀ ਹਜ਼ਾਰਾਂ ਡਾਲਰਾਂ ਦਾ ਕਰਜ਼ਾਈ ਹੁੰਦਾ ਹੈ।

ਬ੍ਰਿਟੇਨ ਵਿੱਚ 35 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੇ ਪਿਛਲੇ ਸਾਲ ਵਿੱਚ ਲਗਭਗ 80 ਪ੍ਰਤੀਸ਼ਤ ਨੌਕਰੀਆਂ ਗੁਆ ਦਿੱਤੀਆਂ ਹਨ। ਕੋਵਿਡ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਲਗਭਗ 3,00,000 ਨੌਕਰੀਆਂ ਚਲੀਆਂ ਗਈਆਂ। ਭਾਰਤ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਮਜ਼ਦੂਰਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਰੋਜ਼ਗਾਰ ਤੋਂ ਹੱਥ ਧੋਣੇ ਪਏ।

ਨੌਜਵਾਨਾਂ ਵਿੱਚ ਇਸ ਬੇਰੁਜ਼ਗਾਰੀ ਦਾ ਅਸਰ ਕਿਤੇ ਹੋਰ ਵੀ ਭੈੜਾ ਦੇਖਿਆ ਜਾ ਸਕਦਾ ਹੈ। ਵਧਦੀ ਜਾ ਰਹੀ ਆਰਥਕ ਅਸਮਾਨਤਾ, ਗਰੀਬੀ ਅਤੇ ਭੋਜਨ ਦੀ ਅਸੁਰੱਖਿਆ, ਖਾਸ ਕਰਕੇ ਅਮਰੀਕਾ, ਭਾਰਤੀ ਉਪ ਮਹਾਂਦੀਪ ਤੋਂ ਇਲਾਵਾ ਨੌਜਵਾਨ ਆਪਣੇ ਆਪ ਨੂੰ ਸਮਰਥਨ ਦੇਣ ਲਈ ਹਤਾਸ਼ ਅਤੇ ਘਟੀਆ ਸਾਧਨਾਂ ਵੱਲ ਮੁੜ ਰਹੇ ਹਨ। ਨੌਜਵਾਨਾਂ ਅੰਦਰ ਆਪਣਾ ਸਰੀਰ ਵੇਚਣ ਦਾ ਰੁਝਾਨ ਵਧ ਰਿਹਾ ਹੈ। 2017-19 ਦੇ ਵਿਚਕਾਰ ਯੂ ਕੇ ਵਿੱਚ ਵੇਸਵਾਗਮਨੀ, ਨੰਗੇਜ਼ਤਾ ਅਤੇ ਅਸ਼ਲੀਲਤਾ ਵੱਲ ਮੁੜਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਪਹਿਲਾਂ ਤੋਂ ਦੁੱਗਣੀ ਹੋ ਗਈ ਹੈ।

ਇਹ ਤੱਥ ਕਿ ਲੱਖਾਂ ਨੌਜਵਾਨ ਇਸ ਕਿਸਮ ਦੀ ਖ਼ਤਰਨਾਕ ਅਤੇ ਅਮਾਨਵੀ ਗਤੀਵਿਧੀ ਦੀ ਚੋਣ ਕਰ ਰਹੇ ਹਨ, ਇਹ ਪੂੰਜੀਵਾਦ ਅਤੇ ਲੋਕਾਂ ਨੂੰ ਪ੍ਰਦਾਨ ਕਰਨ ਦੀ ਇਸ ਦੀ ਯੋਗਤਾ ਦਾ ਇੱਕ ਘਿਨਾਉਣਾ ਕਾਰਜ ਹੈ। ਨੌਕਰੀਆਂ ਏਨੀਆਂ ਘੱਟ ਹੋਣ ਕਾਰਨ ਅੰਤਰਰਾਸ਼ਟਰੀ ਸੈਕਸ ਟੂਰਿਜ਼ਮ ਲਈ ਇੱਕ ਪ੍ਰਮੁੱਖ ਮੰਜ਼ਲ ਜਰਮਨੀ ਵਿੱਚ ਇੱਕ ਆਗਿਆਕਾਰੀ ਵੇਸਵਾਗਮਨੀ ਨੀਤੀ ਹੈ ਅਤੇ ਇੱਕ ਪੂਰੀ ਤਰ੍ਹਾਂ ਕਾਨੂੰਨੀ ਅਤੇ ਨਿਯੰਤ੍ਰਿਤ ਸੈਕਸ ਵਪਾਰ ਹੈ।

ਵੇਸਵਾਗਮਨੀ ਸਵਿਟਜ਼ਰਲੈਂਡ ਵਿੱਚ ਕਾਨੂੰਨੀ ਅਤੇ ਨਿਯੰਤ੍ਰਿਤ ਹੈ। ਨੀਦਰਲੈਂਡ ਸਾਲ 2000 ਵਿੱਚ ਵੇਸਵਾਗਮਨੀ ਨੂੰ ਕਾਨੂੰਨੀ ਮਾਨਤਾ ਦੇਣ ਵਾਲੇ ਪਹਿਲੇ ਦੇਸ਼ਾਂ ਵਿੱਚੋਂ ਇੱਕ ਸੀ। ਬੰਗਲਾਦੇਸ਼, ਨਿਊ ਜ਼ੀਲੈਂਡ, ਜਰਮਨੀ, ਬ੍ਰਾਜ਼ੀਲ, ਡੈਨਮਾਰਕ, ਯੂਰਪ ਅਤੇ ਏਸ਼ੀਆ ਦੇ ਬਹੁਤ ਸਾਰੇ ਹੋਰ ਦੇਸ਼ਾਂ 'ਚ ਵੇਸਵਾਗਮਨੀ ਨੂੰ ਕਾਨੂੰਨੀ ਮਾਨਤਾ ਦਿੱਤੀ ਹੋਈ ਹੈ।

ਨੌਜਵਾਨ ਪੂੰਜੀਵਾਦ ਦੇ ਸੰਕਟ ਦਾ ਸ਼ਿਕਾਰ ਹਨ ਅਤੇ ਆਰਥਿਕ ਮੰਦਹਾਲੀ ਦੀ ਮਾਰ ਝੱਲ ਰਹੇ ਹਨ, ਜਿਸ ਦਾ ਅਸਰ ਸਮਾਜ ਦੇ ਸਰਮਾਏਦਾਰਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਛੱਡ ਕੇ ਬਾਕੀ ਸਭ ਉਪਰ ਪੈ ਰਿਹਾ ਹੈ। ਪਹਿਲਾਂ ਨਾਲੋਂ ਕਿਤੇ ਵੱਧ, ਕਿਰਤੀ-ਸ਼੍ਰੇਣੀ ਦੇ ਨੌਜਵਾਨਾਂ ਕੋਲ ਸਿੱਖਿਆ ਛੱਡਣ ਨਾਲੋਂ ਬਿਹਤਰ ਜੀਵਨ ਦੀ ਕੋਈ ਸੰਭਾਵਨਾ ਨਹੀਂ। ਇੱਥੋਂ ਤੱਕ ਕਿ ਉੱਚ ਪੜ੍ਹੇ-ਲਿਖੇ ਮੱਧ ਵਰਗ ਵੀ ਉਸੇ ਦਿਸ਼ਾ ਵੱਲ ਜਾ ਰਹੇ ਹਨ। ਦਰਅਸਲ ਸਭ ਤੋਂ ਵੱਧ ਸੰਭਾਵਤ ਸੰਭਾਵਨਾ ਪਿਛਲੀਆਂ ਪੀੜ੍ਹੀਆਂ ਨਾਲੋਂ ਭੈੜੀ ਜ਼ਿੰਦਗੀ ਹੈ।

ਵਿਸ਼ਵ ਪੱਧਰ 'ਤੇ 2022 ਵਿੱਚ 5 ਸਾਲ ਤੋਂ ਘੱਟ ਉਮਰ ਦੇ 14.9 ਕਰੋੜ ਬੱਚਿਆਂ ਦੇ ਸਟੰਟ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਲਗਭਗ ਅੱਧੀਆਂ ਮੌਤਾਂ ਕੁਪੋਸ਼ਣ ਨਾਲ ਜੁੜੀਆਂ ਹੋਈਆਂ ਹਨ। ਭਾਰਤ ਵਿਸ਼ਵ ਵਿੱਚ ਬਾਲ ਕੁਪੋਸ਼ਣ ਦੀਆਂ ਸਭ ਤੋਂ ਭੈੜੀਆਂ ਦਰਾਂ ਵਿੱਚੋਂ ਇੱਕ ਹੈ ਵਿਸ਼ਵ ਪੱਧਰ 'ਤੇ ਕੁਪੋਸ਼ਿਤ ਬੱਚਿਆਂ ਵਿੱਚੋਂ ਇੱਕ ਤਿਹਾਈ ਭਾਰਤੀ ਹਨ। ਲਗਭਗ 82.8 ਕਰੋੜ ਲੋਕ ਵਿਸ਼ਵ ਆਬਾਦੀ ਦਾ ਲਗਭਗ 10 ਫੀਸਦੀ ਨਿਯਮਤ ਤੌਰ 'ਤੇ ਭੁੱਖੇ ਸੌਂਦੇ ਹਨ।

ਮੌਜੂਦਾ ਘਟਨਾਵਾਂ ਅਤੇ ਯੂਕਰੇਨ ਵਿੱਚ ਯੁੱਧ ਵਰਗੇ ਟਕਰਾਅ ਨੇ ਵਿਸ਼ਵਵਿਆਪੀ ਭੋਜਨ ਸਪਲਾਈ ਨੂੰ ਸੀਮਤ ਕਰ ਦਿੱਤਾ ਹੈ, ਕੀਮਤਾਂ ਵਿੱਚ ਵਾਧਾ ਕੀਤਾ ਹੈ ਅਤੇ ਕਮਜ਼ੋਰ ਆਬਾਦੀ ਅਤੇ ਦੇਸ਼ਾਂ ਲਈ ਖ਼ਤਰਾ ਪੇਸ਼ ਕੀਤਾ ਹੈ। ਕੁਪੋਸ਼ਣ ਤੋਂ ਭਾਵ ਪੌਸ਼ਟਿਕ ਤੱਤਾਂ ਦੀ ਮਾਤਰਾ ਵਿੱਚ ਕਮੀਆਂ ਹੋਣਾ, ਜ਼ਰੂਰੀ ਪੌਸ਼ਟਿਕ ਤੱਤਾਂ ਦਾ ਕੁਪੋਸ਼ਣ ਦੇ ਦੋਹਰੇ ਬੋਝ ਅਤੇ ਨਾਲ ਹੀ ਖੁਰਾਕ ਨਾਲ ਸੰਬੰਧਤ ਗੈਰ-ਸੰਚਾਰੀ ਬਿਮਾਰੀਆਂ ਸ਼ਾਮਲ ਹਨ। ਭਾਰਤ ਵਿਸ਼ਵ ਵਿੱਚ ਬਾਲ ਕੁਪੋਸ਼ਣ ਦੀਆਂ ਸਭ ਤੋਂ ਭੈੜੀਆਂ ਹਾਲਤਾਂ ਵਿੱਚੋਂ ਇੱਕ ਹੈ। ਵਿਸ਼ਵ ਪੱਧਰ 'ਤੇ ਕੁਪੋਸ਼ਿਤ ਬੱਚਿਆਂ ਵਿੱਚੋਂ ਇੱਕ ਤਿਹਾਈ ਭਾਰਤੀ ਹਨ।

ਪੂੰਜੀਵਾਦ ਅੰਦਰ ਬੁਢਾਪੇ ਨੂੰ ਨਕਾਰਾਤਮਕ ਅਤੇ ਗਲਤ ਧਾਰਨਾਵਾਂ ਦੇ ਕਾਰਨ ਬਜ਼ੁਰਗ ਲੋਕਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਹ ਸਾਡੇ ਸੱਭਿਆਚਾਰ ਵਿੱਚ ਏਨਾ ਸ਼ਾਮਲ ਹੋ ਚੁੱਕਾ ਹੈ ਕਿ ਅਸੀਂ ਅਕਸਰ ਉਨ੍ਹਾਂ ਵੱਲ ਧਿਆਨ ਹੀ ਨਹੀਂ ਦਿੰਦੇ। ਬਜ਼ੁਰਗਾਂ ਨੂੰ ਅਕਸਰ ਕਮਜ਼ੋਰ ਅਤੇ ਬੁੱਢੇ ਵਜੋਂ ਦਰਸਾਇਆ ਜਾਂਦਾ ਹੈ।

ਪੂੰਜੀਵਾਦ ਦੇ ਇੱਕ ਸ਼ੋਸ਼ਣਕਾਰੀ ਆਰਥਕ ਪ੍ਰਬੰਧ ਹੋਣ ਦੇ ਕਾਰਨ ਮਨੋਰੋਗੀਆਂ ਦੀ ਗਿਣਤੀ ਵਿਆਪਕ ਰੂਪ ਵਿੱਚ ਵਧ ਰਹੀ ਹੈ। ਮਨੋਰੋਗ ਸਭ ਤੋਂ ਜਾਣੇ-ਪਛਾਣੇ ਅਤੇ ਚੰਗੀ ਤਰ੍ਹਾਂ ਅਧਿਐਨ ਕੀਤੇ ਗਏ ਸ਼ਖਸੀਅਤ ਸੰਬੰਧੀ ਵਿਗਾੜਾਂ ਵਿੱਚੋਂ ਇੱਕ ਹੈ। ਮਨੋਰੋਗ ਨੂੰ ਸਮਾਜਿਕ ਰੋਗ ਨਾਲੋਂ ਵਧੇਰੇ ਖਤਰਨਾਕ ਮੰਨਿਆ ਜਾਂਦਾ ਹੈ, ਕਿਉਂਕਿ ਉਹ ਆਪਣੇ ਨੁਕਸਾਨਦੇਹ ਵਿਹਾਰ ਲਈ ਕੋਈ ਪਛਤਾਵਾ ਨਹੀਂ ਦਿਖਾਉਂਦੇ।

ਪੂੰਜੀਵਾਦ ਮਨੋਰੋਗੀਆਂ ਦੀ ਇੱਕ ਪਨਾਹਗਾਹ ਵਜੋਂ ਕੰਮ ਕਰਦਾ ਹੈ। ਅਮਰੀਕਾ ਅੰਦਰ 10 ਵਿੱਚੋਂ 1 ਮਨੋਰੋਗੀ ਹੈ। ਸੰਯੁਕਤ ਰਾਜ ਅਮਰੀਕਾ ਵਿਸ਼ਵ ਪੱਧਰ 'ਤੇ ਸੀਰੀਅਲ ਕਾਤਲਾਂ ਦੀ ਆਪਣੀ ਵਿਸ਼ੇਸ਼ ਸੰਖਿਆ ਲਈ ਵੱਖਰਾ ਹੈ, ਜੋ ਕਿ 5,454 ਜਾਣੇ-ਪਛਾਣੇ ਕੇਸਾਂ ਵਿੱਚੋਂ 66.2 ਫੀਸਦੀ ਹੈ। ਇਸ ਲਈ ਇਹ ਕਿਸੇ ਵੀ ਹੋਰ ਦੇਸ਼ ਨਾਲੋਂ ਤਿੰਨ ਗੁਣਾ ਅਪਰਾਧੀ ਪੈਦਾ ਕਰਦਾ ਹੈ। ਕੁੱਲ ਸੀਰੀਅਲ/ਲੜੀਵਾਰ ਕਤਲਾਂ ਵਿੱਚ ਅਮਰੀਕਾ ਤੋਂ ਬਾਅਦ ਰੂਸ, ਯੂਨਾਈਟਿਡ ਕਿੰਗਡਮ, ਜਾਪਾਨ, ਦੱਖਣੀ ਅਫਰੀਕਾ ਅਤੇ ਭਾਰਤ ਹਨ।

ਭਾਰਤ ਵਿੱਚ ਕਿਵੇਂ ਹਿੰਦੂਤਵੀ ਸਮਾਜਕ-ਮਨੋਰੋਗੀ ਭਾਰਤ 'ਤੇ ਰਾਜ ਕਰਦੇ ਹਨ। ਭਾਰਤ ਵਿੱਚ ਹਿੰਦੂਤਵੀ ਸਮਾਜਕ-ਮਨੋਰੋਗੀ ਨਾ ਤਾਂ ਰਾਸ਼ਟਰਵਾਦੀ ਹਨ ਅਤੇ ਨਾ ਹੀ ਦੇਸ਼ ਭਗਤ। ਇਹ ਮੱਧਯੁਗੀ ਪ੍ਰਤੀਕਿਰਿਆਵਾਦੀ ਤਾਕਤਾਂ ਨਾਗਰਿਕਤਾ, ਨਿਆਂ, ਆਜ਼ਾਦੀ, ਸਮਾਨਤਾ ਅਤੇ ਮਾਨਵਵਾਦ ਦੇ ਵਿਚਾਰ ਨੂੰ ਨਹੀਂ ਸਮਝਦੀਆਂ। ਭਾਰਤੀ ਲੋਕਤੰਤਰ ਹਿੰਦੂਤਵੀ ਤਾਕਤਾਂ ਲਈ ਸਿਰਫ਼ ਚੋਣਾਵੀ ਲੈਣ-ਦੇਣ ਹੈ। ਹਿੰਦੂਤਵੀ ਤਾਕਤਾਂ ਇੱਕ ਖਾਸ ਭਾਰਤੀ ਅਤੇ ਹਿੰਦੂਤਵੀ ਕਿਸਮ ਦੇ ਪੂੰਜੀਵਾਦ ਨੂੰ ਉਤਸ਼ਾਹਤ ਕਰਦੀਆਂ ਹਨ, ਜੋ ਮਨੁੱਖੀ ਜਾਨਾਂ, ਆਜ਼ਾਦੀ ਅਤੇ ਸਨਮਾਨ ਦੀ ਕੀਮਤ 'ਤੇ ਮੁਨਾਫਾ ਕਮਾਉਣ ਦੀਆਂ ਮੁੱਢਲੀਆਂ ਪ੍ਰਕਿਰਿਆਵਾਂ ਦੇ ਆਧਾਰ 'ਤੇ ਸਿਆਸੀ ਤੌਰ 'ਤੇ ਜੁੜੇ ਹੱਕਾਂ ਦੇ ਦੁਆਲੇ ਸੰਗਠਿਤ ਹੁੰਦੀਆਂ ਹਨ।

ਬਿਹਤਰ ਭਵਿੱਖ ਲਈ ਸਾਨੂੰ ਪੂੰਜੀਵਾਦੀ ਸ਼ੋਸ਼ਣਕਾਰੀ ਆਰਥਕ ਪ੍ਰਬੰਧ ਨੂੰ ਖਤਮ ਕਰਕੇ ਸ਼ੋਸ਼ਣ ਰਹਿਤ ਸਮਾਜ ਸਥਾਪਤ ਕਰਨਾ ਹੋਵੇਗਾ। ਇਹ ਯਕੀਨੀ ਬਣਾਏਗਾ ਕਿ ਅੱਜ ਦੇ ਨੌਜਵਾਨਾਂ ਦਾ ਜੀਵਨ ਪੱਧਰ ਪਹਿਲਾਂ ਦੇ ਨੌਜਵਾਨਾਂ ਨਾਲੋਂ ਕਿਤੇ ਬਿਹਤਰ ਹੋ ਸਕਦਾ ਹੈ।

**# ਸੰਪਰਕ : 98550-04500**

# ਕਾਲਪਨਿਕ ਉਡਾਰੀਆਂ ਤੇ ਜ਼ਮੀਨੀ ਹਕੀਕਤਾਂ



ਆਤਮਾ ਸਿੰਘ ਪਮਾਰ

ਮਨੁੱਖੀ ਪੈਦਾਇਸ਼ ਦੇ ਨਾਲ ਹੀ ਇਸ ਦੇ ਦਿਮਾਗ ਅਤੇ ਮਨ ਦੇ ਕਿਸੇ ਕੋਨੇ 'ਚ ਕੁਝ ਅਹਿਮ ਗਤੀਵਿਧੀਆਂ ਦਾ ਪ੍ਰਵੇਸ਼ ਵੀ ਆਪਣੇ ਆਪ ਹੋ ਜਾਂਦਾ ਹੈ, ਜਿਸ ਨੂੰ ਮਨੋਵਿਗਿਆਨੀਆਂ ਵੱਲੋਂ ਦੋ ਭਾਗਾਂ 'ਚ ਵੰਡਿਆ ਗਿਆ ਹੈ, ਜਿਨ੍ਹਾਂ 'ਚੋਂ ਇੱਕ ਨੂੰ ਮਨ ਦੀ ਅਚੇਤ ਅਤੇ ਦੂਸਰੀ ਨੂੰ ਸੁਚੇਤ ਅਵਸਥਾ ਦਾ ਨਾਂਅ ਦਿੱਤਾ ਗਿਆ ਹੈ। ਬਚਪਨ ਦੌਰਾਨ ਦਿਮਾਗ ਦੇ ਘੱਟ ਵਿਕਸਤ ਹੋਣ ਕਰਕੇ ਅਤੇ ਚੰਚਲ ਮਨ ਦੀਆਂ ਜ਼ਰੂਰਤਾਂ, ਇੱਛਾਵਾਂ ਅਤੇ ਲਾਲਸਾਵਾਂ ਆਮ ਤੌਰ 'ਤੇ ਸੀਮਤ ਹੀ ਹੁੰਦੀਆਂ ਹਨ, ਪ੍ਰੰਤੂ ਜਿਵੇਂ-ਜਿਵੇਂ ਮਨੁੱਖ ਦਾ ਦਿਮਾਗੀ ਅਤੇ ਮਾਨਸਿਕ ਪੱਧਰ ਵਿਕਸਤ ਹੋਣ ਲੱਗਦਾ ਹੈ, ਉਸੇ ਪ੍ਰਤੀਸ਼ਤਤਾ 'ਚ ਉਸ ਦੀਆਂ ਸਿਰਫ਼ ਜ਼ਰੂਰਤਾਂ ਹੀ ਨਹੀਂ, ਸਗੋਂ ਲਾਲਸਾਵਾਂ ਦਾ ਗ੍ਰਾਫ ਵੀ ਵਧਦਾ ਜਾਂਦਾ ਹੈ। ਮਨੁੱਖੀ ਮਾਨਸਿਕਤਾ ਦੀ ਪ੍ਰਵਿਰਤੀ ਹੈ ਕਿ ਇਹ ਦੂਸਰਿਆਂ ਦੀ ਰੀਸ/ਨਕਲ ਕਰਕੇ ਖੁਦ ਉਨ੍ਹਾਂ ਵਾਂਗ ਜੀਵਨ ਜਿਊਣ ਲਈ ਹਰ ਹੱਥਕੰਡਾ ਅਪਨਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀ।ਲਾਲਸਾਵਾਂ ਅਤੇ ਇੱਛਾਵਾਂ ਉਸ ਦੇ ਮਨ-ਮਸਤਕ 'ਤੇ ਏਨੀਆਂ ਭਾਰੂ ਹੋ ਜਾਂਦੀਆਂ ਹਨ ਕਿ ਉਹ ਨੈਤਿਕ-ਕਦਰਾਂ ਕੀਮਤਾਂ, ਸਥਾਪਤ ਪਰੰਪਰਾਵਾਂ, ਇਖ਼ਲਾਕ ਅਤੇ ਕਾਨੂੰਨ ਦੀ ਪ੍ਰਵਾਹ ਮੰਨਣ ਤੋਂ ਵੀ ਇਨਕਾਰੀ ਹੋ ਜਾਂਦਾ ਹੈ।

ਸਮਾਜ ਦੇ ਵੱਖ-ਵੱਖ ਖੇਤਰਾਂ 'ਤੇ ਪੰਛੀ ਝਾਤ ਮਾਰਿਆਂ ਕਲਪਨਾ ਅਤੇ ਯਥਾਰਥ ਨੂੰ ਰਲਗੱਡ ਕਰਨ ਕਰਕੇ ਵਾਪਰਦੇ ਵਰਤਾਰਿਆਂ ਤੋਂ ਉਪਜਦੀਆਂ ਦੁਖਦਾਈ ਪ੍ਰਸਥਿਤੀਆਂ ਅਤੇ ਪ੍ਰਾਪਤ ਨਤੀਜਿਆਂ ਦੀ ਤਸਵੀਰ ਚਿੱਟੇ ਦਿਨ ਵਾਂਗ ਸਾਫ ਹੋ ਜਾਵੇਗੀ । ਅਜੋਕੀ ਜਵਾਨੀ ਲਈ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਨਿਰਧਾਰਿਤ ਦਿਸ਼ਾਹੀਣ ਅਤੇ ਗੈਰ-ਪ੍ਰਸੰਗਕ ਨੀਤੀਆਂ ਨੇ ਉਨ੍ਹਾਂ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ, ਜਿਸ ਕਾਰਨ ਉਹ ਨਿਰਾਸ਼ਤਾ ਦੇ ਆਲਮ 'ਚ ਗੁਜ਼ਰ ਰਹੇ ਹਨ। ਅਜਿਹੀਆਂ ਸਥਿਤੀਆਂ 'ਚ ਵਿਚਰਦਿਆਂ ਉਹ ਤਰ੍ਹਾਂ-ਤਰ੍ਹਾਂ ਨਸ਼ਿਆਂ ਤੋਂ ਇਲਾਵਾ ਹੋਰ ਮੁਜਰਮਾਨਾ ਗਤੀਵਿਧੀਆਂ ਦਾ ਹਿੱਸਾ ਵੀ ਬਣ ਰਹੇ ਹਨ। ਜਦੋਂ ਉਹ ਵੱਖ਼ਰੇ-ਵੱਖਰੇ ਵਿਸ਼ਿਆਂ ਨਾਲ ਸਬੰਧਤ ਫਿਲਮਾਂ ਅਤੇ ਨਾਟਕ ਪਰਦੇ 'ਤੇ ਦੇਖਦੇ ਹਨ ਤਾਂ ਕੁਝ ਅਜਿਹੇ ਕਲਪਨਿਕ ਦ੍ਰਿਸ਼ ਵੀ ਦੇਖਣ ਨੂੰ ਮਿਲਦੇ ਹਨ, ਜੋ ਉਨ੍ਹਾਂ ਦੇ ਦਿਲੋਂ ਦਿਮਾਗ ਤੇ ਜਾਦੂਈ ਅਸਰ ਕਰ ਜਾਂਦੇ ਹਨ, ਜਿਸ ਨੂੰ ਉਹ ਆਮ ਜੀਵਨ 'ਚ ਲਾਗੂ ਕਰਨ ਦਾ ਸਿਰਫ਼ ਯਤਨ ਹੀ ਨਹੀਂ ਕਰਦੇ, ਸਗੋਂ ਜਨੂੰਨ ਦੀ ਹੱਦ ਤੱਕ ਚਲੇ ਜਾਂਦੇ ਹਨ।ਉਹ ਲੇਖਕ ਵੱਲੋਂ ਕੀਤੀ ਦਿਮਾਗੀ ਕਲਪਨਾ ਤੋਂ ਪ੍ਰਭਾਵਤ ਹੋ ਜਾਂਦੇ ਹਨ ਕਿ ਕਲਪਨਾ ਅਤੇ ਯਥਾਰਥ ਵਿਚਲੇ ਅਰਥਾਂ ਨੂੰ ਸਮਝਣਾ ਉਨ੍ਹਾਂ ਦੇ ਵੱਸੋਂ ਬਾਹਰੀ ਗੱਲ ਹੋ ਨਿੱਬੜਦੀ ਹੈ। ਇਸੇ ਤਰ੍ਹਾਂ ਹੀ ਕੁਝ ਕੁ ਨੌਜਵਾਨ ਮੁੰਡੇ-ਕੁੜੀਆਂ ਪਹਿਲੀ ਉਮਰੇ ਜਾਂ ਫਿਰ ਵਿਦਿਆਰਥੀ ਜੀਵਨ ਦੌਰਾਨ ਕੁਝ ਲੇਖਕਾਂ ਦੀਆਂ ਰੋਮਾਂਟਿਕ ਫਿਲਮਾਂ, ਨਾਵਲ ਅਤੇ ਕਹਾਣੀਆਂ, ਜਿਨ੍ਹਾਂ ਵਿੱਚ ਕਲਪਨਾਵਾਂ ਦੀ ਭਰਮਾਰ ਜ਼ਿਆਦਾ ਅਤੇ ਜ਼ਮੀਨੀ ਹਕੀਕਤਾਂ ਘੱਟ ਹੁੰਦੀਆਂ ਹਨ, ਨੂੰ ਪੜ੍ਹ, ਸੁਣ ਕੇ ਜਾਂ ਫਿਰ ਦੇਖ ਕੇ ਅਖੌਤੀ ਪਿਆਰ ਤੋਂ ਵੀ ਅਗਾਂਹ ਲੰਘ ਕੇ ਜਜ਼ਬਾਤੀ ਰੌਂਅ 'ਚ ਕਾਹਲੀ ਕਰਦਿਆਂ ਅਸਾਵੀਆਂ ਪ੍ਰਸਥਿਤੀਆਂ ਨੂੰ ਅਣਗੌਲਦਿਆਂ, ਜਾਤੀ, ਧਰਮ ਆਦਿ ਦੀ ਨਜ਼ਰਅੰਦਾਜ਼ੀ ਕਰਕੇ ਅਤੇ ਮਾਪਿਆਂ ਦੀ ਅਸਹਿਮਤੀ ਨੂੰ ਦਰਕਿਨਾਰ ਕਰਦਿਆਂ, ਪਿਆਰ ਵਿਆਹ ਤੱਕ ਕਰਵਾਉਣ ਦੇ ਗੈਰ-ਪ੍ਰਸੰਗਕ ਫੈਸਲੇ ਵੀ ਲੈ ਬੈਠਦੇ ਹਨ । ਇਸ ਸਭ ਕੁਝ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਅਤੇ ਬਾਅਦ 'ਚ ਕੁਝ ਕੁ ਕੇਸਾਂ ਨੂੰ ਛੱਡ ਕੇ ਜਦੋਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਸਮੇਂ ਜੋ ਹਸ਼ਰ ਹੁੰਦਾ ਹੈ, ਉਸ ਨੂੰ ਕਈ ਵਾਰ ਸ਼ਬਦਾਂ 'ਚ ਬਿਆਨ ਕਰਨਾ ਵੀ ਕਠਿਨ ਹੋ ਜਾਂਦਾ ਹੈ। ਇਸ ਦੌਰਾਨ ਨਿਰਦੋਸ਼ ਅਤੇ ਅਣਭੋਲ ਮਾਪਿਆਂ ਦੀ ਕੁੱਟਮਾਰ, ਖੱਜਲਖ਼ੁਆਰੀ, ਨਵ-ਵਿਆਹੁਤਾ ਜੋੜਿਆਂ ਦੀਆਂ ਹੱਤਿਆਵਾਂ, ਥਾਣਿਆਂ, ਕਚਹਿਰੀਆਂ 'ਚ ਚੱਲ ਰਹੇ ਕੇਸਾਂ, ਵੱਡੀ ਪੱਧਰ 'ਤੇ ਹੋ ਰਹੇ ਤਲਾਕ ਅਤੇ ਪੈਂਦੀਆਂ ਦੁਸ਼ਮਣੀਆਂ ਦੀ ਜ਼ਮੀਨੀ ਹਕੀਕਤ ਦੀ ਪ੍ਰਤੱਖ ਤਸਵੀਰ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ । ਉਦੋਂ ਕਾਲਪਨਿਕ ਉਡਾਰੀਆਂ ਅਤੇ ਤਲਖ਼-ਹਕੀਕਤਾਂ ਕਿਸੇ ਫ਼ਿਲਮੀ ਦ੍ਰਿਸ਼ ਵਾਂਗ ਅੱਖਾਂ ਸਾਹਮਣਿਉਂ ਵਾਰ-ਵਾਰ ਘੁੰਮਦੇ ਦਿਖਾਈ ਦਿੰਦੇ ਹਨ ਅਤੇ ਨਾਲ ਹੀ 'ਨਾਨੀ ਚੇਤੇ ਆਉਣ' ਵਾਲਾ ਪੰਜਾਬੀ ਦਾ ਮੁਹਾਵਰਾ ਵੀ ਚੇਤੇ ਆਉਣ ਲੱਗਦਾ ਹੈ ।

ਰਾਜਨੀਤਕ ਖੇਤਰ ਦੀ ਮਿਰਗ ਤ੍ਰਿਸ਼ਨਾ ਵੀ ਕਿਸੇ ਤੋਂ ਲੁਕੀ-ਛਪੀ ਨਹੀਂ ਹੋਈ । ਕੁਝ ਆਮ ਘਰਾਂ ਦੇ ਮੁੰਡੇ ਵੀ ਵੱਡੇ ਰਾਜਨੀਤਕ ਨੇਤਾਵਾਂ ਦੀ ਹਕੂਮਤੀ ਟੌਹਰ ,ਅਮੀਰੀ ਦਾ ਰੋਹਬ ਦਾਬ ਅਤੇ ਬਾਹਰੀ ਚਕਾਚੌਂਧ ਨੂੰ ਜਦੋਂ ਦੂਰ-ਦੂਰ ਤੋਂ ਦੇਖਦੇ ਹਨ ਤਾਂ ਉਨ੍ਹਾਂ ਦੇ ਮੂੰਹ 'ਚ ਵੀ ਪਾਣੀ ਭਰ ਆਉਂਦਾ ਹੈ ਅਤੇ ਉਹ ਇਸ ਸਭ ਕੁਝ ਦੀ ਕੁੱਤੇ ਝਾਕ 'ਚ ਉਨ੍ਹਾਂ ਦੀ ਚਾਪਲੂਸੀ ਦਾ ਰਸਤਾ ਅਖਤਿਆਰ ਕਰ ਲੈਂਦੇ ਹਨ । ਦੇਖਣ 'ਚ ਆਇਆ ਹੈ ਕਿ ਇਹਨਾਂ 'ਚੋਂ ਬਹੁਤ ਘੱਟ ਲੋਕਾਂ ਨੂੰ ਹੀ ਸਫਲਤਾ ਦੀਆਂ ਪੌੜੀਆਂ ਨਸੀਬ ਹੁੰਦੀਆਂ ਹਨ । ਇਹਨਾਂ 'ਚੋਂ ਵੱਡੀ ਗਿਣਤੀ ਆਪਣੇ ਆਕਾਵਾਂ ਦੀ ਚਮਚਾਗਿਰੀ ਕਰਦਿਆਂ-ਕਰਦਿਆਂ ਹੀ ਆਪਣਾ ਝੁੱਗਾ ਚੌੜ ਕਰਵਾ ਕੇ ਮੁੜ ਘਰੀਂ ਜਾ ਬੈਠਦੇ ਹਨ । ਸਿਵਾਏ ਜੱਗ ਹਸਾਈ ਤੋਂ ਉਨ੍ਹਾਂ ਦੇ ਪਿੜ ਪੱਲੇ ਕੁਝ ਵੀ ਨਹੀਂ ਪੈਂਦਾ। ਇਹ ਵੀ ਇੱਕ ਕੌੜਾ ਸੱਚ ਹੈ ਕਿ ਕੁਦਰਤ ਨੇ ਮਨੁੱਖ ਨੂੰ ਪੈਰਾਂ ਦੀ ਬਖਸ਼ਿਸ਼ ਜ਼ਮੀਨ ਚੱਲਣ ਲਈ ਕੀਤੀ ਹੈ, ਨਾ ਕਿ ਅਸਮਾਨ 'ਚ ਉੱਡਣ ਲਈ । ਕੁਦਰਤ ਨੇ ਹਰ ਕਾਰਜ ਦੀ ਸੰਚਾਲਨਾ ਲਈ ਬਕਾਇਦਾ ਵਿਧੀ ਵਿਧਾਨ ਦੀ ਵਿਵਸਥਾ ਦਾ ਪ੍ਰਾਵਧਾਨ ਕੀਤਾ ਹੈ, ਜਿਸ ਨੂੰ ਜੀਵਨ 'ਚ ਸਹੀ ਸੇਧ ਅਤੇ ਤੌਰ-ਤਰੀਕੇ ਅਪਣਾਉਂਦਿਆਂ ਲਾਗੂ ਕਰਕੇ ਹੀ ਸਫ਼ਲਤਾ ਦੀ ਪ੍ਰਾਪਤੀ ਸੰਭਵ ਹੈ।

**# ਸੰਪਰਕ : 89680-56200**

# ਅਲਵਿਦਾ ! ਜ਼ਕੀਆ ਜਾਫ਼ਰੀ !

**ਬੂਟਾ ਸਿੰਘ ਮਹਿਮੂਦਪੁਰ**

ਜ਼ਕੀਆ ਜਾਫ਼ਰੀ ਨਹੀਂ ਰਹੇ। ਇਕ ਫਰਵਰੀ ਨੂੰ ਆਪਣੀ ਬੇਟੀ ਕੋਲ ਅਹਿਮਦਾਬਾਦ ਵਿਖੇ ਰਹਿੰਦਿਆਂ ਥੋੜ੍ਹਾ ਜਿਹਾ ਬੀਮਾਰ ਹੋਣ ਤੋਂ ਬਾਅਦ 86 ਸਾਲ ਦੀ ਉਮਰ 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਆਪਣੀ ਹਿੰਮਤ, ਸਿਦਕ ਅਤੇ ਸਿਰੜ ਨਾਲ ਮੁਲਕ ਦੇ ਇਕ ਸਭ ਤੋਂ ਕਰੂਰ ਹੁਕਮਰਾਨ ਵਿਰੁੱਧ ਨਿਆਂ ਦੀ ਲੜਾਈ ਲੜਦਿਆਂ ਉਹ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਦੇ ਤੁਰ ਜਾਣ ਨਾਲ ਬਦੀ ਵਿਰੁੱਧ ਸੰਘਰਸ਼ ਦਾ ਇਕ ਸਫ਼ਾ ਪੂਰਾ ਹੋ ਗਿਆ ਹੈ । ਭਾਰਤੀ ਅਦਾਲਤਾਂ ਨੇ ਉਨ੍ਹਾਂ ਨੂੰ ਨਿਆਂ ਨਹੀਂ ਦਿੱਤਾ, ਪਰ ਉਨ੍ਹਾਂ ਦੇ ਸਿਰੜ ਨੇ ਹਾਰ ਨਹੀਂ ਮੰਨੀ ਅਤੇ ਅੰਤਮ ਸਵਾਸਾਂ ਤੱਕ ਨਿਆਂ ਲਈ ਸੰਘਰਸ਼ ਜਾਰੀ ਰੱਖਿਆ ।

ਜ਼ਕੀਆ ਜਾਫ਼ਰੀ ਗੁਜਰਾਤ ਤੋਂ ਕਾਂਗਰਸ ਦੇ ਆਗੂ ਅਹਿਸਾਨ ਜਾਫ਼ਰੀ ਦੀ ਪਤਨੀ ਸਨ। ਫਰਵਰੀ 2002 'ਚ ਜਦੋਂ ਮੁਸਲਮਾਨਾਂ ਨੂੰ ਕਤਲੇਆਮ ਤੋਂ ਬਚਾਉਣ ਦੇ ਸਿਰਤੋੜ ਯਤਨ ਕਰਦਿਆਂ ਜ਼ਕੀਆ ਦੇ ਪਤੀ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਹਿੰਦੂ ਜਨੂੰਨੀ ਭੀੜਾਂ ਵੱਲੋਂ ਬੇਕਿਰਕੀ ਨਾਲ ਟੋਟੇ-ਟੋਟੇ ਕਰਕੇ ਅੱਗ ਲਾ ਦਿੱਤੀ ਗਈ, ਓਦੋਂ ਉਸ ਦੀ ਉਮਰ 63 ਸਾਲ ਦੀ ਸੀ। ਇਸ ਕਤਲੇਆਮ ਨਾਲ ਇਤਿਹਾਸ ਵਿਚ ਉਸ ਦੀ ਅਗਲੇਰੀ ਜ਼ਿੰਦਗੀ ਦੀ ਭੂਮਿਕਾ ਤੈਅ ਹੋ ਗਈ।

ਉਦੋਂ ਗੁਜਰਾਤ ਵਿਚ ਭਾਜਪਾ ਦੀ ਸਰਕਾਰ ਸੀ ਅਤੇ ਨਰਿੰਦਰ ਮੋਦੀ ਮੁੱਖ ਮੰਤਰੀ ਸੀ। ਜਾਂਚ ਦੌਰਾਨ ਇਸ ਦਾਅਵੇ ਦੀ ਪੁਸ਼ਟੀ ਕਰਨ ਵਾਲੇ ਸਬੂਤ ਰਿਕਾਰਡ ਉੱਪਰ ਆ ਚੁੱਕੇ ਹਨ ਕਿ ਗੋਧਰਾ ਟਰੇਨ ਅਗਜ਼ਨੀ ਕਾਂਡ ਤੋਂ ਬਾਅਦ ਮੋਦੀ ਵੱਲੋਂ ਆਪਣੀ ਰਿਹਾਇਸ਼ ਉੱਪਰ ਸੀਨੀਅਰ ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਜ਼ੁਬਾਨੀ ਹਦਾਇਤ ਕੀਤੀ ਗਈ ਸੀ ਕਿ 'ਹਿੰਦੂਆਂ ਨੂੰ ਆਪਣਾ ਗੁੱਸਾ ਕੱਢ ਲੈਣ ਦਿਓ!' ਮਈ 2014 'ਚ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਜਦੋਂ ਉਸ ਨੇ ਭਾਰਤ ਦੀ ਪਾਰਲੀਮੈਂਟ ਵਿਚ ਖੜ੍ਹ ਕੇ '1200 ਵਰਸ਼ ਕੀ ਗ਼ੁਲਾਮੀ' ਨੂੰ ਖ਼ਤਮ ਕਰਨ ਦਾ ਡੰਕਾ ਵਜਾਇਆ ਤਾਂ ਹਰ ਕੋਈ ਸਮਝ ਸਕਦਾ ਹੈ ਕਿ ਫਰਵਰੀ 2002 'ਚ ਉਸ ਦੀ ਸਰਕਾਰ ਕਿਸ 'ਗ਼ੁਲਾਮੀ' ਦੀਆਂ ਜ਼ੰਜੀਰਾਂ ਤੋੜਨ 'ਚ ਜੁਟੀ ਹੋਈ ਸੀ।

27 ਫਰਵਰੀ 2002 ਨੂੰ ਗੋਧਰਾ ਰੇਲਵੇ ਸਟੇਸ਼ਨ ਉੱਪਰ ਟਰੇਨ ਦੇ ਡੱਬੇ ਨੂੰ ਅਚਾਨਕ ਅੱਗ ਲੱਗ ਜਾਣ ਕਾਰਨ 58 ਕਾਰ ਸੇਵਕ ਜਿਊਂਦੇ ਸੜ ਗਏ ਸਨ, ਜੋ ਅਯੁੱਧਿਆ ਤੋਂ ਵਾਪਸ ਆ ਰਹੇ ਸਨ । ਅਗਜ਼ਨੀ ਕਾਂਡ ਦੀ ਕੋਈ ਜਾਂਚ ਕਰਾਏ ਬਿਨਾਂ ਹੀ ਮੋਦੀ ਸਰਕਾਰ ਨੇ ਇਸ ਦਾ ਦੋਸ਼ ਮੁਸਲਮਾਨਾਂ ਸਿਰ ਮੜ੍ਹ ਦਿੱਤਾ ਸੀ ਅਤੇ ਅੰਦਰੋ-ਅੰਦਰੀ ਲੰਮੇ ਸਮੇਂ ਤੋਂ ਤਿਆਰੀ ਕਰ ਰਹੇ ਸੰਘ ਪਰਵਾਰ ਨੇ ਤੁਰੰਤ ਮੌਕਾ ਸਾਂਭ ਕੇ ਪੂਰੀ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਸਮੁੱਚੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਅਤੇ ਤਬਾਹੀ ਦੀ ਮੁਹਿੰਮ ਵਿੱਢ ਦਿੱਤੀ ਸੀ। ਅੱਜ ਤੱਕ ਕਿਸੇ ਜਾਂਚ ਵਿਚ ਇਹ ਸਾਹਮਣੇ ਨਹੀਂ ਆਇਆ ਕਿ ਕਿਸੇ ਮੁਸਲਮਾਨ ਦਾ ਗੋਧਰਾ ਅਗਜ਼ਨੀ ਕਾਂਡ ਵਿਚ ਹੱਥ ਸੀ। ਆਰ ਐੱਸ ਐੱਸ ਦੇ ਰਾਜਨੀਤਕ ਵਿੰਗ ਭਾਜਪਾ ਵੱਲੋਂ ਮੁਸਲਮਾਨਾਂ ਵਿਰੁੱਧ ਝੂਠਾ ਬਿਰਤਾਂਤ ਸਿਰਜ ਕੇ ਫਿਰਕੂ ਜ਼ਹਿਰ ਫੈਲਾਈ ਗਈ ਅਤੇ ਇਸ ਨੂੰ ਸੱਤਾ ਵਿਚ ਬਣੇ ਰਹਿਣ ਲਈ ਵਰਤਿਆ ਗਿਆ। ਇਸ ਭਗਵਾਂ ਰਾਜਨੀਤਕ ਗੇਮ ਨੇ ਹਜ਼ਾਰਾਂ ਬੇਕਸੂਰ ਮੁਸਲਮਾਨਾਂ ਨੂੰ ਮਾਰ ਕੇ ਅਤੇ ਉਜਾੜ ਕੇ ਰੱਜ ਕੇ ਰਾਜਨੀਤਕ ਲਾਹਾ ਲਿਆ ਅਤੇ ਮੋਦੀ ਨੇ 'ਮਜ਼ਬੂਤ ਆਗੂ' ਵਾਲਾ ਬੇਕਿਰਕ ਚਿਹਰਾ ਸਥਾਪਤ ਕੀਤਾ।



ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਦੇ ਵਸਨੀਕ ਅਹਿਸਾਨ ਜਾਫ਼ਰੀ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਰਹਿ ਚੁੱਕੇ ਸਨ ਅਤੇ ਰਾਜਨੀਤਕ ਤੇ ਪ੍ਰਸ਼ਾਸਨਿਕ ਹਲਕਿਆਂ 'ਚ ਜਾਣੀ-ਪਛਾਣੀ ਸ਼ਖ਼ਸੀਅਤ ਸਨ। ਇਹ ਸੁਭਾਵਿਕ ਸੀ ਕਿ ਚਾਰੇ ਪਾਸਿਓਂ ਲਹੂ ਦੀਆਂ ਤਿਹਾਈਆਂ ਜਨੂੰਨੀ ਭੀੜਾਂ ਨਾਲ ਘਿਰੇ ਅਤੇ ਕਤਲੇਆਮ, ਲੁੱਟਮਾਰ, ਅਗਜ਼ਨੀ ਤੇ ਸਮੂਹਿਕ ਬਲਾਤਕਾਰਾਂ ਦਾ ਸ਼ਿਕਾਰ ਹੋ ਰਹੇ ਗੁਲਬਰਗ ਸੁਸਾਇਟੀ ਦੇ ਮੁਸਲਮਾਨ ਅਹਿਸਾਨ ਜਾਫ਼ਰੀ ਦਾ ਆਸਰਾ ਤੱਕਦੇ। ਜਾਫ਼ਰੀ ਸਾਹਿਬ ਨੇ ਵੀ ਆਪਣੇ ਪੱਧਰ 'ਤੇ ਹਰ ਜਾਣ-ਪਛਾਣ ਵਾਲੇ ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀ ਨੂੰ ਵਾਰ-ਵਾਰ ਫ਼ੋਨ ਕਰਕੇ ਖ਼ੂਨੀ ਭੀੜਾਂ ਨੂੰ ਰੋਕਣ ਲਈ ਸੁਰੱਖਿਆ ਮੁਹੱਈਆ ਕਰਾਉਣ ਲਈ ਹਾੜੇ ਕੱਢੇ। ਇੱਥੋਂ ਤੱਕ ਕਿ ਤੱਤਕਾਲੀ ਮੁੱਖ ਮੰਤਰੀ ਮੋਦੀ ਨੂੰ ਵੀ ਫ਼ੋਨ ਕੀਤਾ ਅਤੇ ਅੱਗੋਂ ਜਵਾਬ ਸੁਣ ਕੇ ਉਨ੍ਹਾਂ ਨੇ ਫ਼ੋਨ ਰੱਖ ਦਿੱਤਾ, ਇਸ ਦੀ ਗਵਾਹ ਉਨ੍ਹਾਂ ਦੀ ਗੁਆਂਢਣ ਰੂਪਾ ਮੋਦੀ ਸੀ। ਤੱਤਕਾਲੀ ਪੁਲਸ ਕਮਿਸ਼ਨਰ ਖੁਦ ਗੁਲਬਰਗ ਸੁਸਾਇਟੀ ਵਿਚ ਆਇਆ ਅਤੇ ਸੁਰੱਖਿਆ ਲਈ ਪੁਲਸ ਦੇ ਦਸਤੇ ਭੇਜਣ ਦਾ ਭਰੋਸਾ ਦੇ ਕੇ ਤੁਰ ਗਿਆ। ਸੁਰੱਖਿਆ ਕਿਸ ਨੇ ਭੇਜਣੀ ਸੀ, ਪੁਲਸ ਪ੍ਰਸ਼ਾਸਨ ਤਾਂ ਮੋਦੀ ਵਜ਼ਾਰਤ ਦੇ ਹੁਕਮਾਂ ਦੀ ਤਾਮੀਲ ਕਰਦਾ ਹੋਇਆ ਮੂਕ ਦਰਸ਼ਕ ਬਣਿਆ ਹੋਇਆ ਸੀ, ਕਈ ਥਾਈਂ ਤਾਂ ਵਿਰੋਧ ਕਰ ਰਹੇ ਮੁਸਲਮਾਨਾਂ ਨੂੰ ਘੇਰ ਕੇ ਕਾਤਲ ਭੀੜਾਂ ਦੇ ਹਵਾਲੇ ਕਰਨ 'ਚ ਹੱਥ ਵੀ ਵਟਾ ਰਿਹਾ ਸੀ। ਜਿੱਧਰ ਕਤਲੇਆਮ ਹੋ ਰਿਹਾ ਹੁੰਦਾ, ਪੁਲਸ ਉਸ ਤੋਂ ਉਲਟ ਦਿਸ਼ਾ 'ਚ ਭੇਜੀ ਜਾਂਦੀ। ਕਿਸੇ ਪਾਸਿਓਂ ਕੋਈ ਮਦਦ ਨਾ ਮਿਲਣ ਕਾਰਨ ਲਾਚਾਰ ਹੋ ਕੇ ਜਾਫ਼ਰੀ ਘਰ ਤੋਂ ਬਾਹਰ ਆ ਗਏ ਅਤੇ 28 ਫਰਵਰੀ ਨੂੰ ਜਨੂੰਨੀ ਭੀੜ ਵੱਲੋਂ ਤਿੰਨ ਪੁਲਸ ਵੈਨਾਂ ਦੀ ਮੌਜੂਦਗੀ 'ਚ ਜਾਫ਼ਰੀ ਸਮੇਤ 69 ਮੁਸਲਮਾਨ ਬੇਕਿਰਕੀ ਨਾਲ ਵੱਢ ਕੇ ਮਾਰ ਦਿੱਤੇ ਗਏ। ਘਰ ਦੇ ਬਿਲਕੁਲ ਉੱਪਰਲੇ ਹਿੱਸੇ ਵਿਚ ਹੋਣ ਕਾਰਨ ਜ਼ਕੀਆ ਜਾਫ਼ਰੀ ਦੀ ਜਾਨ ਬਚ ਗਈ। ਉਹ ਜਿਊਂਦੇ ਬਚ ਗਏ। ਕੁਝ ਕੁ ਵਿਅਕਤੀਆਂ ਵਿੱਚੋਂ ਇਕ ਸੀ, ਜੋ ਉਸ ਕਰੂਰਤਾ ਦੇ ਚਸ਼ਮਦੀਦ ਗਵਾਹ ਸਨ।

ਗੋਧਰਾ ਕਾਂਡ ਤੋਂ ਅਗਲੇ ਦਿਨਾਂ 'ਚ ਮੋਦੀ ਸਰਕਾਰ ਦੀ ਨਿਗਰਾਨੀ ਹੇਠ ਮੁਸਲਮਾਨਾਂ ਦੀ ਗਿਣੀ-ਮਿੱਥੀ ਨਸਲਕੁਸ਼ੀ ਦੀਆਂ 300 ਦੇ ਕਰੀਬ ਹੌਲਨਾਕ ਘਟਨਾਵਾਂ ਸਾਹਮਣੇ ਆਈਆਂ। ਦੁਨੀਆ ਭਰ 'ਚ ਸੱਤਾਧਾਰੀ ਭਾਜਪਾ ਦੀ ਭੂਮਿਕਾ ਉੱਪਰ ਤਿੱਖੇ ਸਵਾਲ ਉੱਠਣ ਕਾਰਨ ਮੋਦੀ ਸਰਕਾਰ ਨੇ ਆਪਣੀ ਭੂਮਿਕਾ ਨੂੰ ਲੁਕੋਣ ਲਈ ਪੂਰੀ ਰਾਜ ਮਸ਼ੀਨਰੀ ਝੋਕ ਦਿੱਤੀ। ਜਾਂਚ ਕਮਿਸ਼ਨਾਂ ਅਤੇ ਨਾਮਨਿਹਾਦ ਅਦਾਲਤੀ ਪ੍ਰਕਿਰਿਆ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਹਰ ਹਰਬਾ ਵਰਤਿਆ ਗਿਆ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਸਮੇਤ ਸਰਕਾਰੀ ਜਾਂਚ ਕਮਿਸ਼ਨਾਂ ਨੇ ਸੱਚ ਉੱਪਰ ਪਰਦਾਪੋਸ਼ੀ ਦੀ ਭੂਮਿਕਾ ਬਾਖ਼ੂਬੀ ਨਿਭਾਈ। ਇਹ ਨਿਧੜਕ ਪੱਤਰਕਾਰ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਸਨ, ਜਿਨ੍ਹਾਂ ਨੇ ਸੱਤਾ ਦੇ ਜਾਬਰ ਪ੍ਰਤੀਕਰਮ ਤੋਂ ਬੇਪ੍ਰਵਾਹ ਹੋ ਕੇ ਤੱਥ ਸਾਹਮਣੇ ਲਿਆਂਦੇ ਅਤੇ ਨਿਆਂ ਲੈਣ ਲਈ ਮਜ਼ਲੂਮ ਮੁਸਲਮਾਨ ਭਾਈਚਾਰੇ ਨਾਲ ਡਟ ਕੇ ਖੜ੍ਹੇ। ਰਾਣਾ ਅਯੂਬ, ਤੀਸਤਾ ਸੀਤਲਵਾੜ, ਸੰਜੀਵ ਭੱਟ ਸਮੇਤ ਬਹੁਤ ਸਾਰੇ ਪੱਤਰਕਾਰਾਂ ਤੇ ਨਿਆਂਪਸੰਦਾਂ ਨੇ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਅਤੇ ਆਪਣਾ ਭਵਿੱਖ ਦਾਅ 'ਤੇ ਲਾ ਕੇ ਤੱਥ ਜੱਗ ਜ਼ਾਹਰ ਕੀਤੇ।

ਜ਼ਕੀਆ ਨੇ ਬਹੁਤ ਵੱਡਾ ਜੇਰਾ ਕਰਕੇ ਅਸਹਿ ਸਦਮੇ ਨੂੰ ਝੱਲਿਆ ਅਤੇ ਨਿਆਂਪਸੰਦ ਕਾਰਕੁਨਾਂ ਦੀ ਮਦਦ ਨਾਲ ਕਾਤਲਾਂ ਤੇ ਉਨ੍ਹਾਂ ਦੇ ਰਾਜਕੀ ਸਰਪ੍ਰਸਤਾਂ ਵਿਰੁੱਧ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ। ਉਨ੍ਹਾਂ ਦੀ ਕਾਨੂੰਨੀ ਲੜਾਈ ਵਿਅਕਤੀਗਤ ਨਿਆਂ ਤੋਂ ਪਾਰ ਸਮੂਹ ਮਜ਼ਲੂਮਾਂ ਲਈ ਨਿਆਂ ਦੀ ਲੜਾਈ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਨਿਆਂ ਲਈ ਉਨ੍ਹਾਂ ਦਾ ਮੱਥਾ ਕਿਸ ਤਰ੍ਹਾਂ ਦੀ ਖ਼ੌਫ਼ਨਾਕ ਤਾਕਤ ਨਾਲ ਲੱਗਣ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

8 ਜੂਨ 2006 ਨੂੰ ਜ਼ਕੀਆ ਜਾਫ਼ਰੀ ਵੱਲੋਂ ਨਰਿੰਦਰ ਮੋਦੀ ਸਮੇਤ 63 ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਾਈ ਗਈ। ਸੁਣਵਾਈ ਨਾ ਹੋਣ 'ਤੇ ਪਹਿਲਾਂ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ 'ਚ ਪਹੁੰਚ ਕੀਤੀ ਗਈ। ਜਿਸ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਸਿੱਟ ਨੂੰ ਜਾਂਚ ਦੇ ਆਦੇਸ਼ ਦਿੱਤੇ। ਸਿੱਟ ਨੇ ਆਪਣੇ ਰਾਜਨੀਤਕ ਬੌਸਾਂ ਦੇ ਆਦੇਸ਼ ਅਨੁਸਾਰ ਜ਼ਕੀਆ ਦਾ ਪੱਖ ਸੁਣੇ ਬਿਨਾਂ ਹੀ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਅਤੇ ਉਲਟਾ ਅਹਿਸਾਨ ਜਾਫ਼ਰੀ ਨੂੰ ਹੀ ਹਿੰਸਾ ਲਈ ਜ਼ਿੰਮੇਵਾਰ ਠਹਿਰਾ ਦਿੱਤਾ ਗਿਆ। ਜ਼ਕੀਆ ਦੇ ਪੁੱਤਰ ਤਨਵੀਰ, ਕੇਸ ਦੀ ਪੈਰਵਾਈ ਕਰ ਰਹੇ ਕਾਰਕੁਨਾਂ ਤੀਸਤਾ ਸੀਤਲਵਾੜ ਅਤੇ ਉਨ੍ਹਾਂ ਦੇ ਪਤੀ ਜਾਵੇਦ ਆਨੰਦ ਨੂੰ ਝੂਠੇ ਕੇਸਾਂ 'ਚ ਫਸਾਇਆ ਗਿਆ। ਮੋਦੀ ਦੀ ਭੂਮਿਕਾ ਨੰਗੀ ਕਰਨ ਵਾਲੇ ਪੁਲਸ ਅਧਿਕਾਰੀ ਸੰਜੀਵ ਭੱਟ ਨੂੰ ਜੇਲ੍ਹ ਵਿਚ ਡੱਕਿਆ ਹੋਇਆ ਹੈ। ਬੇਸ਼ੱਕ ਕਾਂਗਰਸ ਦੀ ਯੂ ਪੀ ਏ ਸਰਕਾਰ ਦੇ ਤਹਿਤ ਵੀ ਜਾਂਚ ਅਤੇ ਅਦਾਲਤੀ ਅਮਲ ਮਜ਼ਲੂਮਾਂ ਨੂੰ ਦਬਾਉਣ ਉੱਪਰ ਹੀ ਕੇਂਦਰਤ ਸੀ, ਪਰ 2014 'ਚ ਕੇਂਦਰ ਵਿਚ ਸੱਤਾ ਵਿਚ ਆ ਕੇ ਮੋਦੀ-ਸ਼ਾਹ ਵੱਲੋਂ ਪੂਰਾ ਕੇਸ ਪੱਕੇ ਤੌਰ 'ਤੇ ਮੈਨੇਜ ਕਰ ਲਿਆ ਗਿਆ। ਆਖਿਰਕਾਰ ਸੁਪਰੀਮ ਕੋਰਟ ਵੱਲੋਂ ਵੀ ਜ਼ਕੀਆ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਅਤੇ ਮੋਦੀ ਨੇ ਸੁਪਰੀਮ ਕੋਰਟ ਤੋਂ ਕਲੀਨ ਚਿੱਟ ਹਾਸਲ ਕਰ ਲਈ। ਇਹ ਚੇਤੇ ਰੱਖਣਾ ਹੋਵੇਗਾ ਕਿ ਸੁਪਰੀਮ ਕੋਰਟ ਨਿਆਂ ਲਈ ਇਸ ਅਡੋਲ ਲੜਾਈ ਪਿੱਛੇ 'ਸਰਕਾਰ ਵਿਰੁੱਧ ਸਾਜ਼ਿਸ਼' ਦੇਖਣੀ ਨਹੀਂ ਭੁੱਲੀ । ਇਸ ਦੇ ਬਾਵਜੂਦ ਕਿ ਖ਼ੁਦ ਸੁਪਰੀਮ ਕੋਰਟ ਨੇ ਬੈਸਟ ਬੇਕਰੀ ਕਤਲੇਆਮ ਕੇਸ 'ਚ ਟਿੱਪਣੀ ਕਰਦਿਆਂ ਮੋਦੀ ਦੀ ਗੁਜਰਾਤ ਸਰਕਾਰ ਨੂੰ 'ਅਜੋਕਾ ਨੀਰੋ' ਕਿਹਾ ਸੀ ਅਤੇ ਸਾਬਕਾ ਰਾਸ਼ਟਰਪਤੀ ਕੇ.ਆਰ. ਨਰਾਇਣਨ ਵੱਲੋਂ ਨਾਨਾਵਤੀ-ਸ਼ਾਹ ਕਮਿਸ਼ਨ ਨੂੰ ਲਿਖੀ ਚਿੱਠੀ ਵਿਚ ਸਪੱਸ਼ਟ ਕਿਹਾ ਗਿਆ ਸੀ ਕਿ 'ਗੁਜਰਾਤ ਦੰਗਿਆਂ ਪਿੱਛੇ ਰਾਜ ਅਤੇ ਕੇਂਦਰ ਸਰਕਾਰਾਂ ਦਾ ਹੱਥ' ਸੀ। ਫਿਰ ਸਰਕਾਰ ਵਿਰੁੱਧ ਸਾਜ਼ਿਸ਼ ਦੇ ਝੂਠੇ ਕੇਸ 'ਚ ਉਲਝਾ ਕੇ ਤੀਸਤਾ ਅਤੇ ਪੁਲਸ ਅਧਿਕਾਰੀ ਆਰ.ਬੀ. ਸ੍ਰੀਕੁਮਾਰ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ ਤਾਂ ਜੋ ਹੋਰ ਨਿਆਂਪਸੰਦ ਵੀ ਬਦਲਾਖ਼ੋਰੀ ਦੀ ਇਸ ਖ਼ੌਫ਼ਨਾਕ ਮਿਸਾਲ ਤੋਂ ਸਬਕ ਸਿੱਖ ਕੇ ਆਪਣੀ ਜ਼ੁਬਾਨ ਬੰਦ ਕਰ ਲੈਣ। ਬੜੀ ਮੁਸ਼ਕਲ ਨਾਲ ਉਹ ਜ਼ਮਾਨਤ 'ਤੇ ਬਾਹਰ ਆਏ।

ਬੇਸ਼ੱਕ ਇਹ ਨਿਆਂਪਸੰਦ ਮੋਦੀ ਨੂੰ ਉਸ ਦੀ ਮੁਜਰਮਾਨਾ ਭੂਮਿਕਾ ਲਈ ਕਟਹਿਰੇ 'ਚ ਖੜ੍ਹਾ ਕਰਨ ਦੀ ਲੜਾਈ ਜਿੱਤ ਨਹੀਂ ਸਕੇ, ਬੇਸ਼ੱਕ ਕਾਤਲ ਭੀੜਾਂ ਜਨੂੰਨੀ ਭੀੜਾਂ ਦੀ ਅਗਵਾਈ ਕਰਨ ਵਾਲੇ ਮਾਇਆ ਕੋਡਨਾਨੀ ਵਰਗੇ ਲਹੂ ਲਿੱਬੜੇ ਚਿਹਰੇ ਹਕੂਮਤੀ ਤਾਕਤ ਦੇ ਜ਼ੋਰ 'ਨਿਆਂ ਪ੍ਰਣਾਲੀ' ਦਾ ਮਜ਼ਾਕ ਉਡਾਉਂਦੇ ਹੋਏ ਅੰਤ ਜੇਲ੍ਹਾਂ 'ਚੋਂ ਬਾਹਰ ਆ ਗਏ, ਪਰ ਉਨ੍ਹਾਂ ਨੂੰ ਕਟਹਿਰੇ ਵਿਚ ਖੜ੍ਹੇ ਕਰਕੇ ਕਤਲੇਆਮ ਪਿੱਛੇ ਸੱਤਾਧਾਰੀ ਧਿਰ ਦੀ ਯੋਜਨਾਬੱਧ ਸਾਜ਼ਿਸ਼ ਨੂੰ ਬੇਪੜਦ ਕਰਨਾ ਅਤੇ ਸੱਤਾਧਾਰੀ ਧਿਰ ਦੇ ਕੁਝ ਵੱਡੇ ਚਿਹਰਿਆਂ ਨੂੰ ਉਨ੍ਹਾਂ ਦੀ ਆਗੂ ਭੂਮਿਕਾ ਲਈ ਦੋਸ਼ੀ ਕਰਾਰ ਦਿਵਾਉਣਾ ਆਪਣੇ-ਆਪ 'ਚ ਵੱਡੀ ਪ੍ਰਾਪਤੀ ਹੈ।

ਭਾਰਤੀ ਅਦਾਲਤੀ ਪ੍ਰਣਾਲੀ ਕੋਲੋਂ ਜਾਰੀ ਕਰਵਾਈਆਂ ਕਲੀਨ ਚਿੱਟਾਂ ਦੇ ਜ਼ੋਰ ਕਲੀਨ ਹੋਇਆ 'ਅਜੋਕਾ ਨੀਰੋ' ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ ਮਜ਼ਲੂਮਾਂ ਦੇ ਵਿਛਾਏ ਜਾ ਰਹੇ ਸੱਥਰਾਂ ਨੂੰ ਮਿੱਧਦਾ ਹੋਇਆ ਆਪਣੀ ਜਿੱਤ ਦੇ ਡੰਕੇ ਵਜਾ ਰਿਹਾ ਹੈ। ਉਹ ਭੁੱਲ ਰਿਹਾ ਹੈ ਕਿ ਉਹ ਜਿਸ ਮਹਾਂ-ਬਦੀ ਦੀ ਤਾਕਤ ਦਾ ਚਿੰਨ੍ਹ ਹੈ, ਉਸ ਦੀ ਵੱਖ-ਵੱਖ ਕਤਲੇਆਮਾਂ ਵਿਚ ਮੁਜਰਮਾਨਾ ਭੂਮਿਕਾ ਇਤਿਹਾਸ ਵਿਚ ਅਮਿੱਟ ਰੂਪ 'ਚ ਲਿਖੀ ਜਾ ਚੁੱਕੀ ਹੈ ਅਤੇ ਲਗਾਤਾਰ ਲਿਖੀ ਜਾ ਰਹੀ ਹੈ। ਉਸ ਦੁਸ਼ਟ ਰਾਜ ਵਿਰੁੱਧ ਜ਼ਕੀਆ ਜ਼ਾਫ਼ਰੀ ਵਰਗੇ ਨਿਆਂਪਸੰਦਾਂ ਦੀ ਲੜਾਈ ਬੇਹੱਦ ਮੁਸ਼ਕਲ ਲੜਾਈ ਹੈ, ਜਿਸ ਕੋਲ ਹੱਕ-ਸੱਚ ਨੂੰ ਦਬਾਉਣ ਲਈ ਧੜਵੈਲ ਜਾਬਰ ਰਾਜ ਮਸ਼ੀਨਰੀ ਹੈ। ਇਸ ਨੂੰ ਦੇਖਦਿਆਂ ਜ਼ਕੀਆ ਜਾਫ਼ਰੀ ਅਤੇ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਲੇ ਨਿਆਂਪਸੰਦਾਂ ਦਾ ਕਾਨੂੰਨੀ ਲੜਾਈ ਹਾਰਨਾ ਤੈਅ ਸੀ। ਉਹ ਇਹ ਲੜਾਈ ਹਾਰ ਕੇ ਵੀ ਜੇਤੂ ਹਨ, ਉਨ੍ਹਾਂ ਨੇ ਇਸ ਲੜਾਈ ਰਾਹੀਂ ਭਾਰਤੀ ਨਿਆਂ ਪ੍ਰਣਾਲੀ ਦਾ ਅਸਲ ਚਿਹਰਾ ਦੁਨੀਆ ਨੂੰ ਦਿਖਾ ਦਿੱਤਾ ਹੈ। ਜ਼ਕੀਆ ਨਹੀਂ ਰਹੇ, ਪਰ ਉਨ੍ਹਾਂ ਵੱਲੋਂ ਵਿੱਢੀ ਨਿਆਂ ਦੀ ਲੜਾਈ ਜਾਰੀ ਰਹੇਗੀ, ਕਿਉਂਕਿ ਇਹ ਬਦੀ ਦੀਆਂ ਤਾਕਤਾਂ ਵਿਰੁੱਧ ਮਾਨਵਤਾ ਦੀ ਲੜਾਈ ਹੈ ।

# ਵੱਖ-ਵੱਖ ਥਾਈਂ ਕਿਸਾਨ ਜਥੇਬੰਦੀਆਂ ਨੇ ਲੋਕ-ਵਿਰੋਧੀ ਬਜਟ ਦੀਆਂ ਕਾਪੀਆਂ ਸਾੜੀਆਂ


ਪਟਿਆਲਾ


ਸਰਦੂਲਗੜ੍ਹ


ਬੁਢਲਾਡਾ

ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ) : ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਪਟਿਆਲਾ ਵੱਲੋਂ ਪਟਿਆਲਾ, ਨਿਆਲ, ਸਮਾਣਾ ਤੇ ਨਾਭਾ ਵਿਖੇ ਬਜਟ ਦੀਆਂ ਕਾਪੀਆਂ ਸਾੜ ਕੇ ਸਰਕਾਰ ਖਿਲਾਫ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤਾ ਗਿਆ ਬਜਟ ਜਿੱਥੇ ਆਮ ਲੋਕ ਵਿਰੋਧੀ ਹੈ, ਉੱਥੇ ਕਿਸਾਨ ਲਈ ਵੀ ਇਹ ਲਾਹੇਵੰਦ ਨਹੀਂ ਹੈ। ਇਹ ਸਿਰਫ ਸ਼ਬਦਾਂ ਦੀ ਜਾਦੂਗਰੀ ਕਰਕੇ ਹੀ ਇਸ ਨੂੰ ਲੋਕ ਹਿਤੈਸ਼ੀ ਦਰਸਾਇਆ ਗਿਆ, ਜਿਥੇ ਸਿੱਖਿਆ, ਸਿਹਤ, ਰੁਜ਼ਗਾਰ, ਜਨਤਕ ਵੰਡ ਪ੍ਰਣਾਲੀ, ਸਮਾਜਿਕ ਸੁਰੱਖਿਆ ਤੇ ਨਰੇਗਾ ਵਰਗੀਆਂ ਜ਼ਰੂਰੀ ਸੇਵਾਵਾਂ ਤੋਂ ਬਜਟ 'ਚ ਹੱਥ ਘੁੱਟਿਆ ਗਿਆ ਹੈ, ਉੱਥੇ ਵੱਡੀ ਗਿਣਤੀ ਵਿੱਚ ਖੇਤੀ ਨਾਲ ਜੁੜੇ ਦੀ ਜੀ. ਡੀ. ਪੀ. 'ਚ ਲਗਭਗ 16% ਹਿੱਸਾ ਪਾਉਣ ਵਾਲੀ 46.1% ਜੁੜੀ ਵੱਡੀ ਗਿਣਤੀ ਆਬਾਦੀ ਨੂੰ ਵੀ ਇਸ ਬਜਟ 'ਚ ਅਣਦੇਖਿਆ ਕੀਤਾ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਜਿੱਥੇ ਬਜਟ ਦੀਆਂ ਕਾਪੀਆਂ ਸਾੜ ਕੇ ਇਸ ਬਜਟ ਦਾ ਵਿਰੋਧ ਕੀਤਾ ਗਿਆ ਹੈ, ਉੱਥੇ ਮਾਰਕੀਟਿੰਗ ਢਾਂਚੇ ਦੇ ਵਿਰੋਧ ਵਿੱਚ 9 ਅਪ੍ਰੈਲ ਨੂੰ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗ ਪੱਤਰ ਦਿੱਤਾ ਜਾਣਾ ਹੈ, ਉਸ ਵਿੱਚ ਜਮਹੂਰੀ ਕਿਸਾਨ ਸਭਾ ਵੱਲੋਂ ਵੱਡੀ ਸ਼ਮੂਲੀਅਤ ਕਰਕੇ 5 ਮਾਰਚ ਨੂੰ ਜੋ ਚੰਡੀਗੜ੍ਹ ਵਿਖੇ ਲਗਾਤਾਰ ਪੱਕਾ ਮੋਰਚਾ ਲਾਇਆ ਜਾ ਰਿਹਾ, ਉਸ ਵਿੱਚ ਵੀ ਜਮਹੂਰੀ ਕਿਸਾਨ ਸਭਾ ਆਪਣੀ ਸਮਰੱਥਾ ਮੁਤਾਬਿਕ ਬਣਦਾ ਹਿੱਸਾ ਪਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਅੱਜ ਵੱਖ ਵੱਖ ਜਗ੍ਹਾ 'ਤੇ ਬਜਟ ਦੀਆਂ ਕਾਪੀਆਂ ਸਾੜਨ ਸਮੇਂ ਕਿਸਾਨ ਆਗੂ ਗੁਰੀ ਸਿੰਘ ਦੌਣ ਕਲਾਂ, ਦਰਸ਼ਨ ਬੇਲੂ ਮਾਜਰਾ, ਧੰਨਾ ਸਿੰਘ ਦੌਣ ਕਲਾਂ, ਮਲਕੀਤ ਸਿੰਘ ਨਿਆਲ, ਬਲਵਿੰਦਰ ਸਿੰਘ ਸਮਾਣਾ, ਅਮਰਜੀਤ ਘਨੌਰ, ਸੁੱਚਾ ਸਿੰਘ ਕੌਲ, ਰਾਜ ਕਿਸ਼ਨ ਨੂਰ ਖੇੜੀਆਂ, ਪ੍ਰਲਾਦ ਨਿਆਲ, ਜਸਬੀਰ ਸਿੰਘ ਸਮਾਣਾ, ਜਗਜੀਤ ਸਿੰਘ ਤੇ ਸੁਖਪਾਲ ਕਾਦਰਾਬਾਦ ਨੇ ਸ਼ਮੂਲੀਅਤ ਕੀਤੀ। ਇਕੱਤਰ ਹੋਏ ਆਗੂਆਂ ਨੇ ਕਿਹਾ ਕਿ ਉਹ ਅਗਲੇ ਸੰਘਰਸ਼ਾਂ ਵਿੱਚ ਵੀ ਆਪਣਾ ਭਰਵਾਂ ਯੋਗਦਾਨ ਪਾਉਣਗੇ।

ਸਰਦੂਲਗੜ੍ਹ (ਅਵਤਾਰ ਜਟਾਣਾ) : ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਦੇ ਖਿਲਾਫ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਂਝੇ ਤੌਰ 'ਤੇ ਮੁਜ਼ਾਹਰਾ ਕਰਦੇ ਹੋਏ ਸਰਦੂਲਗੜ੍ਹ ਦੇ ਬਾਹਰ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਕੇਂਦਰੀ ਬਜਟ ਨੂੰ ਲੋਕ ਵਿਰੋਧੀ ਦੱਸਦੇ ਹੋਏ ਕੇਂਦਰ ਦੀ ਮੋਦੀ ਸਰਕਾਰ ਦੀ ਨੀਤ ਤੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਫੈਸਲੇ ਲੈਣ ਦੀ ਨੀਤੀ ਦੀ ਨਿਖੇਧੀ ਕੀਤੀ। ਇਸ ਬਜਟ ਵਿੱਚ ਕਿਸਾਨ ਮਜ਼ਦੂਰਾਂ ਤੇ ਖੇਤੀ ਸੈਕਟਰ ਲਈ ਰੱਖੀ ਰਾਸ਼ੀ ਨੂੰ ਨਿਗੂਣੀ ਦੱਸਦੇ ਹੋਏ ਇਸ ਦਾ ਡੱਟਵਾਂ ਵਿਰੋਧ ਕੀਤਾ। ਇਸ ਬਜਟ ਨੂੰ ਦਿਸ਼ਾਹੀਣ ਅਤੇ ਲੋਕਾਂ ਉੱਪਰ ਟੈਕਸਾਂ ਦਾ ਬੋਝ ਲੱਦਣ, ਮਹਿੰਗਾਈ ਵਧਾਉਣ ਵਾਲਾ ਕਰਾਰ ਦਿੱਤਾ। ਇਸ ਮੌਕੇ ਕਾਮਰੇਡ ਲਾਲ ਚੰਦ ਆਰ ਐੱਮ ਪੀ ਆਈ, ਗੁਰਤੇਜ ਸਿੰਘ ਟਿੱਬੀ, ਜਸਪਾਲ ਸਿੰਘ ਪਾਲੀ ਬੀ ਕੇ ਯੂ ਉਗਰਾਹਾਂ, ਮੰਗਤ ਰਾਮ ਕਰੰਡੀ, ਗੁਰਪਾਲ ਸਿੰਘ ਨਾਹਰਾਂ, ਜਮਹੂਰੀ ਕਿਸਾਨ ਸਭਾ ਗੁਰਦੇਵ ਸਿੰਘ ਲੋਹਗੜ੍ਹ, ਬੀ ਕੇ ਯੂ ਡਕੌਂਦਾ ਬੂਟਾ ਸਿੰਘ ਗਿੱਲ ਦੇ ਚਾਨਣ ਸਿੰਘ ਜਟਾਣ, ਕਾਕਾ ਸਿੰਘ ਝਾਬ, ਦਿਹਾਤੀ ਮਜ਼ਦੂਰ ਸਭਾ ਵੱਲੋਂ ਆਤਮਾ ਰਾਮ ਸਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਮਨਦੀਪ ਸਿੰਘ ਸਰਦੂਲਗੜ੍ਹ ਬੰਸੀ ਲਾਲ ਨੇ ਸੰਬੋਧਨ ਕੀਤਾ।

ਬੁਢਲਾਡਾ (ਅਸ਼ੋਕ ਨਾਕਡਾ) : ਇੱਥੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਬੁਢਲਾਡਾ ਤਹਿਸੀਲ ਦਫ਼ਤਰ ਸਾਹਮਣੇ ਰੋਸ ਵਜੋਂ ਕਿਸਾਨ ਤੇ ਲੋਕ ਵਿਰੋਧੀ ਕੇਂਦਰ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਦੱਸਿਆ ਕਿ ਇੱਥੇ ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਦਾ ਬਜਟ 2025-2026 ਜਿੱਥੇ ਪੂੰਜੀ ਪਤੀ ਕਾਰਪੋਰੇਟ ਘਰਾਣਿਆਂ ਦਾ ਦੇਸ਼ ਦੀ ਅਰਥਵਿਵਸਥਾ 'ਤੇ ਗਲਬਾ ਕਾਇਮ ਕਰਨ ਵਾਲਾ ਹੈ, ਉੱਥੇ ਕਿਸਾਨ ਮਜ਼ਦੂਰ ਮੁਲਾਜ਼ਮ ਤੇ ਛੋਟੇ ਕਾਰੋਬਾਰੀਆਂ ਨੂੰ ਤਬਾਹ ਕਰਨ ਵਾਲਾ ਹੈ। ਦੇਸ਼ ਦੇ ਅੰਨਦਾਤੇ ਤੇ ਮਜ਼ਦੂਰ ਵਰਗ, ਜੋ ਆਰਥਿਕ ਤੰਗੀ ਕਾਰਨ ਖੁਦਕੁਸ਼ੀਆਂ ਲਈ ਮਜਬੂਰ ਹੈ ਅਤੇ ਪੂੰਜੀਪਤੀ ਲੁੱਟ ਕਾਰਨ ਕਰਜ਼ੇ ਦੇ ਤੰਦੂਆ ਜਾਲ ਵਿੱਚ ਫਸਿਆ ਹੋਇਆ ਹੈ, ਉਸ ਵਾਸਤੇ ਬਜਟ ਵਿੱਚ ਕੋਈ ਰਾਸ਼ੀ ਨਹੀਂ ਰੱਖੀ ਗਈ ਅਤੇ ਨਾ ਹੀ ਸਮਾਜਿਕ ਸੁਰੱਖਿਆ ਲਈ ਕੋਈ ਸਿਹਤ ਯੋਜਨਾ ਜਾਂ ਬੁਢਾਪਾ ਪੈਨਸ਼ਨ ਦਾ ਪ੍ਰਬੰਧ ਹੈ। ਖੇਤੀ ਤੇ ਸਿੱਖਿਆ ਦਾ ਬਜਟ ਲਗਾਤਾਰ ਘਟ ਰਿਹਾ ਹੈ, ਇਸ ਕਰਕੇ ਕਿਸਾਨਾਂ ਮਜ਼ਦੂਰਾਂ ਵੱਲੋਂ ਇਸ ਨੂੰ ਮੁੱਢੋਂ ਰੱਦ ਕਰ ਦਿੱਤਾ ਗਿਆ ਹੈ। ਇਸ ਮੌਕੇ ਸਰਕਾਰ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਸਮੇਂ ਸ਼ਾਮਲ ਹੋਣ ਵਾਲੇ ਆਗੂਆਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਆਗੂ ਜਗਸੀਰ ਸਿੰਘ ਦੋਦੜਾ, ਜੀਤੀ ਸਿੰਘ ਗੁਰਨੇ ਖੁਰਦ, ਮੇਜਰ ਸਿੰਘ ਬੱਛੋਆਣਾ, ਮੰਗੂ ਸਿੰਘ ਕਣਕਵਾਲ, ਬਿਦਰ ਸਿੰਘ ਬੀਰੋਕੇ ਕਲਾਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਬਲਾਕ ਖਜ਼ਾਨਚੀ ਜਗਜੀਵਨ ਸਿੰਘ ਹਸਨਪੁਰ, ਬਲਾਕ ਸੀਨੀਅਰ ਮੀਤ ਪ੍ਰਧਾਨ ਤੇਜਰਾਮ ਅਹਿਮਦਪੁਰ, ਜਗਤਾਰ ਸਿੰਘ ਪਿਪਲੀਆਂ, ਦਰਸ਼ਨ ਸਿੰਘ ਮਾਨ, ਲਾਭ ਸਿੰਘ, ਪਲੋਰ ਗੁਰਨੇ ਕਲਾਂ ਆਦਿ ਸ਼ਾਮਲ ਸਨ।

## ਪਦਮਜੀਤ ਸਿੰਘ ਮਹਿਤਾ ਨਗਰ ਨਿਗਮ ਦੇ ਮੇਅਰ ਚੁਣੇ



ਬਠਿੰਡਾ (ਬਖਤੌਰ ਢਿੱਲੋਂ)-ਨਗਰ ਨਿਗਮ ਬਠਿੰਡਾ ਦੇ ਮੇਅਰ ਲਈ ਅੱਜ ਹੋਈ ਚੋਣ ਵਿੱਚ ਸ੍ਰੀ ਪਦਮਜੀਤ ਸਿੰਘ ਮਹਿਤਾ ਮੇਅਰ ਚੁਣੇ ਗਏ। ਨਿਗਮ ਦੇ 50 ਕੌਂਸਲਰਾਂ ਤੇ ਇਕ ਵਿਧਾਇਕ ਸਮੇਤ ਕੁੱਲ 51 ਵੋਟਾਂ ਵਿੱਚੋਂ 3 ਕੌਂਸਲਰ ਗੈਰ-ਹਾਜ਼ਰ ਰਹੇ, ਜਦਕਿ ਪਦਮਜੀਤ ਸਿੰਘ ਮਹਿਤਾ ਨੇ 33 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ। ਉਸ ਦੇ ਵਿਰੋਧੀ ਉਮੀਦਵਾਰ ਬਲਜਿੰਦਰ ਸਿੰਘ ਠੇਕੇਦਾਰ ਨੂੰ ਸਿਰਫ਼ 15 ਵੋਟਾਂ ਪ੍ਰਾਪਤ ਹੋਈਆਂ।

ਨਗਰ ਨਿਗਮ ਦੀਆਂ ਕਰੀਬ ਚਾਰ ਸਾਲ ਪਹਿਲਾਂ ਹੋਈਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ 43 ਕੌਂਸਲਰਾਂ ਨੇ ਜਿੱਤ ਹਾਸਲ ਕੀਤੀ ਸੀ ਤੇ 7 ਕੌਂਸਲਰ ਅਕਾਲੀ ਦਲ ਦੇ ਜਿੱਤੇ ਸਨ। ਉਸ ਸਮੇਂ ਕਾਂਗਰਸ ਦੇ ਆਗੂ ਸ੍ਰ: ਮਨਪ੍ਰੀਤ ਸਿੰਘ ਬਾਦਲ ਦੀ ਅਤੀ ਨਜ਼ਦੀਕੀ ਸ੍ਰੀਮਤੀ ਰਮਨ ਗੋਇਲ ਮੇਅਰ ਬਣ ਗਈ ਸੀ। ਮਨਪ੍ਰੀਤ ਸਿੰਘ ਬਾਦਲ ਵੱਲੋਂ ਕਾਂਗਰਸ ਛੱਡ ਕੇ ਭਾਜਪਾ ਵਿੱਚ ਚਲੇ ਜਾਣ 'ਤੇ ਬਾਅਦ ਕਰੀਬ ਇੱਕ ਸਾਲ ਪਹਿਲਾਂ ਰਮਨ ਗੋਇਲ ਨੂੰ ਮੇਅਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਉਸ ਸਮੇਂ ਤੋਂ ਕਾਰਜਕਾਰੀ ਮੇਅਰ ਸ੍ਰੀ ਅਸ਼ੋਕ ਕੁਮਾਰ ਵੱਲੋਂ ਹੀ ਕੰਮ ਚਲਾਇਆ ਜਾ ਰਿਹਾ ਸੀ। ਇਸ ਸਮੇਂ ਦੌਰਾਨ ਕੁੱਝ ਨਗਰ ਕੌਂਸਲਰਾਂ ਨੇ ਪਾਰਟੀ ਵੀ ਬਦਲ ਲਈ ਸੀ। ਸ੍ਰ: ਜਗਰੂਪ ਸਿੰਘ ਗਿੱਲ ਵੱਲੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਬਣ ਜਾਣ ਉਪਰੰਤ ਖਾਲੀ ਹੋਏ ਉਨ੍ਹਾਂ ਦੇ ਵਾਰਡ ਦੀ ਕੁਝ ਸਮਾਂ ਪਹਿਲਾਂ ਹੋਈ ਚੋਣ ਵਿੱਚ ਆਮ ਆਦਮੀ ਪਾਰਟੀ ਵੱਲੋਂ ਸ੍ਰੀ ਪਦਮਜੀਤ ਸਿੰਘ ਨਗਰ ਕੌਂਸਲ ਬਣ ਗਏ ਸਨ, ਜਿਨ੍ਹਾਂ ਨੂੰ ਅੱਜ ਮੇਅਰ ਚੁਣ ਲਿਆ ਗਿਆ।

ਪਦਮਜੀਤ ਸਿੰਘ ਮਹਿਤਾ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਸਿੰਘ ਮਹਿਤਾ ਦਾ ਪੁੱਤਰ ਹੈ। ਅਮਰਜੀਤ ਸਿੰਘ ਮਹਿਤਾ ਆਮ ਆਦਮੀ ਪਾਰਟੀ ਦੇ ਆਗੂ ਸ੍ਰੀ ਰਾਘਵ ਚੱਢਾ ਦਾ ਅਤੀ ਨਜ਼ਦੀਕੀ ਹੈ।

## ਕਾਤਰਾਂ

### ਪਰਮਿੰਦਰ ਸਿੰਘ 'ਭਿੰਦਾ' ਨਮਿੱਤ ਅੰਤਿਮ ਅਰਦਾਸ ਅੱਜ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਆਮ ਆਦਮੀ ਪਾਰਟੀ ਦੇ ਸਰਗਰਮ ਵਰਕਰ ਪਰਮਿੰਦਰ ਸਿੰਘ 'ਭਿੰਦਾ' (45) ਪੁੱਤਰ ਸਵ: ਹਰਬੰਸ ਸਿੰਘ ਵਾਸੀ ਪਿੰਡ ਲਹਿਰਾ ਮੁਹੱਬਤ ਬੀਤੀ 28 ਜਨਵਰੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿੱਛੇ ਧਰਮ ਪਤਨੀ ਜਸਵਿੰਦਰ ਕੌਰ ਤੋਂ ਇਲਾਵਾ ਇੱਕ ਬੇਟਾ ਲਵਪ੍ਰੀਤ ਸਿੰਘ (25) ਤੇ ਇੱਕ ਬੇਟੀ ਨਵਜੋਤ ਕੌਰ (23) ਛੱਡ ਗਿਆ ਹੈ। ਉਨ੍ਹਾਂ ਦੇ ਦਿਹਾਂਤ 'ਤੇ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ। ਸਵ: ਪਰਮਿੰਦਰ ਸਿੰਘ 'ਭਿੰਦਾ' ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਡੇਰਾ ਬਾਬਾ ਭਾਈ ਜੀਤ ਸਾਹਿਬ, ਪੱਤੀ ਤਾਰਾ, ਪਿੰਡ ਲਹਿਰਾ ਮੁਹੱਬਤ (ਜ਼ਿਲ੍ਹਾ ਬਠਿੰਡਾ) ਵਿਖੇ 6 ਫਰਵਰੀ ਨੂੰ ਬਾਅਦ ਦੁਪਹਿਰ 12:30 ਵਜੇ ਹੋਵੇਗੀ।

### ਪੁਨੀਤ ਕੌਰ ਨੇ ਤੀਰ ਅੰਦਾਜ਼ੀ 'ਚ ਨੈਸ਼ਨਲ ਰਿਕਾਰਡ ਬਣਾਇਆ



ਪਟਿਆਲਾ (ਰਾਜਿੰਦਰ ਸਿੰਘ ਥਿੰਦ, ਅਵਤਾਰ ਜਟਾਣਾ)-ਪੰਜਾਬੀ ਤੀਰ ਅੰਦਾਜ਼ ਪੁਨੀਤ ਕੌਰ ਨੇ ਨੈਸ਼ਨਲ ਗੇਮਜ਼-2025 ਦੇਹਰਾਦੂਨ (ਉੱਤਰਾਖੰਡ) ਵਿਖੇ ਤੀਰ ਅੰਦਾਜ਼ੀ ਦੇ ਵਿਅਕਤੀਗਤ ਮੁਕਾਬਲੇ ਵਿੱਚ 150 ਦੇ ਕੁੱਲ ਸਕੋਰ ਵਿੱਚੋਂ 150 ਸਕੋਰ ਕਰਕੇ ਨਵਾਂ ਨੈਸ਼ਨਲ ਰਿਕਾਰਡ ਬਣਾਇਆ। ਇਸ ਤੋਂ ਪਹਿਲਾਂ ਇਹ ਰਿਕਾਰਡ ਜਯੋਤੀ ਵੇਨਮ ਸੁਰੇਖਾ ਦੇ ਨਾਮ ਸੀ। ਦੱਸਣਯੋਗ ਹੈ ਕਿ ਖਿਡਾਰਨ ਏਸ਼ੀਅਨ ਗੇਮਜ਼ ਤੇ ਵਿਸ਼ਵ ਚੈਂਪੀਅਨਸ਼ਿਪ-2023 ਵਿੱਚ ਗੋਲਡ ਮੈਡਲ ਜਿੱਤਣ ਦੇ ਨਾਲ 24 ਅੰਤਰਰਾਸ਼ਟਰੀ ਮੈਡਲ ਤੇ 29 ਨੈਸ਼ਨਲ ਮੈਡਲ ਆਪਣੇ ਨਾਂਅ ਕਰ ਚੁੱਕੀ ਹੈ। ਖਿਡਾਰਨ ਪੰਜਾਬੀ ਯੂਨੀਵਰਸਿਟੀ ਵਿਖੇ ਸੁਰਿੰਦਰ ਸਿੰਘ ਕੋਲ ਟ੍ਰੇਨਿੰਗ ਲੈ ਰਹੀ ਹੈ ਤੇ ਆਬਕਾਰ ਅਸਟੇਟ, ਫੇਜ਼-3 ਪਟਿਆਲਾ ਦੀ ਵਸਨੀਕ ਹੈ।

### 'ਆਖਰੀ ਕਤਾਰ ਦੇ ਯੋਧੇ' ਦਾ ਲੋਕ ਅਰਪਣ 9 ਨੂੰ

ਮਾਛੀਵਾੜਾ ਸਾਹਿਬ/ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਰਜੀਤ ਸਿੰਘ)-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਵੱਲੋਂ ਮਾਸਟਰ ਤੇਜੂ ਰਾਮ ਕੁਹਾੜਾ ਦੀ ਕਿਤਾਬ 'ਆਖਰੀ ਕਤਾਰ ਦੇ ਯੋਧੇ' (ਕਹਾਣੀ ਸੰਗ੍ਰਹਿ) ਦਾ ਲੋਕ ਅਰਪਣ 9 ਫਰਵਰੀ ਨੂੰ ਨਿਊ ਹਾਲ ਲਾਟਾਂ ਰੋਡ ਵਿਖੇ ਕੀਤਾ ਜਾਵੇਗਾ। ਸਭਾ ਦੇ ਸੇਵਾਦਾਰ ਗੁਰਸੇਵਕ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਕਾਮਰੇਡ ਸੁਰਜਨ ਸਿੰਘ ਵਿਰਕ ਸ਼ਿਰਕਤ ਕਰਨਗੇ, ਜਦਕਿ ਮੁੱਖ ਬੁਲਾਰਿਆਂ ਵਿੱਚ ਸੁਰਿੰਦਰ ਰਾਮਪੁਰੀ, ਰਾਮ ਸਰੂਪ ਰਿਖੀ, ਦਰਬਾਰਾ ਸਿੰਘ ਭਰਤ, ਗੁਰਦਿਆਲ ਦਲਾਲ, ਜਸਵੀਰ ਸਿੰਘ ਝੱਜ ਆਪਣੇ ਵਿਚਾਰ ਪ੍ਰਗਟ ਕਰਨਗੇ। ਸਮਾਗਮ ਦੌਰਾਨ ਹੋਣ ਵਾਲੇ ਕਵੀ ਦਰਬਾਰ 'ਚ ਹਾਜ਼ਰ ਸ਼ਾਇਰ ਆਪੋ ਆਪਣੀਆਂ ਰਚਨਾਵਾਂ ਦਾ ਪਾਠ ਕਰਨਗੇ। ਪ੍ਰਸਿੱਧ ਲੇਖਕ ਤੇ ਫੋਟੋਗ੍ਰਾਫਰ ਰਵਿੰਦਰ ਸਿੰਘ ਰਵੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

## ਸਰਕਾਰ ਬੇਅਦਬੀ ਵਰਗੀਆਂ ਘਟਨਾਵਾਂ 'ਤੇ ਕਾਬੂ ਪਾਏ : ਖਾਲਸਾ



ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮਾਛੀਵਾੜਾ ਸਾਹਿਬ ਦੇ ਪ੍ਰੈੱਸ ਸਕੱਤਰ ਪਰਮਿੰਦਰ ਸਿੰਘ ਖਾਲਸਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਨੂੰ ਬੇਅਦਬੀ ਵਰਗੀਆਂ ਘਟਨਾਵਾਂ 'ਤੇ ਕਾਬੂ ਪਾਉਣਾ ਚਾਹੀਦਾ ਹੈ। ਏਦਾਂ ਦੀਆਂ ਘਟਨਾਵਾਂ ਨੂੰ ਦੇਖਦਿਆਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਤੇ ਜਿਸ ਨੂੰ ਦੇਖਦਿਆਂ ਪੰਜਾਬ ਸਰਕਾਰ ਨੂੰ ਢੁੱਕਵਾਂ ਕਾਨੂੰਨ ਬਣਾਉਣਾ ਚਾਹੀਦਾ ਹੈ ਤਾਂ ਜੋ ਨਿਰੰਗ ਸਿੰਘਾਂ ਨੂੰ ਸੋਧਾਂ ਲਾਉਣ ਦੀ ਲੋੜ ਹੀ ਨਾ ਪਵੇ। ਪਰਮਿੰਦਰ ਸਿੰਘ ਖਾਲਸਾ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਅਸੀਂ ਕਿਸੇ ਨਾਲ ਧੱਕਾ ਨਹੀਂ ਦੇਖ ਸਕਦੇ, ਜੇ ਸਾਡੇ ਮਹਿਕਿਆਂ ਵਿੱਚ ਰਿਸ਼ਵਤਖੋਰੀ ਨੂੰ ਵੀ ਠੱਲ੍ਹ ਪਾਈ ਜਾਵੇ ਤਾਂ ਜੋ ਦੇਸ਼ ਦੇ ਕਿਸੇ ਵੀ ਵਿਅਕਤੀ ਨੂੰ ਹਰਾਸਮੈਂਟ ਨਾ ਹੋਣਾ ਪਵੇ। ਪਰਮਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਸਾਨੂੰ ਮਾਛੀਵਾੜਾ ਸਾਹਿਬ ਦੇ ਨਵੇਂ ਪ੍ਰਧਾਨ ਮੋਹਿਤ ਕੁੰਦਰਾ (ਸੋਨੂੰ) 'ਤੇ ਆਸ ਹੈ ਕਿ 31 ਮਾਰਚ ਤੋਂ ਬਾਅਦ ਠੇਕੇ ਨਹੀਂ ਖੁੱਲ੍ਹਣ ਦੇਣਗੇ। ਅਸੀਂ ਮੋਹਿਤ ਕੁੰਦਰਾ ਦਾ ਧੰਨਵਾਦ ਕਰਦੇ ਹਾਂ ਕਿ ਜਿਨ੍ਹਾਂ ਨੇ ਸ਼ਰਾਬ ਦੇ ਠੇਕੇ ਮਾਛੀਵਾੜਾ ਸਾਹਿਬ ਦੀ ਜੂਹ ਤੋਂ ਬਾਹਰ ਕੱਢਣ ਦਾ ਮਤਾ ਪਾਸ ਕੀਤਾ। ਨਾਲ ਹੀ ਅਸੀਂ ਬੇਨਤੀ ਵੀ ਕਰਦੇ ਹਾਂ ਕਿ ਇਸੇ ਤਰ੍ਹਾਂ ਮੀਟ ਦੀਆਂ ਦੁਕਾਨਾਂ ਵੀ ਮਾਛੀਵਾੜਾ ਸਾਹਿਬ ਦੀ ਜੂਹ ਤੋਂ ਬਾਹਰ ਕੱਢੀਆਂ ਜਾਣ।

## ਵਿੱਤ ਮੰਤਰੀ ਨੇ ਬਜਟ ਰਾਹੀਂ ਗਰੀਬਾਂ ਦੀ ਸੰਘੀ ਘੁੱਟੀ ਤੇ ਕਾਰਪੋਰੇਟਰਾਂ ਦੇ ਕੀਤੇ ਵਾਰੇ-ਨਿਆਰੇ : ਪਾਸਲਾ

### ਮੋਦੀ ਸਰਕਾਰ ਨੇ ਬਜਟ ਨੂੰ ਰਾਜਾਂ ਦੇ ਅਧਿਕਾਰ ਛਾਂਗਣ ਦਾ ਜ਼ਰੀਆ ਬਣਾਇਆ : ਮਹੀਪਾਲ



ਬਠਿੰਡਾ (ਪਰਵਿੰਦਰਜੀਤ ਸਿੰਘ)

ਭਾਰਤ ਸਰਕਾਰ ਦੇ ਸਾਲ 2025-26 ਦੇ ਬਜਟ ਦੀਆਂ ਲੋਕ ਵਿਰੋਧੀ ਤਜਵੀਜ਼ਾਂ ਦਾ ਪੁਰਜ਼ੋਰ ਵਿਰੋਧ ਕਰਨ ਦੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੀ ਕੇਂਦਰੀ ਕਮੇਟੀ ਦੇ ਸੱਦੇ ਤਹਿਤ ਇੱਥੇ ਪ੍ਰੈੱਸਾਂ ਭਾਰੀ ਗਿਣਤੀ ਕਿਰਤੀ ਔਰਤਾਂ ਤੇ ਪਾਰਟੀ ਕਾਰਕੁੰਨਾਂ ਨੇ ਸਥਾਨਕ ਕਸਬੇ 'ਚ ਰੋਸ ਪ੍ਰਦਰਸ਼ਨ ਕਰਕੇ ਪ੍ਰਧਾਨ ਮੰਤਰੀ ਤੇ ਅਡਾਨੀ-ਅੰਬਾਨੀ ਦਾ ਪੁਤਲਾ ਫੂਕਿਆ। ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰਨ ਲਈ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਤੇ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਉਚੇਚੇ ਹਾਜ਼ਰ ਹੋਏ। ਜ਼ਿਲ੍ਹਾ ਕਮੇਟੀ ਦੇ ਆਗੂ ਪ੍ਰਕਾਸ਼ ਸਿੰਘ ਨੰਦਗੜ੍ਹ, ਸੰਪੂਰਨ ਸਿੰਘ, ਮਲਕੀਤ ਸਿੰਘ ਮਹਿਮਾ ਸਰਜਾ, ਹਰੀ ਸਿੰਘ ਸੇਠੀ ਵੀ ਮੰਚ 'ਤੇ ਸਨ।

ਬੁਲਾਰਿਆਂ ਨੇ ਕਿਹਾ ਕਿ ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਗਏ ਸਾਲਾਨਾ ਬਜਟ ਦੀ ਮੁੱਖ ਸੇਧ ਅਡਾਨੀ-ਅੰਬਾਨੀ ਜਿਹੇ ਚੁੱਣੀ ਪੂੰਜੀਪਤੀਆਂ ਦੇ ਤਿਜੋਰੀਆਂ ਦੇ ਸਾਮਰਾਜੀ ਜੋਟੀਦਾਰਾਂ ਨੂੰ ਲਾਭ ਪੁਚਾਉਣ ਵੱਲ ਸੇਧਤ ਹੈ, ਜਦਕਿ ਆਮ ਲੋਕਾਂ, ਖਾਸ ਕਰਕੇ ਕਿਰਤੀ-ਕਿਸਾਨਾਂ ਦੀ ਸੰਘੀ ਹੋਰ ਘੁੱਟਣ ਦਾ ਜੁਗਾੜ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਜਟ ਅੰਦਰ ਸਭ ਤੋਂ ਵੱਧ ਰੁਜ਼ਗਾਰ ਸਿਰਜਣ ਵਾਲੇ ਖੇਤਰਾਂ, ਖਾਸ ਕਰਕੇ ਖੇਤੀ, ਪ੍ਰਚੂਨ ਵਪਾਰ ਤੇ ਛੋਟੇ ਤੇ ਦਰਮਿਆਨੇ ਉਦਯੋਗ-ਕਾਰੋਬਾਰਾਂ ਦੀ ਘੋਰ ਅਣਦੇਖੀ ਕੀਤੀ ਗਈ ਹੈ। ਮਗਨਰੇਗਾ ਦਾ ਬਜਟ ਘਟਾਉਣਾ, ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਦੇਣ ਤੋਂ ਟਾਲਾ ਵੱਟਣਾ, ਅਰਥਚਾਰੇ ਨੂੰ ਪੈਰਾਂ ਸਿਰ ਕਰਨ ਲਈ ਲੋਕਾਂ ਦੀ ਖ਼ਰੀਦ ਸ਼ਕਤੀ ਵਧਾਉਣ ਲਈ ਕੁੱਝ ਨਾ ਕਰਨਾ ਅਤੇ ਰੁਜ਼ਗਾਰ ਦੇਣ ਤੇ ਮਹਿੰਗਾਈ ਨੂੰ ਕਾਬੂ ਕਰਨ ਪੱਖੋਂ ਅੱਖਾਂ ਮੀਟ ਲੈਣੀਆਂ ਇਸ ਸਾਲ ਦੇ ਕੇਂਦਰੀ ਬਜਟ ਦੇ ਪ੍ਰਮੁੱਖ ਲੋਕ ਵਿਰੋਧੀ ਲੱਛਣ ਹਨ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਮੋਦੀ-03 ਸਰਕਾਰ ਨੇ ਮੌਜੂਦਾ ਬਜਟ ਨੂੰ ਸੂਬਾਈ ਅਧਿਕਾਰਾਂ ਦਾ ਘਾਣ ਕਰਨ ਦੇ ਸੰਦ 'ਚ ਤਬਦੀਲ ਕਰਨ ਦਾ ਖਤਰਨਾਕ ਰਵੱਈਆ ਅਪਣਾਇਆ ਹੈ। ਆਗੂਆਂ ਨੇ ਦੇਸ਼ ਵਾਸੀਆਂ ਨੂੰ ਇਸ ਬਜਟ ਖਿਲਾਫ਼ ਤੇ ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਘੋਲ ਨਿਰੰਤਰ ਜਾਰੀ ਰੱਖਣ ਦੀ ਅਪੀਲ ਕੀਤੀ ਹੈ।

## ਤਖਤੂਪੁਰਾ ਦੇ ਸਰਪੰਚ ਦੇ ਘਰ 'ਤੇ ਫਾਇਰਿੰਗ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਨਿਹਾਲ ਸਿੰਘ ਵਾਲਾ ਤਹਿਸੀਲ ਦੇ ਪਿੰਡ ਤਖਤੂਪੁਰਾ ਸਰਪੰਚ ਹਰਦੀਪ ਸਿੰਘ ਦੇ ਘਰ ਦੇ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਫਾਇਰਿੰਗ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਅਤੇ ਇਹ ਸਾਰਾ ਮਾਮਲਾ ਸੀ ਸੀ ਟੀ ਵੀ ਵਿੱਚ ਕੈਦ ਹੋ ਗਿਆ ਹੈ। ਥਾਣਾ ਨਿਹਾਲ ਸਿੰਘ ਵਾਲਾ ਪੁਲਸ ਵੱਲੋਂ ਤਫ਼ਤੀਸ਼ ਜਾਰੀ ਹੈ। ਸਰਪੰਚ ਹਰਦੀਪ ਸਿੰਘ ਦਿਓਲ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਹੈ। ਇਹ ਘਟਨਾ ਬੀਤੇ ਦਿਨੀਂ ਸ਼ਾਮ 6:45 'ਤੇ ਹੋਈ। ਇਸ ਸਬੰਧੀ ਥਾਣਾ ਨਿਹਾਲ ਸਿੰਘ ਵਾਲਾ ਵੱਲੋਂ ਪਰਚਾ ਦਰਜ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

## ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਦਾ ਸਨਮਾਨ



ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਐਕਸਿਸ ਬੈਂਕ ਦੇ ਡਿਪਟੀ ਮੈਨੇਜਰ ਸਾਹਿਲ ਸ਼ਰੀਨ ਤੇ ਨਵੀਨ ਅਤੇ ਸੋਨੀ ਮਨੀ ਚੌਂਕ ਵੱਲੋਂ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੇ ਨਵੇਂ ਪ੍ਰਧਾਨ ਮੋਹਿਤ ਕੁੰਦਰਾ (ਸੋਨੂੰ) ਨੂੰ ਸਨਮਾਨਤ ਕੀਤਾ ਗਿਆ ਅਤੇ ਬੈਂਕ ਨਾਲ ਸੰਬੰਧਤ ਸਹੂਲਤਾਂ ਨੂੰ ਸ਼ਹਿਰ ਵਾਸੀਆਂ ਤੱਕ ਪਹੁੰਚਾਉਣ ਦੀ ਬੇਨਤੀ ਕੀਤੀ। ਪ੍ਰਧਾਨ ਮੋਹਿਤ ਕੁੰਦਰਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਸ਼ਹਿਰ ਵਾਸੀਆਂ ਦੀ ਭਲਾਈ ਲਈ ਹਰ ਸੰਭਵ ਯਤਨ ਕਰਨ ਦੀ ਕੋਸ਼ਿਸ਼ ਕਰਾਂਗੇ।

## ਕੇਂਦਰ ਵੱਲੋਂ ਪੇਸ਼ ਬਜਟ 'ਚ ਕੀਤੀ ਗਈ ਕਾਰਪੋਰੇਟਾਂ ਦੀ ਰਾਖੀ : ਵਿਰਕ

### ਲੋਕ ਪੰਚਾਇਤ ਨੇ ਉਠਾਏ ਕਿਸਾਨੀ ਮੁੱਦੇ



ਸਿਰਸਾ (ਸੁਰਿੰਦਰਪਾਲ ਸਿੰਘ)-ਸਿਰਸਾ ਖੇਤਰ ਦੇ ਕਸਬਾ ਰਾਣੀਆਂ ਦੇ ਗੁਰਦੁਆਰਾ ਨਾਮਧਾਰੀ ਵਿਖੇ ਕਾਮਰੇਡ ਸਵਰਨ ਸਿੰਘ ਵਿਰਕ ਦੀ ਪ੍ਰਧਾਨਗੀ ਹੇਠ ਹੋਈ ਲੋਕ ਪੰਚਾਇਤ ਦੀ ਮੀਟਿੰਗ ਵਿੱਚ ਕੇਂਦਰ ਸਰਕਾਰ ਦੁਆਰਾ ਪੇਸ਼ ਕੀਤੇ ਬਜਟ 'ਤੇ ਨਿਰਾਸ਼ਾ ਪ੍ਰਗਟ ਕਰਦਿਆਂ ਕਾਮਰੇਡ ਵਿਰਕ ਨੇ ਕਿਹਾ ਕਿ ਇਸ ਬਜਟ ਵਿੱਚ ਮਿਹਨਤਕਸ਼ਾਂ ਕਿਸਾਨਾਂ ਮਜ਼ਦੂਰਾਂ ਤੇ ਆਮ ਵਰਗ ਦੇ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਇਹ ਬਜਟ ਕਿਸਾਨ ਤੇ ਮਿਹਨਤਕਸ਼ ਵਿਰੋਧੀ ਅਤੇ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਵਾਲਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨੀ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇ ਅਤੇ ਕਿਸਾਨੀ ਮੰਗਾਂ ਮੰਨੀਆਂ ਜਾਣ। ਕਿਸਾਨਾਂ ਨੂੰ ਖਾਦਾਂ ਤੇ ਬੀਜਾਂ 'ਤੇ ਸਬਸਿਡੀ ਦਿੱਤੀ ਜਾਵੇ ਤੇ ਕਿਸਾਨਾਂ ਦੇ ਬੀਜ ਖਾਦ ਸਰਕਾਰੀ ਦੁਕਾਨਾਂ 'ਤੇ ਉਪਲਬਧ ਕਰਾਏ ਜਾਣ। ਲੋਕ ਪੰਚਾਇਤ ਵੱਲੋਂ ਮੰਗ ਕੀਤੀ ਗਈ ਕਿ ਘੱਗਰ ਦਰਿਆ ਦੀ ਖੁਦਾਈ ਕਰਕੇ ਉਸ ਦੀ ਪਾਣੀ ਦੀ ਸਮਰੱਥਾ ਵਧਾਈ ਜਾਵੇ। ਹਰਿਆਣਾ ਵਿੱਚ ਪੰਜਾਬੀ ਭਾਸ਼ਾ ਦਾ ਵਿਕਾਸ ਕੀਤਾ ਜਾਵੇ ਤੇ ਪੰਜਾਬੀ ਤੀਸਰੀ ਜਮਾਤ ਤੋਂ ਸ਼ੁਰੂ ਕੀਤੀ ਜਾਵੇ। ਬੇਰੁਜ਼ਗਾਰੀ ਖਤਮ ਕਰਕੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤੇ ਜਾਣ। ਸਿਰਸਾ ਖੇਤਰ ਵਿੱਚ ਵਧ ਰਹੇ ਨਸ਼ਿਆਂ 'ਤੇ ਸਖ਼ਤੀ ਨਾਲ ਰੋਕ ਲਾਈ ਜਾਵੇ। ਇਸ ਲੋਕ ਪੰਚਾਇਤ ਵਿੱਚ ਭਾਗ ਲੈਣ ਵਾਲਿਆਂ ਵਿੱਚ ਜਥੇਦਾਰ ਗੁਰਮੇਲ ਸਿੰਘ ਮਟਦਾਦੂ, ਅਜੈਬ ਸਿੰਘ, ਸੱਜਾ ਸਿੰਘ, ਜਰਨੈਲ ਸਿੰਘ ਬਰਾੜ, ਗੁਰਚਰਨ ਸਿੰਘ, ਨਿਰਵੈਰ ਸਿੰਘ ਸਰਪੰਚ, ਬਲਦੇਵ ਸਿੰਘ, ਜਸਵੰਤ ਸਿੰਘ ਵਿਰਕ ਤੇ ਅਵਤਾਰ ਸਿੰਘ ਸਮੇਤ ਵੱਡੀ ਪੱਧਰ ਵਿੱਚ ਕਿਸਾਨ ਤੇ ਮਿਹਨਤਕਸ਼ ਸ਼ਾਮਲ ਸਨ।

## ਝਾੜ ਸਾਹਿਬ ਕਾਲਜ ਦਾ ਨਤੀਜਾ ਸ਼ਾਨਦਾਰ



ਸਮਰਾਲਾ (ਸੁਰਜੀਤ ਸਿੰਘ)-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਬੀ. ਕਾਮ ਸਮੈਸਟਰ ਪਹਿਲਾਂ ਦਾ ਨਤੀਜਾ ਸ਼ਾਨਦਾਰ ਰਿਹਾ। ਬੀ. ਕਾਮ ਸਮੈਸਟਰ ਪਹਿਲੇ ਦੀ ਵਿਦਿਆਰਥਣ ਹਰਸ਼ਰਨ ਕੌਰ ਨੇ 77 ਫ਼ੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥਣ ਅਮਨਪ੍ਰੀਤ ਕੌਰ ਨੇ 74.5 ਫ਼ੀਸਦੀ ਅੰਕ ਹਾਸਲ ਕਰਕੇ ਦੂਸਰਾ ਸਥਾਨ ਤੇ ਕਾਜਲ ਨੇ 74 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਤੇ ਸਟਾਫ ਮੈਂਬਰ, ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਹੈ।

ਵਿਦਿਆਰਥਣਾਂ ਨੂੰ ਸਮਾਂ ਦੇ ਹਾਣੀ ਬਣਾਉਣ ਲਈ ਕਾਲਜ ਵਿੱਚ ਕਾਮਰਸ ਵਿਭਾਗ ਵੱਲੋਂ ਚਲਾਏ ਜਾ ਰਹੇ ਨਾਨ ਫਾਰਮਲ ਕੋਰਸ, ਟੈਲੀ ਕੋਰਸ ਤੇ ਬੇਸਿਕਸ ਆਫ਼ ਅਕਾਊਂਟਿੰਗ ਦੇ ਅਧੀਨ ਵਿਦਿਆਰਥਣਾਂ ਨੂੰ ਵੱਖ ਵੱਖ ਰਜਿਸਟਰ ਜਿਵੇਂ ਕਿ ਕੈਸ਼ ਬੁੱਕ, ਸਟਾਕ ਰਜਿਸਟਰ, ਲੈਜਰ ਬੁੱਕ, ਵਾਊਚਰ ਭਰਨਾ ਆਦਿ ਦੀ ਸਿਖਲਾਈ ਜਾਂਦੀ ਹੈ। ਸਾਨੂੰ ਉਮੀਦ ਹੈ ਕਿ ਭਵਿੱਖ ਵਿੱਚ ਵੀ ਸਾਡੀਆਂ ਵਿਦਿਆਰਥਣਾਂ ਇਸੇ ਤਰ੍ਹਾਂ ਦ੍ਰਿੜ੍ਹ ਮਿਹਨਤ ਤੇ ਲਗਨ ਸਦਕਾ ਵਧੀਆ ਨਤੀਜੇ ਪ੍ਰਾਪਤ ਕਰਕੇ ਅਧਿਆਪਕਾਂ ਤੇ ਮਾਪਿਆਂ ਦਾ ਨਾਂਅ ਰੌਸ਼ਨ ਕਰਨਗੀਆਂ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

## ਪੈਂਡੂ ਸਾਹਿਤ ਸਭਾ ਵੱਲੋਂ ਚਿੱਤਰਕਲਾ, ਸੁੰਦਰ ਲਿਖਾਈ ਮੁਕਾਬਲਾ ਤੇ ਕਵੀਸ਼ਰੀ ਸਮਾਰੋਹ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਪੈਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ 12ਵਾਂ ਚਿੱਤਰਕਲਾ ਤੇ ਦੂਸਰਾ ਸੁੰਦਰ ਲਿਖਾਈ ਮੁਕਾਬਲਾ ਅਤੇ 21ਵਾਂ ਢਾਡੀ ਕਵੀਸ਼ਰੀ ਸਮਾਰੋਹ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ ਵਿਖੇ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਸੁਖਦਰਸ਼ਨ ਗਰਗ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਚਿੱਤਰਕਲਾ ਤੇ ਸੁੰਦਰ ਲਿਖਾਈ ਮੁਕਾਬਲਿਆਂ ਲਈ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਭਾਗ ਲਿਆ। ਚਿੱਤਰਕਲਾ ਮੁਕਾਬਲੇ ਗਰੁੱਪ-ਏ ਪਹਿਲੀ ਤੋਂ ਪੰਜਵੀਂ, ਗਰੁੱਪ ਬੀ-ਛੇਵੀਂ ਤੋਂ ਦਸਵੀਂ ਤੇ ਗਰੁੱਪ-ਸੀ ਗਿਆਰਵੀਂ ਤੋਂ ਕਾਲਜ ਦੇ ਵਿਦਿਆਰਥੀਆਂ ਦਰਮਿਆਨ ਕਰਵਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਮੁੱਖ ਮਹਿਮਾਨ ਨਾਇਬ ਤਹਿਸੀਲਦਾਰ ਬਾਲਿਆਂਵਾਲੀ ਰਮਨਦੀਪ ਕੌਰ ਵੱਲੋਂ ਰਿਬਨ ਕੱਟ ਕੇ ਕੀਤੀ ਗਈ। ਚਿੱਤਰਕਲਾ ਮੁਕਾਬਲਿਆਂ 'ਚੋਂ (ਗਰੁੱਪ-ਏ) 'ਚੋਂ ਪਹਿਲਾ ਸਥਾਨ ਬਿਸ਼ਵਜੋਤ ਸਿੰਘ ਗੁਰੂ ਰਾਮਦਾਸ ਪਬਲਿਕ ਸਕੂਲ ਲਹਿਰਾ ਮੁਹੱਬਤ, ਦੂਜਾ ਸਥਾਨ ਗੁਰਜੀਤ ਕੌਰ ਸੇਂਟ ਸਟੀਫਨ ਇੰਟਰਨੈਸ਼ਨਲ ਸਕੂਲ ਚਾਉਕੇ, ਤੀਸਰਾ ਸਥਾਨ ਅਰਸ਼ਦੀਪ ਸਿੰਘ ਗੁਰੂ ਰਾਮਦਾਸ ਪਬਲਿਕ ਸਕੂਲ ਲਹਿਰਾ ਮੁਹੱਬਤ, (ਗਰੁੱਪ ਬੀ) ਲਖਵੀਰ ਸਿੰਘ ਸਰਕਾਰੀ ਹਾਈ ਸਕੂਲ ਭਿੱਖੀ ਨੇ ਪਹਿਲਾ, ਅਮਿਤਪਾਲ ਕੌਰ ਗੁਰੂ ਰਾਮਦਾਸ ਪਬਲਿਕ ਸਕੂਲ ਲਹਿਰਾ ਮੁਹੱਬਤ ਨੇ ਦੂਸਰਾ ਤੇ ਜਸ਼ਮੀਤ ਕੌਰ ਸੇਂਟ ਸਟੀਫਨ ਇੰਟਰਨੈਸ਼ਨਲ ਸਕੂਲ ਚਾਉਕੇ ਨੇ ਤੀਸਰਾ ਸਥਾਨ, (ਗਰੁੱਪ-ਸੀ) ਪਵਿੱਤਰ ਸਰਕਾਰੀ ਸਕੂਲ ਆਫ ਐਮੀਨੈਂਸ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਸੁੰਦਰ ਲਿਖਾਈ ਮੁਕਾਬਲੇ 'ਚੋਂ ਲਵੀਸ਼ਾ ਤੇ ਹਰਲੀਨ ਕੌਰ ਸਰਕਾਰੀ ਕੰਨਿਆ ਸੈਕੰਡਰੀ ਸਕੂਲ ਮਲੂਕਾ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ ਅਤੇ ਸੁਖਮਨ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਬਾਲਿਆਂਵਾਲੀ ਨੇ ਤੀਜਾ ਸਥਾਨ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਸਭਾ ਵੱਲੋਂ ਨਗਦ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਤੇ ਵੱਖ-ਵੱਖ ਸਕੂਲਾਂ ਨੂੰ 'ਚੋਂ ਕੁੱਲ 10 ਹੌਸਲਾ ਵਧਾਊ ਇਨਾਮ ਦਿੱਤੇ ਗਏ। ਇਸ ਮੌਕੇ ਸਭਾ ਵੱਲੋਂ ਕਵੀਸ਼ਰ ਸੰਤਪਾਲ ਸਿੰਘ ਗਿੱਲ ਨੂੰ ਕਵੀਸ਼ਰੀ ਦੇ ਖੇਤਰ ਵਿੱਚ ਨਿਭਾਈਆਂ ਸੇਵਾਵਾਂ ਬਦਲੇ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਐਵਾਰਡ ਅਤੇ ਨਕਦ 2100 ਰੁਪਏ ਤੇ ਲੋਈ ਭੇਟ ਕਰ ਕੇ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਨਾਇਬ ਤਹਿਸੀਲਦਾਰ ਮੈਡਮ ਰਮਨਦੀਪ ਕੌਰ ਨੇ ਮਾਘੀ ਸਿੰਘ ਗਿੱਲ ਲਾਇਬ੍ਰੇਰੀ ਦੇ ਕੰਮਾਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਅਵਤਾਰ ਸਿੰਘ (ਲਿਟਲ ਫਲਾਵਰ ਸੀ. ਸੈ. ਸਕੂਲ ਬਠਿੰਡਾ) ਵੱਲੋਂ ਸਭਾ ਨੂੰ ਪੰਦਰ ਅਮਰਜੀਤ ਸਿੰਘ ਵੱਲੋਂ ਬਣਾਏ ਚਿੱਤਰ ਭੇਟ ਕੀਤੇ ਗਏ ਅਤੇ ਸਕੂਲਾਂ ਦੇ ਪੇਂਟਿੰਗ ਆਰਟ ਗੈਲਰੀ ਲਈ ਭੇਟ ਕੀਤੀਆਂ। ਇਸ ਮੌਕੇ ਚਿੱਤਰਕਲਾ ਤੇ ਸੁੰਦਰ ਲਿਖਾਈ ਮੁਕਾਬਲਿਆਂ ਦੀ ਜੱਜਮੈਂਟ ਸਟੇਟ ਐਵਾਰਡੀ ਅਮਰਜੀਤ ਸਿੰਘ ਪੇਂਟਰ ਬਠਿੰਡਾ, ਗੁਰਸੇਵ ਮੰਗਲਾ ਵਿੱਤ ਸਕੱਤਰ ਤੇ ਅਮਨਦੀਪ ਸਿੰਘ ਪੰਜਾਬੀ ਮਾਸਟਰ ਨੇ ਕੀਤੀ। ਇਸ ਮੌਕੇ ਮਾ. ਜਗਨ ਨਾਥ, ਅਜਮੇਰ ਦੀਵਾਨਾ, ਜੀਤ ਸਿੰਘ ਢਿੱਲੋਂ, ਪੱਤਰਕਾਰ ਕੁਲਦੀਪ ਮਤਵਾਲਾ, ਮਾ. ਦਰਸ਼ਨ ਸਿੰਘ ਸਿੱਧੂ, ਮਾ. ਹਰਿੰਦਰ ਕੁਮਾਰ ਰਾਣੀ, ਹਰਜਿੰਦਰ ਕੌਰ, ਗੁਰਪ੍ਰੀਤ ਕੌਰ, ਦੀਪਕ ਕੁਮਾਰ, ਕੱਕ ਖਾਂ ਤੇ ਗੁਰਮੇਲ ਸਿੰਘ ਮੇਲਾ ਆਦਿ ਹਾਜ਼ਰ ਸਨ।

## ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਵਿਧਾਇਕ ਦੀ ਮੌਜੂਦਗੀ 'ਚ ਅਹੁਦਾ ਸੰਭਾਲਿਆ



ਲੁਧਿਆਣਾ (ਰਾਜ ਸਿੰਗਲਾ) ਸ਼ਹਿਰ ਦੇ ਵਾਲ ਦੀ ਵਿੱਚ ਚੁਣੇ ਗਏ ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਗਿੱਲ ਰੋਡ 'ਤੇ ਨਗਰ ਨਿਗਮ ਦੇ ਜ਼ੋਨ ਸੀ ਦਫ਼ਤਰ ਵਿਖੇ ਅਹੁਦਾ ਸੰਭਾਲਿਆ। ਨਗਰ ਨਿਗਮ ਦੇ ਅਧਿਕਾਰੀਆਂ ਤੇ ਕੌਂਸਲਰਾਂ ਨਾਲ ਮੀਟਿੰਗ ਕਰਦੇ ਹੋਏ ਡਿਪਟੀ ਮੇਅਰ ਜੌਹਰ ਨੇ ਕਿਹਾ ਕਿ ਉਹ ਜਨਤਾ ਤੇ ਨਗਰ ਨਿਗਮ ਵਿਚਕਾਰ ਪੁਲ ਵਜੋਂ ਕੰਮ ਕਰਨਗੇ। ਉਨ੍ਹਾਂ ਦਾ ਉਦੇਸ਼ ਵਿਕਾਸ ਕਾਰਜ ਕਰਨਾ, ਜਨਤਕ ਸ਼ਿਕਾਇਤਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਤੇ ਸਮਾਜ ਦੀ ਬਿਹਤਰੀ ਲਈ ਕੰਮ ਕਰਨਾ ਹੋਵੇਗਾ। ਇਸ ਸਮਾਰੋਹ ਦੌਰਾਨ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਮਰਹੂਮ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਪਤਨੀ ਡਾ. ਸੁਖਚੈਨ ਬੱਸੀ ਗੋਗੀ, ਕੌਂਸਲਰ ਜੁਵਰਾਜ ਸਿੰਘ, ਹਰਕੀਰਤ ਸੋਹਣ ਸਿੰਘ ਗੋਗਾ, ਕੌਂਸਲਰ ਕੋਮਲ ਪ੍ਰੀਤ, ਕੌਂਸਲਰ ਜਸਮੀਤ ਸਿੰਘ ਨੰਨੀ, ਕੌਂਸਲਰ ਊਸ਼ਾ ਰਾਣੀ, ਐਡਵੋਕੇਟ ਸਰਤਾਜ ਸਿੱਧੂ, ਕਮਲ ਖੁਰਾਣਾ, ਪਰਮਿੰਦਰ ਸੋਮਾ, ਮਨੀ ਭਗਤ ਆਦਿ ਹਾਜ਼ਰ ਸਨ। ਇਸ ਮੌਕੇ ਨਗਰ ਨਿਗਮ ਦੇ ਜ਼ੋਨਲ ਕਮਿਸ਼ਨਰ ਗੁਰਪਾਲ ਸਿੰਘ, ਸੁਪਰਡੈਂਟ ਅਬਦੁਲ ਸੱਤਾਰ, ਏ.ਟੀ.ਪੀ. ਜਗਦੀਪ ਸਿੰਘ ਆਦਿ ਮੌਜੂਦ ਸਨ। ਦਫ਼ਤਰ ਵਿੱਚ ਚਾਰਜ ਸੰਭਾਲਣ ਤੋਂ ਪਹਿਲਾਂ, ਵਿਧਾਇਕ ਸਿੱਧੂ ਤੇ ਡਿਪਟੀ ਮੇਅਰ ਜੌਹਰ ਨੇ ਗਿੱਲ ਰੋਡ 'ਤੇ ਇੱਕ ਵਧਾਈ ਮਾਰਚ ਕੱਢਿਆ ਤੇ ਜਨਤਾ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ।

ਮੀਟਿੰਗ ਦੌਰਾਨ ਨੌ-ਸੰਵਾ ਪੋਰਟਲ 'ਤੇ ਕੌਂਸਲਰਾਂ ਦੇ ਆਈ ਡੀ ਵੀ ਬਣਾਏ ਗਏ, ਜੋ ਕਿ ਸੂਬਾ ਸਰਕਾਰ ਵੱਲੋਂ ਜਨਤਾ ਦੀ ਭਲਾਈ ਲਈ ਸ਼ੁਰੂ ਕੀਤਾ ਗਿਆ ਹੈ। ਇਸ ਪੋਰਟਲ ਰਾਹੀਂ ਬਹੁਤ ਸਾਰੀਆਂ ਸੇਵਾਵਾਂ ਔਨਲਾਈਨ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਆਈ ਡੀ ਬਣਾਉਣ ਦੀ ਪ੍ਰਕਿਰਿਆ ਜ਼ੋਨ ਸੀ ਤੋਂ ਸ਼ੁਰੂ ਕੀਤੀ ਗਈ ਹੈ ਅਤੇ ਕੌਂਸਲਰ ਵਸਨੀਕਾਂ ਦੁਆਰਾ ਜਮ੍ਹਾਂ ਕਰਵਾਈਆਂ ਗਈਆਂ ਅਰਜ਼ੀਆਂ ਨੂੰ ਔਨਲਾਈਨ ਸਿਫਾਰਸ਼/ਮਨਜ਼ੂਰ ਕਰ ਸਕਣਗੇ।

## ਝਾੜ ਸਾਹਿਬ ਕਾਲਜ 'ਚ ਅੰਤਰ ਸਕੂਲ ਪ੍ਰਸ਼ਨੋਤਰੀ ਮੁਕਾਬਲਾ ਕਰਾਇਆ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ ਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਮਹਿੰਦਰ ਕੌਰ, ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਪ੍ਰੋ. ਜਸਵੀਰ ਕੌਰ, ਕਲਚਰਲ ਕਮੇਟੀ ਦੇ ਕਨਵੀਨਰ ਡਾ. ਸੁਨੀਤਾ ਕੌਸ਼ਲ ਦੀ ਅਗਵਾਈ ਹੇਠ ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਤ ਅੰਤਰ ਸਕੂਲ 'ਪੁਰਾਤਨ ਪੰਜਾਬੀ ਸ਼ਬਿਆਚਾਰ ਤੇ ਪ੍ਰਸ਼ਨ ਢੰਡਾਂ' ਵਿਸ਼ੇ 'ਤੇ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਡਾ. ਇੰਦਰਪਾਲ ਸਿੰਘ ਸਿੱਧੂ ਵੀ. ਸੀ. ਨੁਮਾਇੰਦੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਕਾਲਜ ਮੈਨੇਜਿੰਗ ਕਮੇਟੀ, ਵਿਸ਼ੇਸ਼ ਮਹਿਮਾਨ ਸੁਖਮਿੰਦਰ ਸਿੰਘ ਸਕੱਤਰ ਵਿੱਦਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਕੀਤਾ। ਇਸ ਪ੍ਰਸ਼ਨੋਤਰੀ ਮੁਕਾਬਲੇ 'ਚ ਇਲਾਕੇ ਦੇ ਵੱਖ-ਵੱਖ ਸਕੂਲਾਂ ਦੀਆਂ 350 ਤੋਂ ਵੱਧ ਵਿਦਿਆਰਥਣਾਂ ਨੇ ਭਾਗ ਲਿਆ। ਇਹ ਮੁਕਾਬਲਾ ਦੋ ਪੜਾਵਾਂ 'ਚ ਹੋਇਆ, ਜਿਸ ਵਿੱਚ ਵਿਦਿਆਰਥਣਾਂ ਨੇ ਪਹਿਲਾਂ ਲਿਖਤੀ ਪ੍ਰੀਖਿਆ ਦਿੱਤੀ ਤੇ ਫਿਰ ਫਾਈਨਲ ਮੁਕਾਬਲੇ ਲਈ ਛੇ ਟੀਮਾਂ ਚੁਣੀਆਂ ਗਈਆਂ। ਫਾਈਨਲ ਮੁਕਾਬਲੇ 'ਚ ਵਿਦਿਆਰਥੀਆਂ ਕੋਲੋਂ ਪੁਰਾਤਨ ਗਹਿਣੇ, ਅਖਾਣ, ਮੁਹਾਵਰੇ, ਪੁਰਾਤਨ ਖੇਡਾਂ, ਲੋਕ ਕਹਾਣੀਆਂ, ਗਥਾਵਾਂ, ਕਿੱਸੇ, ਪੁਰਾਤਨ ਪਹਿਰਾਵਾ ਰਿਸ਼ਤੇ ਨਾਤੇ, ਰੀਤੀ ਰਿਵਾਜ ਪੁਰਾਤਨ ਸਾਜ਼ ਤੇ ਲੋਕ ਗੀਤਾਂ ਨਾਲ ਸਬੰਧਤ ਸਵਾਲ ਪੁੱਛੇ ਗਏ। ਫਾਈਨਲ ਮੁਕਾਬਲੇ 'ਚ ਕ੍ਰਮਵਾਰ ਮਾਤਾ ਹਰਦੇਈ ਨੈਸ਼ਨਲ ਕਾਨਵੈਂਟ ਸੀ.ਸੈ. ਸਕੂਲ ਮਾਛੀਵਾੜਾ ਸਾਹਿਬ ਨੇ ਪਹਿਲਾ ਸਥਾਨ, ਮੂਨ ਲਾਈਟ ਪਬਲਿਕ ਸਕੂਲ ਹੇਡੋਂ ਬੇਟ ਦੂਸਰਾ ਸਥਾਨ, ਸਰਕਾਰੀ ਸੀ. ਸੈ. ਸਕੂਲ ਬੁੱਲੇਵਾਲ ਤੀਜਾ ਸਥਾਨ, ਬਾਬਾ ਮੋਤੀ ਭਗਤ ਸਿੰਘ ਸਕੂਲ ਮਾਛੀਵਾੜਾ ਸਾਹਿਬ ਚੌਥਾ ਸਥਾਨ, ਹਰਸ਼ਨ ਪਬਲਿਕ ਸਕੂਲ ਸਰਗੋਡੀ ਪੰਜਵਾਂ ਸਥਾਨ, ਕਿੰਡਰ ਗਾਰਟਨ ਸਕੂਲ ਸਮਰਾਲਾ ਛੇਵਾਂ ਸਥਾਨ ਪ੍ਰਾਪਤ ਕੀਤਾ। ਪਹਿਲੇ ਛੇ ਸਥਾਨਾਂ 'ਤੇ ਰਹਿਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 11000, 9100, 7100, 1100, 700, 500 ਰਾਸ਼ੀ ਦੇ ਨਕਦ ਇਨਾਮ ਦਿੱਤੇ ਗਏ। ਇਸ ਮੁਕਾਬਲੇ 'ਚ ਭਾਗ ਲੈਣ ਵਾਲੀਆਂ ਟੀਮਾਂ ਦੇ ਇੰਚਾਰਜ ਟੀਚਰ ਸਾਹਿਬਾਨਾਂ ਨੂੰ ਵੀ 1100 ਰੁਪਏ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਮੁਕਾਬਲੇ 'ਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਹੌਸਲਾ ਅਫਜ਼ਾਈ ਵਜੋਂ ਵਿਸ਼ੇਸ਼ ਇਨਾਮ ਤੇ ਤੋਹਫੇ ਦਿੱਤੇ ਗਏ। ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਵੱਲੋਂ ਜੇਤੂਆਂ ਨੂੰ ਇਨਾਮ ਵੰਡੇ ਗਏ। ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਨੇ ਕਿਹਾ ਕਿ ਇਹ ਪ੍ਰਸ਼ਨੋਤਰੀ ਮੁਕਾਬਲਾ ਸਭ ਲਈ ਸਹਾਈ ਸਿੱਧ ਹੋਵੇਗਾ। ਹਰਜਤਿੰਦਰ ਸਿੰਘ ਬਾਜਵਾ ਆਨਰੇਰੀ ਐਡੀਸ਼ਨਲ ਸਕੱਤਰ ਲੋਕਲ ਮੈਨੇਜਿੰਗ ਕਮੇਟੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਇਸ ਪ੍ਰੋਗਰਾਮ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਨ ਲਈ ਉਪਯੋਗਤਾ ਤੇ ਕਾਰਜਸ਼ੀਲਤਾ ਦੀ ਸ਼ਲਾਘਾ ਕੀਤੀ। ਇਸ ਪ੍ਰਸ਼ਨੋਤਰੀ ਮੁਕਾਬਲੇ ਦਾ ਸੰਚਾਲਨ ਡਾ. ਅਮਨਪ੍ਰੀਤ ਕੌਰ ਕੰਗ ਵੱਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਬਹਿਲੋਲਪੁਰ ਮੀਤ ਪ੍ਰਧਾਨ, ਹਰਜਤਿੰਦਰ ਸਿੰਘ ਬਾਜਵਾ ਆਨਰੇਰੀ ਐਡੀਸ਼ਨਲ ਸਕੱਤਰ, ਜਸਵਿੰਦਰ ਸਿੰਘ ਲੱਖੋਵਾਲ, ਅਮਰੀਕ ਸਿੰਘ ਹੇੜੀਆਂ, ਲਖਵੀਰ ਸਿੰਘ ਪੰਚ ਪਿੰਡ ਝਾੜ ਸਾਹਿਬ, ਕੁਲਵੀਰ ਸਿੰਘ ਪੰਚ ਪਿੰਡ ਝਾੜ ਸਾਹਿਬ ਤੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ।

## ਨੂੰਹ-ਸਹੁਰੇ ਵਿਰੁੱਧ ਧੋਖਾਧੜੀ ਦਾ ਕੇਸ ਦਰਜ

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਦੀ ਇੱਕ ਕਲੋਨੀ ਵਿੱਚ ਸ਼ੋ-ਰੂਮ ਖ੍ਰੀਦਣ ਵਾਲੇ ਵਿਅਕਤੀ ਵੱਲੋਂ ਮਰ ਚੁੱਕੇ ਕਲੋਨੀ ਦੇ ਹਿੱਸੇਦਾਰ ਦੇ ਪਿਤਾ ਤੇ ਪਤਨੀ ਵਿਰੁੱਧ ਧੋਖਾਧੜੀ ਦੇ ਲਗਾਏ ਗਏ ਦੋਸ਼ਾਂ ਦੇ ਮੱਦੇਨਜ਼ਰ ਥਾਣਾ ਫਤਿਹਗੜ੍ਹ ਸਾਹਿਬ ਦੀ ਪੁਲਸ ਨੇ ਨੂੰਹ ਤੇ ਸਹੁਰੇ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਨਮ ਮੋਦੀ ਵਾਸੀ ਪਟਿਆਲਾ ਨੇ ਪੁਲਸ ਨੂੰ ਦਿੱਤੀ ਦਰਖ਼ਾਸਤ ਵਿੱਚ ਦੱਸਿਆ ਸੀ ਕਿ ਉਸ ਦੀ ਮਾਤਾ ਨੇ ਸਰਹਿੰਦ ਦੀ ਲਛਮੀ ਕਲੋਨੀ ਵਿੱਚ ਕੁਝ ਸਾਲ ਪਹਿਲਾਂ ਇੱਕ ਸ਼ੋ-ਰੂਮ ਖ੍ਰੀਦਿਆ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਵਰਿੰਦਰ ਕੌਰ ਤੇ ਸੁਖਦੇਵ ਸਿੰਘ ਨੇ ਆਪਸੀ ਮਿਲੀਭੁਗਤ ਕਰਕੇ ਧੋਖਾਧੜੀ ਕਰਦਿਆਂ ਉਨ੍ਹਾਂ ਦੀ ਮਾਲਕੀ ਵਾਲੇ ਸ਼ੋ-ਰੂਮ ਦੀ ਰਜਿਸਟਰੀ ਅੱਗੇ ਕਿਸੇ ਹੋਰ ਨੂੰ ਕਰਵਾ ਦਿੱਤੀ। ਦਰਖ਼ਾਸਤ ਦੀ ਪੜਤਾਲ ਡੀਐੱਸਪੀ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਗਈ, ਜਿਨ੍ਹਾਂ ਦੀ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਮਾਮਲੇ 'ਚ ਬਣਦੀ ਕਾਰਵਾਈ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਥਾਣਾ ਫਤਿਹਗੜ੍ਹ ਸਾਹਿਬ ਦੀ ਪੁਲਸ ਨੇ ਵਰਿੰਦਰ ਕੌਰ ਤੇ ਉਸ ਦੇ ਸਹੁਰੇ ਸੁਖਦੇਵ ਸਿੰਘ ਵਾਸੀਆਨ ਪਿੰਡ ਪੰਜੋਲੀ ਖੁਰਦ ਵਿਰੁੱਧ ਅ/ਧ 406,420,120ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਚੋਰੀ ਦੇ ਮੋਟਰਸਾਈਕਲ ਸਮੇਤ ਦੋ ਗ੍ਰਿਫ਼ਤਾਰ

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਸੀ ਪਠਾਣਾਂ ਦੀ ਪੁਲਸ ਨੇ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨੀਰਜ ਕੁਮਾਰ ਵਾਸੀ ਬਸੀ ਪਠਾਣਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਸਨ ਕਿ ਉਸ ਦੇ ਘਰ ਦੇ ਬਾਹਰ ਖੜ੍ਹਾ ਕੀਤਾ ਉਸ ਦਾ ਸਪਲੈਂਡਰ ਮੋਟਰਸਾਈਕਲ ਅਮਨਦੀਪ ਸਿੰਘ ਉਰਫ਼ ਅਮਨ ਤੇ ਗੁਰਦੀਪ ਸਿੰਘ ਉਰਫ਼ ਗੋਲਡੀ ਨੇ ਚੋਰੀ ਕਰ ਲਿਆ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਬਸੀ ਪਠਾਣਾਂ ਵਿਖੇ ਅ/ਧ 303(2),317(2) ਬੀ.ਐੱਨ.ਐੱਸ. ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਬਸੀ ਪਠਾਣਾਂ ਪੁਲਸ ਦੀ ਚੌਕੀ ਦੇ ਇੰਚਾਰਜ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਅਮਨਦੀਪ ਸਿੰਘ ਉਰਫ਼ ਅਮਨ ਤੇ ਗੁਰਦੀਪ ਸਿੰਘ ਉਰਫ਼ ਗੋਲਡੀ ਨੂੰ ਗ੍ਰਿਫ਼ਤਾਰ ਕਰਕੇ ਚੋਰੀਸ਼ੁਦਾ ਮੋਟਰਸਾਈਕਲ ਬਰਾਮਦ ਕਰ ਲਿਆ ਹੈ।

## ਰਿਆਸਤ ਏ ਨਾਭਾ ਪ੍ਰੈੱਸ ਕਲੱਬ ਵੱਲੋਂ ਨਸ਼ਿਆਂ ਦੇ ਮੁੱਦੇ 'ਤੇ ਸੈਮੀਨਾਰ






ਨਾਭਾ (ਵਰਿੰਦਰ ਵਰਮਾ)-ਰਿਆਸਤ ਏ ਨਾਭਾ ਪ੍ਰੈੱਸ ਕਲੱਬ ਵੱਲੋਂ ਪ੍ਰਧਾਨ ਭੁਪਿੰਦਰ ਸਿੰਘ ਭੂੰਪਾ, ਜਨਰਲ ਸਕੱਤਰ ਸੰਜੀਵ ਗੋਲਡੀ ਦੀ ਅਗਵਾਈ ਹੇਠ ਫਾਇਟ ਨਾਭਾ ਵਿਖੇ ਨਸ਼ਿਆਂ ਦੇ ਮੁੱਦੇ 'ਤੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਡਾ. ਹਰਸ਼ਿਰਤ ਕੌਰ ਸੀ. ਐੱਮ. ਓ. ਨੇ ਸ਼ਿਰਕਤ ਕੀਤੀ। ਇਸ ਸੈਮੀਨਾਰ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਡੀ ਐੱਸ ਪੀ ਪਟਿਆਲਾ ਮੁਹੰਮਦ ਸਰਫਰਾਜ਼ ਆਲਮ, ਐੱਸਐੱਚਓ ਨਾਭਾ ਇਸਮਤ ਵਿਜੇ ਸਿੰਘ ਨੇ ਸ਼ਿਰਕਤ ਕਰਕੇ ਨਸ਼ਿਆਂ ਦੇ ਗੰਭੀਰ ਮੁੱਦੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਸਮਾਗਮ ਦੀ ਸ਼ੁਰੂਆਤ ਮੁੱਖ ਬੁਲਾਰੇ ਡਾਕਟਰ ਹਰਸ਼ਿਰਤ ਕੌਰ ਦੇ ਭਾਸ਼ਣ ਤੋਂ ਕੀਤੀ ਗਈ, ਜਿਨ੍ਹਾਂ ਪੰਜਾਬ ਅੰਦਰ ਨਸ਼ਿਆਂ ਲਈ ਕੁਝ ਰਾਜਨੀਤਿਕ ਲੋਕ, ਕੁਝ ਪੁਲਸ ਅਧਿਕਾਰੀ ਤੇ ਕੁਝ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਡਾਕਟਰ ਹਰਸ਼ਿਰਤ ਕੌਰ ਵੱਲੋਂ ਕੀਤੇ ਗਏ ਸਵਾਲਾਂ 'ਤੇ ਹਲਕਾ ਵਿਧਾਇਕ ਦੇਵ ਮਾਨ, ਪੁਲਸ ਉੱਚ ਅਧਿਕਾਰੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਹਲਕਾ ਨਿਵਾਸੀਆਂ ਨੂੰ ਜਵਾਬ ਦਿੱਤਾ। ਰਿਆਸਤ ਏ ਪ੍ਰੈੱਸ ਕਲੱਬ ਵੱਲੋਂ ਨਸ਼ਿਆਂ ਖਿਲਾਫ ਛੇੜੀ ਗਈ ਇਸ ਮੁਹਿੰਮ ਨੂੰ ਅੱਗੇ ਵਧਾਉਣ ਦਾ ਫੈਸਲਾ ਕੀਤਾ ਗਿਆ ਅਤੇ ਸਕੂਲਾਂ ਵਿੱਚ ਨੌਜਵਾਨ ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਲਈ ਇਸ ਦਾ ਦਾਇਰਾ ਵਧਾਇਆ ਜਾਵੇਗਾ। ਪ੍ਰਧਾਨ ਭੁਪਿੰਦਰ ਸਿੰਘ ਭੂੰਪਾ ਤੇ ਜਨਰਲ ਸਕੱਤਰ ਸੰਜੀਵ ਗੋਲਡੀ ਨੇ ਕਿਹਾ ਕਿ ਰਿਆਸਤ ਏ ਨਾਭਾ ਪ੍ਰੈੱਸ ਕਲੱਬ ਹੁਣ ਇਨ੍ਹਾਂ ਸਕੂਲਾਂ ਵਿੱਚੋਂ ਹਰ ਸਾਲ ਉਨ੍ਹਾਂ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕਰਨ ਦੇ ਨਾਲ ਇਨਾਮੀ ਰਾਸ਼ੀ ਦੇਵੇਗਾ, ਜਿਹੜੇ ਨਸ਼ਿਆਂ ਪ੍ਰਤੀ ਚੰਗਾ ਭਾਸ਼ਣ ਮੁਕਾਬਲਾ ਤੇ ਕੋਈ ਲਿਖਤ ਲਿਖਣ ਅਤੇ ਆਪਣੇ ਆਲੇ ਦੁਆਲੇ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨਗੇ। ਸਮਾਗਮ ਦੌਰਾਨ ਸਰਕਾਰੀ ਐਲੀਮੈਂਟਰੀ ਸਕੂਲ ਬਿਨਾਹੇੜੀ ਤੋਂ ਸਕੂਲੀ ਬੱਚਿਆਂ ਨੇ ਨਸ਼ਿਆਂ ਪ੍ਰਤੀ ਇੱਕ ਨਾਟਕ ਖੇਡਿਆ, ਜਿਸ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ। ਇਸ ਮੌਕੇ ਐੱਸ ਐੱਸ ਪੀ ਪਟਿਆਲਾ ਨਾਨਕ ਸਿੰਘ ਦੇ ਜ਼ਰੂਰੀ ਰੁਝੇਵੇਂ ਕਰਕੇ ਉਨ੍ਹਾਂ ਦੀ ਥਾਂ 'ਤੇ ਪਹੁੰਚੇ ਡੀ ਐੱਸ ਪੀ ਮੁਹੰਮਦ ਸਰਫਰਾਜ਼ ਆਲਮ, ਡੀ ਐੱਸ ਪੀ ਨਾਭਾ ਮਨਦੀਪ ਕੌਰ, ਡੀ ਐੱਸ ਪੀ ਜਸਵਿੰਦਰ ਸਿੰਘ ਟਿਵਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੁਲਸ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਨਸ਼ਿਆਂ ਦੀ ਇਸ ਦਲਦਲ ਵਿੱਚੋਂ ਨੌਜਵਾਨਾਂ ਨੂੰ ਬਾਹਰ ਕੱਢਿਆ ਜਾਵੇ ਅਤੇ ਨਸ਼ੇ ਦੇ ਸੁਦਾਗਰਾਂ ਨੂੰ ਜੇਲ੍ਹਾਂ ਅੰਦਰ ਸੁੱਟਿਆ ਜਾਵੇ।

ਉਨ੍ਹਾਂ ਰਿਆਸਤ ਏ ਨਾਭਾ ਪ੍ਰੈੱਸ ਕਲੱਬ ਦਾ ਇਸ ਤਰ੍ਹਾਂ ਦੇ ਵਿਸ਼ਿਆਂ 'ਤੇ ਸੈਮੀਨਾਰ ਕਰਵਾਉਣ 'ਤੇ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਪੱਤਰਕਾਰ ਬਲਜਿੰਦਰ ਸ਼ਰਮਾ, ਬਾਰ ਐਸੋਸੀਏਸ਼ਨ ਪ੍ਰਧਾਨ ਐਡਵੋਕੇਟ ਗਿਆਨ ਸਿੰਘ ਮੰਗੋ, ਹਰੀ ਸਿੰਘ ਪ੍ਰੀਤ ਐੱਮ ਡੀ ਪ੍ਰੀਤ ਗਰੁੱਪ, ਚਰਨ ਸਿੰਘ ਐੱਮ ਡੀ ਮਲਕੀਤ ਗਰੁੱਪ, ਜਸਪਾਲ ਜੀ ਜਨਰੇਸ਼ਾ ਪ੍ਰਧਾਨ ਪੈਟਰੋਲੀਅਮ ਐਸੋਸੀਏਸ਼ਨ, ਸਾਬਕਾ ਚੇਅਰਮੈਨ ਅਮਰਦੀਪ ਖੰਨਾ, ਡਾਇਟ ਪ੍ਰਿੰਸੀਪਲ ਸੰਦੀਪ ਨਾਗਰ, ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ, ਕੌਂਸਲਰ ਅਸ਼ੋਕ ਬਿੱਟੂ, ਰੋਜ਼ੀ ਨਾਗਪਾਲ, ਕਰਮਜੀਤ ਕੌਰ, ਊਸ਼ਾ ਰਾਣੀ, ਨੀਰੂ ਸ਼ਰਮਾ ਤੇ ਗੌਤਮ ਬਾਤਿਸ਼ ਤੋਂ ਇਲਾਵਾ ਰਾਜੇਸ਼ ਢਿੰਗਰਾ, ਆਬਕਾਰੀ ਸੰਚਾਲਕਾਂ ਅਨਿਲ ਪ੍ਰਧਾਨ ਕਰਮਜੀਤ ਸਿੰਘ, ਐੱਸਜੀਪੀਸੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਡਾਇਟ ਨਾਭਾ ਦੇ ਸਿਖਿਆਰਥੀ ਤੇ ਹਲਕਾ ਨਿਵਾਸੀ ਮੌਜੂਦ ਸਨ।

# 7-8 ਨੂੰ ਹੋਣਗੀਆਂ ਜ਼ਿਲ੍ਹਾ ਪੱਧਰੀ ਦਿਨ-ਰਾਤ ਦੀਆਂ ਰੈਲੀਆਂ : ਬਾਸੀ, ਬਾਜਵਾ



ਜਲੰਧਰ/ਹੁਸ਼ਿਆਰਪੁਰ (ਰਾਜੇਸ਼ ਥਾਪਾ, ਬਲਬੀਰ ਸਿੰਘ ਸੈਣੀ) ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਮੁਲਾਜ਼ਮਾਂ ਦੀ ਕੌਮੀ ਜੱਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵਲੋਂ ਪੜਾਅ-ਵਾਰ ਸੰਘਰਸ਼ ਉਲੀਕਆ ਗਿਆ ਹੈ।ਪਹਿਲੇ ਪੜਾਅ ਵਜੋਂ ਮਿਤੀ 7-8 ਫਰਵਰੀ ਨੂੰ ਦਿਨ-ਰਾਤ ਦੇ ਜ਼ਿਲ੍ਹਾ ਪੱਧਰੀ ਰੈਲੀਆਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਇਹ ਰੈਲੀਆਂ ਪੀ ਐਫ ਆਰ ਡੀ ਏ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰਨ, ਸਾਰੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਜਨਤਕ ਅਦਾਰਿਆਂ ਦਾ ਨਿੱਜੀਕਰ/ ਨਿਗਮੀਕਰਣ ਅਤੇ ਸਰਕਾਰੀ ਵਿਭਾਗਾਂ ਦੀ ਆਕਾਰ ਘਟਾਈ ਬੰਦ ਕਰਨ, ਅੱਠਵੇਂ ਤਨਖਾਹ ਕਮਿਸ਼ਨ ਦਾ ਗਠਨ ਕਰਨ, ਰਹਿੰਦੀਆਂ ਮਿੰਹਿਗਾਈ ਭੱਤੇ ਦੀਆਂ ਕਿਸ਼ਤਾਂ ਅਤੇ ਜ਼ਬਤ ਕੀਤੇ ਬਕਾਇਆਂ ਨੂੰ ਬਹਾਲ ਕਰਾਉਣ, ਕੌਮੀਂ ਸਿੱਖਿਆ ਨੀਤੀ ਨੂੰ ਵਾਪਿਸ ਕਰਵਾਉਣ, ਸੰਵਿਧਾਨ ਦੀਆਂ ਧਾਰਾ 310 ਅਤੇ 311 (2) ਨੂੰ ਰੱਦ ਕਰਵਾਉਣ, ਧਰਮ ਨਿਰਪੱਖਤਾ ਦੀ ਰਾਖੀ ਕਰਨ ਆਦਿ ਮੰਗਾਂ ਸੰਬੰਧੀ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਕਿਹਾ ਕਿ ਫੈਡਰੇਸ਼ਨ ਵੱਲੋਂ ਵੀ ਫੈਸਲਾ ਕੀਤਾ ਗਿਆ ਹੈ ਕਿ ਉਪਰੋਕਤ ਮੰਗਾਂ ਸੰਬੰਧੀ ਉਲੀਕੇ ਗਏ ਸੰਘਰਸ਼ ਨੂੰ ਸਫਲ ਬਣਾਇਆ ਜਾਵੇਗਾ ਅਤੇ ਜ਼ਿਲ੍ਹਾ ਪੱਧਰ 'ਤੇ 7–8 ਫਰਵਰੀ ਨੂੰ ਦਿਨ-ਰਾਤ ਦੇ ਧਰਨੇ ਮਾਰੇ ਜਾਣਗੇ।ਉਹਨਾਂ ਕਿਹਾ ਕਿ ਇਸ ਸੰਘਰਸ਼ ਨੂੰ ਨੇਪਰੇ ਚਾੜਨ ਲਈ ਸੂਬਾ ਅਤੇ ਜ਼ਿਲ੍ਹਾ ਆਗੂਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

ਹੁਸ਼ਿਆਰਪੁਰ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ 7 ਫਰਵਰੀ ਨੂੰ 11 ਵਜੇ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪੱਧਰੀ ਰੈਲੀ ਸ਼ੁਰੂ ਕੀਤੀ ਜਾਵੇਗੀ ਅਤੇ ਅਗਲੇ ਦਿਨ ਮਿਤੀ 8 ਫਰਵਰੀ ਨੂੰ ਦੁਪਹਿਰ ਸਮੇਂ ਸਮਾਪਤ ਕੀਤੀ ਜਵੇਗੀ।ਸਾਥੀਆਂ ਦੇ ਰਾਤ ਰਹਿਣ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ। ਮੀਟਿੰਗ ਵਿੱਚ ਇਸ ਦੋ-ਦਿਨਾਂ ਸੰਘਰਸ਼ ਦੀ ਤਿਆਰੀ ਸਬੰਧੀ ਡਿਊਟੀਆਂ ਵੀ ਲਗਾਈਆਂ ਗਈਆਂ ਅਤੇ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਬਲਾਕਾਂ ਦੀ ਵੰਡ ਕੀਤੀ ਗਈ ਹੈ। ਮੀਟਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਮੁਲਾਜ਼ਮ ਵਰਗ ਨੂੰ ਇਸ ਸੰਘਰਸ਼ ਵਿੱਚ ਭਰਵੀਂ ਸ਼ਮੂਲੀਅਤ ਦੀ ਅਪੀਲ ਕੀਤੀ ਹੈ। ਇਸ ਮੌਕੇ ਮੱਖਣ ਸਿੰਘ ਲੰਗੇਰੀ, ਅਮਰਜੀਤ ਕੁਮਾਰ, ਰਣਵੀਰ ਠਾਕੁਰ, ਗੁਰਪ੍ਰੀਤ ਸਿੰਘ ਹੀਰ, ਗੁਰਬਚਨ ਸਿੰਘ, ਵਿਕਾਸ ਸ਼ਰਮਾ, ਵਿਨੋਦ ਕੁਮਾਰ, ਨਵਜੋਤ ਸਿੰਘ ਆਦਿ ਵੀ ਹਾਜ਼ਰ ਸਨ।

## ਅੱਜ ਬਿਜਲੀ ਬੰਦ ਰਹੇਗੀ

ਰਾਹੋਂ (ਕੁਲਵਿੰਦਰ ਸਿੰਘ ਰਾਹੋਂ) 66 ਕੇ ਵੀ ਸਬ ਸਟੇਸ਼ਨ ਰਾਹੋਂ ਤੋਂ ਚਲਦੇ 11 ਕੇ ਵੀ ਸ਼ਹਿਰੀ ਫੀਡਰ ਨੰਬਰ 1 ਰਾਹੋਂ ਦੀ ਮੇਨ ਲਾਈਨਾਂ ਦੀ ਸ਼ਡਿਊਲ ਮੈਨਟੀ ਨੈਸ ਦੌਰਾਨ ਜਰੂਰੀ ਮੁਰੰਮਤ ਕਰਨ 6 ਫਰਵਰੀ ਨੂੰ ਸਵੇਰੇ 10:00 ਵਜੇ ਤੋਂ ਲੈ ਕੇ ਸ਼ਾਮ 04:00 ਵਜੇ ਤੱਕ ਸਬ ਡਵੀਜਨ ਰਾਹੋਂ ਅਧੀਨ ਪੈਂਦੇ ਰਾਹੋ ਸ਼ਹਿਰ ਦੇ ਮੁੱਹਲੇ, ਫਿਲੌਰ ਰੌਡ, ਮੁਹੱਲਾ ਖੋਸਲਾ, ਮੁੱਹਲਾ ਰੋਤਾਂ, ਆਰਨਹਾਲੀ, ਕੁਰਾਲਾਤ, ਰਾਜਪੂਤਾਂ, ਘੱਕੇਵਾਲ ਰੋਡ , ਜਾਡਲਾ ਰੋਡ, ਨਵਾਸ਼ਹਿਰ ਰੌਡ ਅਤੇ ਮੇਨ ਬਜਾਰ ਦੇ ਆਸ ਪਾਸ ਦੇ ਇਲਾਕਿਆ ਦੇ ਘਰਾਂ, ਦੁਕਾਨਾਂ, ਸਕੂਲਾਂ, ਕਾਲਜਾਂ, ਦਫਤਰਾਂ, ਹਸਪਤਾਲਾ, ਮੋਟਰਾਂ/ਟਿਊਬਵੇਲ ਅਤੇ ਬਾਕੀ ਅਦਾਰਿਆ ਦੀ ਬਿਜਲੀ ਦੀ ਸਪਲਾਈ ਬੰਦ ਰਹੇਗੀ।ਇਸ ਸੰਬੰਧੀ ਸਬ ਡਵੀਜਨ ਰਾਹੋਂ ਦੇ ਉਪ ਮੰਡਲ ਅਫਸਰ ਰਾਹੋਂ ਵਲੋਂ ਜਾਣਕਾਰੀ ਦਿੱਤੀ ਗਈ ਹੈ।

## ਗੁਰਵਿੰਦਰ ਸਿੰਘ ਅਟਵਾਲ ਯਾਦਗਾਰੀ 8ਵਾਂ ਫੁੱਟਬਾਲ ਕੱਪ ਖੇਡ ਮੇਲਾ 7, 8, 9 ਨੂੰ

ਫਿਲੌਰ, (ਨਿਰਮਲ)- ਸਾਬਕਾ ਮੰਤਰੀ ਸਵਰਗਵਾਸੀ ਗੁਰਵਿੰਦਰ ਸਿੰਘ ਅਟਵਾਲ ਯਾਦਗਾਰੀ 8ਵਾਂ ਫੁੱਟਬਾਲ ਕੱਪ ਖੇਡ ਮੇਲਾ 7, 8, 9 ਫਰਵਰੀ ਨੂੰ ਸਰਕਾਰੀ ਸਕੂਲ ਲੜਕੇ ਫਿਲੌਰ ਦੀ ਗਰਾਊਂਡ ਵਿੱਚ ਕਰਵਾਇਆ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਆਗੂ ਸ੍ਰੀ ਮਨੀ ਧਾਲੀਵਾਲ ਫਿਲੌਰ ਨੇ ਦੱਸਿਆ ਕਿ ਫੁੱਟਬਾਲ ਆਲ ਓਪਨ ਪਹਿਲਾ ਇਨਾਮ 75000 ਰੁਪਏ ਦੂਜਾ ਇਨਾਮ 41000 ਰੁਪਏ ਫੁੱਟਬਾਲ ਅੰਡਰ 16 ਪਿੰਡ ਪੱਧਰ ਪਹਿਲਾ ਇਨਾਮ 21000 ਰੁਪਏ ਦੂਜਾ 15000 ਰੁਪਏ ਹੋਵੇਗਾ। ਇਸ ਤੋਂ ਇਲਾਵਾ ਬਾਸਕਟ ਬਾਲ ਆਲ ਓਪਨ ਜੇਤੂ ਟੀਮ ਨੂੰ 31000 ਰੁਪਏ ਦੂਜੀ ਨੂੰ 21000 ਰੁਪਏ ਇਨਾਮ ਦਿੱਤਾ ਜਾਵੇਗਾ। ਰੱਸਾ ਕੱਸੀ ਮੁਕਾਬਲੇ ਵਿੱਚ ਪਹਿਲਾ ਇਨਾਮ 21000 ਰੁਪਏ ਤੇ ਦੂਜਾ 15000 ਰੁਪਏ ਹੋਵੇਗਾ ਕਬੱਡੀ ਨੈਸ਼ਨਲ ਸਟਾਇਲ ਅੰਡਰ 19 ਭਾਰ 70 ਕਿਲੋ ਜੇਤੂ ਟੀਮ ਨੂੰ 15000 ਅਤੇ ਦੂਜੀ ਟੀਮ ਨੂੰ 11000 ਰੁਪਏ ਦਿੱਤਾ ਜਾਵੇਗਾ।

### ਨਿਲਾਮੀ ਨੋਟਿਸ

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਦੀਨਾ ਨਗਰ ਵਿੱਚ ਸਫੈਦੇ ਦੇ 4 ਰੁੱਖਾਂ ਦੀ ਖੁੱਲ੍ਹੀ ਨਿਲਾਮੀ 10-02-25 ਨੂੰ ਸਵੇਰੇ 11 ਵਜੇ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਹੋਵੇਗੀ। ਬੋਲੀ ਦੇ ਨਿਯਮ ਅਤੇ ਸ਼ਰਤਾਂ ਮੌਕੇ 'ਤੇ ਹੀ ਦੱਸੀਆਂ ਜਾਣਗੀਆਂ। ਬੋਲੀਕਾਰ ਨੂੰ 10,000 ਰੁਪਏ ਸਕਿਉਰਿਟੀ ਵਜੋਂ ਜਮਾ ਕਰਵਾਉਣੇ ਹੋਣਗੇ । ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 50 ਪ੍ਰਤੀਸ਼ਤ ਮੌਕੇ 'ਤੇ ਅਤੇ ਬਾਕੀ ਰਕਮ ਅਗਲੇ ਦਿਨ ਜਮਾ ਕਰਵਾਉਣੀ ਹੋਵੇਗੀ। ਪ੍ਰਿੰਸੀਪਲ, ਸਰਕਾਰੀ ਕੰਨਿਆ ਸੀ.ਸੈ. ਸਕੂਲ, ਦੀਨਾਨਗਰ ।

### LOST & FOUND

I, Satinder Kaur W/o Baljit Singh R/o 182B/12 Krishna Nagar, Jalandhar, Jalandhar City declare that I have lost Original Registry No. 3749 Dated 15.10.2013 That I tried a lot to find the said documents but I could not find it. That If anyone finds my documents then contact me at above address.

### COURT NOTICE

(U/o 5 Rule 20 CPC)
In The Court Of
Ms. Geeta Rani
Civil Judge (Junior Division), Kharar
Amarjit Kaur
Vs.
M/s Bajwa Developers Limited
CNR No. PBSAA0-000004-2025
Next Date:- 06-03-2025
Publication Issued To:
4. General Public
:- General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 06-03-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division), Kharar
Dated, this day of 05-02-2025

### COURT NOTICE

(U/o 5 Rule 20 CPC)
In The Court of Dr. Deepti Gupta
Additional Principal Judge Family Court, Dhuri

Next Date, Purpose of Case, Orders and Judgments as well as other case information is available on http://ecourts.gov.in

HMA/119/2023
CNR No. PBSGF3-000233-2023
Next Date:- 15-03-2025
Bahadur Singh S/o Karnail Singh S/o Kehar Singh
VS
Karamjeet Kaur @ Babbu Rani W/o Bahadur Singh S/o Karnail Singh

Publication Issued To :
Karamjeet kaur @ Babbu Rani W/o Bahadur Singh S/o Karnail Singh
D/o Joginder Singh now Residing at backside of 10 number octroi, House No. 1618, Gobind Colony, Street No. 5, Barnala, Distt. Barnala.

Whereas it has been proved to the satisfaction of the court that the defendant(s)/respondent(s) above named cannot be served in the ordinary way of service. Hence this proclamation Under Order 5 Rule 20 CPC is hereby issued against him/them and should appear Personally or through their counsel on 15.03.2025 at 10.00 A.M.

Take notice that, in default of his/their appearance on the day before mentioned, the above said case will be heard and determined in his/their absence according to Law. Given under my hand and the seal of the court, this 04.02.2025.

Additional Principal Judge Family Court, Dhuri

### COURT NOTICE

(U/o 5 Rule 20 CPC)
(Under Guardian and ward Act)
In the Court of Sh. Darbari Lal
Principal Judge Family Court, Abohar
CNR No. PBFZF6-000171-2023
Next Date :- 02-04-2025
Priyanka
Vs
Prem Kumar

Notice To :- Prem Kumar
Father :- Lal Chand, Ekta Nagar Near Railway Station Malout,Tehsil Malout, Distt. Sri Muktsar Sahib

In above titled case, the accused could not be served. It is ordered that accused should appear in person or through counsil on 02.04.2025 at 10:00 a.m.

For details logon to https://highcourtchd.gov.in/?mod=district_notice&district=moga-court

Principal Judge Family Court, Fzilka
Dated this day of 03-02-2025

### COURT NOTICE

(U/o 5 Rule 20 CPC)
In The Court of Dr. Deepti Gupta
Additional Principal Judge Family Court, Dhuri
HMA/119/2023
CNR No. PBSGF3-000233-2023
Next Date:- 15-03-2025
Bahadur Singh S/o Karnail Singh S/o Kehar Singh
VS
Karamjeet Kaur @ Babbu Rani W/o Bahadur Singh S/o Karnail Singh

Publication Issued To:
Karamjeet Kaur @ Babbu Rani W/o Bahadur Singh S/o Karnail Singh, D/o Joginder Singh now residing at backside of 10 number octroi, House No. 1618, Gobind Colony, Street No. 5,Barnala, Distt. Barnala.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 15-03-2025 at 10:00 a.m.

For details logon to https://highcourtchd.gov.in/?mod=district_notice&district=Sangrur

Additional Principal Judge Family Court, Dhuri
Dated, this day of 04-02-2025

### COURT NOTICE

(U/o 5 Rule 20 CPC)
In the Court of Ms. Neeraj Goyal
Civil Judge Junior Division-8, Patiala
CNR No. PBPT02-000914-2024
Next Date :- 19-03-2025
Rita Patial D/o Lila Ram S/o Khem Chand R/o H. No. 434 Street No. 5 Tripuri Town PTA Now R/o H. No. 2 Sant Kirpal Nagar Zirakpur, Mohali
Vs
Shakuntala D/o Lila Ram S/o Khem Chand R/o Tripuri Town PTA
Suit for declataion and Permanent Injunction

Publication Issued To :
Nisha Rani
Spouse : Sanjay Kumar Nasra
Mehar Singh Colony Patiala now Deceased through her Lrs. 1) Jatin Nasra R/o Mehar Singh Colony Patiala.

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 19.03.2025 at 10:00 A.M.

For details logon to https://highcourtchd.gov.in/?mod=district_notice&district=Patiala

Civil Judge Junior Division-8, Patiala
Dated this day of 01-02-2025


### St. Soldier Law College

Invites online applications on **(stsoldierlawcollege@rediffmail.com)** for posts of **Assistant Professor in Law (2)** and **Management (2)** on regular basis. (**https://stsoldierlawcollege.in.)**

Qualification and Grade as per UGC/BCI/Punjab Govt. /GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. Candidates having already applied need not apply again. Candidates must fill up the Score Card Proforma (as per Annexure-IV) available in CDC Portal on University Website **(www.gndu.ac.in)** and submit it alongwith the application.

### St.Soldier College Basti Danishmandan, Jalandhar

Invites online applications on **(stsoldiercollege.hr@gmail.com)** for the post of **Assistant Professor in Physiotherapy - 2**, **Cosmetology - 1 and Sociology - 1** on regular basis. **(www.stsoldiercollegejal.com)**.

Qualification and Grade as per UGC/NCTE/Punjab Govt./GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. Candidates must fill up the Score Card Proforma (as per Annexure-IV) available in CDC Portal on University Website **(www.gndu.ac.in)** and submit it alongwith the application. **Chairman**

Mobile No. 9872093080


### ਅਦਾਲਤੀ ਇਸ਼ਤਿਹਾਰ

ਬਾ: ਅਦਾਲਤ ਸ੍ਰੀ ਬਲਵਿੰਦਰ ਸਿੰਘ ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ, ਮਹਿਲ ਕਲਾਂ)
ਪਬਲਿਕ ਨੋਟਿਸ
ਦਰਖਾਸਤ ਵੱਲੋਂ ਗੁਰਚਰਨ ਕੌਰ ਪੁੱਤਰੀ ਸੱਜਣ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਚਮਕੌਰ ਸਿੰਘ ਵਾਸੀ ਪਿੰਡ ਕਾਲਸਾਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ, ਖੇਵਟਦਾਰ ਪਿੰਡ ਲੋਹਗੜ੍ਹ
ਬਨਾਮ : ਆਮ ਪਬਲਿਕ
ਵਿਸ਼ਾ :- ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਕਰਨ ਸੰਬਧੀ।

ਹਰ ਆਮ ਵਾ ਖਾਸ ਨੂੰ ਇਸ ਅਖਬਾਰ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦਰਖਾਸਤ ਕਰਤਾ ਗੁਰਚਰਨ ਕੌਰ ਪੁੱਤਰੀ ਸੱਜਣ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਚਮਕੌਰ ਸਿੰਘ ਪੁੱਤਰ ਭਾਗ ਸਿੰਘ ਵਾਸੀ ਪਿੰਡ ਕਾਲਸਾਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਖੇਵਟਦਾਰ ਪਿੰਡ ਲੋਹਗੜ੍ਹ ਵੱਲੋ ਦਰਖਾਸਤ ਪੇਸ਼ ਕੀਤੀ ਗਈ ਹੈ ਕਿ ਉਸ ਦਾ ਨਾਂਅ ਪਿੰਡ ਲੋਹਗੜ੍ਹ ਦੇ ਰਿਕਾਰਡ ਮਾਲ ਵਿੱਚ ਚਰਨ ਕੌਰ ਪੁੱਤਰੀ ਸੱਜਨ ਸਿੰਘ ਪੁੱਤਰ ਕਿਸ਼ਨ ਸਿੰਘ ਅਤੇ ਚਰਨਜੀਤ ਕੌਰ ਪੁੱਤਰੀ ਚਮਕੌਰ ਸਿੰਘ ਪੁੱਤਰ ਭਾਗ ਸਿੰਘ ਚੱਲਿਆ ਆ ਰਿਹਾ ਹੈ। ਜਦ ਕਿ ਪਿੰਡ ਵਿੱਚ ਦਰਖਾਸਤ ਕਰਤਾ ਨੂੰ ਤਿੰਨੇ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਦਰਖਾਸਤ ਦੇਹਿੰਦਾ ਦੀ ਦਰਖਾਸਤ ਦੇ ਸੰਬੰਧ ਵਿੱਚ ਪਿੰਡ ਦੇ ਮੋਹਤਵਰ ਵਿਅਕਤੀਆਂ ਵੱਲੋਂ ਆਪਣੀ ਤਸਦੀਕ ਦਿੱਤੀ ਗਈ ਹੈ ਕਿ ਗੁਰਚਰਨ ਕੌਰ, ਚਰਨਜੀਤ ਕੌਰ, ਚਰਨ ਕੌਰ ਇੱਕ ਹੀ ਔਰਤ ਹੈ। ਦਰਖਾਸਤ ਕਰਤਾ ਵੱਲੋਂ ਦਿੱਤੀ ਗਈ ਦਰਖਾਸਤ ਮੁਤਾਬਿਕ ਉਸ ਦਾ ਨਾਂਅ ਗੁਰਚਰਨ ਕੌਰ ਪੁੱਤਰੀ ਸੱਜਣ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਚਮਕੌਰ ਸਿੰਘ ਵਾਸੀ ਪਿੰਡ ਕਾਲਸਾਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਖੇਵਟਦਾਰ ਪਿੰਡ ਲੋਹਗੜ੍ਹ ਦਾ ਨਾਂਅ ਰਿਕਾਰਡ ਮਾਲ ਪਿੰਡ ਲੋਹਗੜ੍ਹ ਵਿੱਚ ਗੁਰਚਰਨ ਕੌਰ ਉਰਫ ਚਰਨਜੀਤ ਕੌਰ ਉਰਫ ਚਰਨ ਕੌਰ ਪੁੱਤਰੀ ਸੱਜਣ ਸਿੰਘ ਪੁੱਤਰ ਕਿਸ਼ਨ ਸਿੰਘ ਹਾਲ ਪਤਨੀ ਚਮਕੌਰ ਸਿੰਘ ਪੁੱਤਰ ਭਾਗ ਸਿੰਘ ਵਾਸੀ ਪਿੰਡ ਕਾਲਸਾਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਖੇਵਟਦਾਰ ਪਿੰਡ ਲੋਹਗੜ੍ਹ ਦਰਜ ਕੀਤਾ ਜਾਵੇ। ਜੇਕਰ ਇਸ ਨਾਂਅ ਦੀ ਤਬਦੀਲੀ ਸੰਬੰਧੀ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਉਜ਼ਰ ਦਾ ਇਤਰਾਜ਼ ਹੋਵੇ ਤਾਂ ਉਹ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਆ ਕਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਵਾ ਇਤਰਾਜ਼ ਕਾਬਲੇ ਸ਼ਮਾਇਤ ਨਹੀਂ ਹੋਵੇਗਾ।

ਇਹ ਇਸ਼ਤਿਹਾਰ ਮਿਤੀ 04.02.2025 ਨੂੰ ਅਦਾਲਤ ਹਜ਼ਾ ਦੀ ਮੋਹਰ ਵਾ ਮੇਰੇ ਦਸਤਖਤਾਂ ਅਧੀਨ ਜਾਰੀ ਕੀਤਾ ਜਾਂਦਾ ਹੈ।
ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਮਹਿਲ ਕਲਾਂ
ਨੰਬਰ : 272/ਰੀਡਰ-2 ਮਿਤੀ : 04.02.2025

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਅਮਨਪ੍ਰੀਤ ਸਿੰਘ, ਪੀ.ਸੀ.ਐੱਸ., ਕੁਲੈਕਟਰ-ਕਮ-ਉਪ ਮੰਡਲ ਮੈਜਿਸਟਰੇਟ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।
ਪੇਸ਼ੀ ਮਿਤੀ : 06.02.2025 ਕੇਸ ਨੰਬਰ: 28/ ਬੀ.ਬੀ.ਐੱਸ. ਦਾਇਰ ਮਿਤੀ : 16.07.2024
ਕੇਸ ਕਿਸਮ : Application Under section 4 of "the Redmeption of Mortgage (Punjab) Act 1913"
ਕੇਸ ਅਨੁਵਾਨ : ਬਲਜੀਤ ਸਿੰਘ (ਦਰਖਾਸਤ ਕਰਤਾ) ਬਨਾਮ ਅਨੂਪ ਸਿੰਘ ਵਗੈਰਾ (ਉੱਤਰਵਾਦੀ)
ਪਬਲਿਕ ਨੋਟਿਸ)

ਇਸ ਅਦਾਲਤ ਵਿੱਚ ਅਮਰਜੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਪੁਰਾਣਾ ਤਨੇਲ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਨੇ ਰਾਹੀਂ ਐਡਵੋਕੇਟ ਸ੍ਰੀ ਬਿਕਰਮਜੀਤ ਸਿੰਘ Application Under section 4 of "the Redmeption of Mortgage(Punjab) Act 1913" for redemption of land measuring 08 kanal 19 Marle in Village purana Tanel, Tehsil Baba Bakala Sahib, District Amritsar. ਜੋ ਇਸ ਅਦਾਲਤ ਵਿਚ ਜ਼ੇਰੇ ਸੁਣਵਾਈ ਅਧੀਨ ਹੈ।ਜਿਸ ਦੀ ਤਾਰੀਕ ਪੇਸ਼ੀ ਮਿਤੀ 06.02.2025 ਨਿਸ਼ਚਿਤ ਹੋਈ ਹੈ।ਇਸ ਕੇਸ ਵਿੱਚ ਉੱਤਰਵਾਦੀ ਮ੍ਰਿਤਕ ਗੁਰਬਚਨ ਸਿੰਘ ਪੁੱਤਰ ਕਰਨੈਲ ਸਿੰਘ ਦੇ ਵਾਰਸ, ਉੱਤਰਵਾਦੀ ਨੰਬਰ (a) ਵੀਰ ਕੌਰ ਵਿਧਵਾ ਸੁਰਜੀਤ ਸਿੰਘ ਪੁੱਤਰੀ ਵਿਸਾਖਾ ਸਿੰਘ, (b) ਅਰਜਨ ਸਿੰਘ ਪੁੱਤਰ ਵਿਸ਼ਾਖਾ ਸਿੰਘ, (c) ਅਨੂਪ ਸਿੰਘ ਪੁੱਤਰ ਵਿਸਾਖਾ ਸਿੰਘ ਸਾਰੇ ਵਾਸੀਆਨ ਪੁਰਾਣਾ ਤਨੇਲ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦੀ ਇਤਲਾਹ ਲਈ ਵਾਰ-ਵਾਰ ਤਲਬੀ ਨੋਟਿਸ ਕਰਵਾਉਣ ਦੇ ਬਾਵਜੂਦ ਵੀ ਹਾਜ਼ਰ ਅਦਾਲਤ ਨਹੀਂ ਆਏ।ਉੱਤਰਵਾਦੀਆਂ ਦੀ ਸਧਾਰਨ ਸੰਮਨ / ਨੋਟਿਸ ਰਾਹੀਂ ਇਤਲਾਹ ਕਰਵਾਉਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।ਇਸ ਲਈ ਹਰ ਆਮ ਅਤੇ ਖਾਸ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਆਪ ਨੂੰ ਇਸ ਕੇਸ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਨਿਸ਼ਚਿਤ ਮਿਤੀ 06.02.2025 ਨੂੰ ਦੁਪਹਿਰ 2:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਣ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦੇ ਹਨ।ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ।

ਇਹ ਇਸ਼ਤਿਹਾਰ ਅੱਜ ਮਿਤੀ 28.1.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ ਹੈ।
ਸਹੀ/- ਕੁਲੈਕਟਰ-ਕਮ-ਉਪ ਮੰਡਲ ਮੈਜਿਸਟਰੇਟ, ਬਾਬਾ ਬਕਾਲਾ ਸਾਹਿਬ, ਅੰਮ੍ਰਿਤਸਰ।
ਨੰਬਰ : ਰੀਡਰ/55 ਮਿਤੀ : 28.01.2025




### Change of Name

I, hitherto known as Sandeep Singh son of Gurmit Singh resident of Village Dhadda, PO. Sanaura, District Jalandhar, Punjab 144201, have changed my name from Sandeep Singh to Sandip Singh.

I, Sahil S/o Pawan Kumar R/o H.No 83, Gandhi Nagar, P.O. Chogitti Distt: Jalandhar (Pb.) India have Changed my name from Sahil to Sahil Verma as per Aadhar Card. All Concerned please note.

I Jagjit Singh S/o Mehinga Singh R/o Village Thathiala Dhaha,Po.Garle Dhaha,Tehsil Balachaur (S.B.S.Nagar) Declare that Have Changed My Name From Jagjit Singh to Singh (Surname) Jagjit (Name). Singh Jagjit.

I Omkar Singh S/o Chanan Ram R/o Village Chahal, Po. Kathgarh, Tehsil Balachaur (S. B. S. Nagar) Declare that Have Changed My Name From Omkar Singh to Omkar (Surnam) .

I, Heera Singh S/o Darshan Singh R/o Village Khiddowali, PO. Mattewal, Distt. Amritsar, Punjab have changed my name from Heera Singh to Balwinder Singh Heera. Please note.

I, Khushvinder Singh S/o Ram Chand R/o Village Shinh Chathial, PO. Garhdiwala, Tehsil Dasuya, Distt. Hoshiarpur (Pb.) declare I have changed my name from Khushwinder Singh to Khushvinder Singh . Concerned note.

I, Deepak Kumar S/o Ayodhya Prasad R/o H.No.16, Banke Bihari, Jawahar Nagar, Amritsar, Punjab have changed my name from Deepak Kumar to Deepak Kumar Sharma.

I Atul Bajaj S/o Shashi Bhushan Bajaj R/o B 06 / 193 old Grain Market BATALA , Distt. Gurdaspur. I declare that Atul Bajaj and Atul are both my name's. All concerned note.

I, Parminder Kaur W/o Bagga Singh R/o Vill. Nihaluwal, Tehsil Shahkot, Distt. Jalandhar, Have Changed My Name Parminder Kaur to Paramjit Kaur Concerned May Note.

I, Gurjit Singh S/o Harbhajan Singh R/o Vill. Jande Sarai PO Boparai Distt. Jalandhar Punjab 144630 India. Living in Austria. have changed my name from Gurjit Singh to Gurjit Singh Sarai. Concerned note.

I, Vipan Kumar S/o Late Harbhjan Lal R/o VPO Jahankhalan Distt. Hoshiarpur Punjab have changed my name from Vipan Kumar to Vipan Kumar Dole. Concerned note.

I,Sonali Uppal W/O Sajan Behl R/O H.No.7/5,College Lane,Rani Ka Bagh,Amritsar,Punjab have changed my name from Sonali Uppal to Sonali Behl.Concerned note.

I, Kanwaljit Kaur Jhand W/O Harpinder Singh R/O 146-B, Gali No.3, Sardar Avenue, Tung Bala, Majitha Road, Amritsar, Punjab have changed my name from Kanwaljit Kaur Jhand to Kanwaljit Kaur. Concerned note.

I Shivani Bhardwaj W/o Munish Bhardwaj Resident of H No. 146, Gali No.2, New Golden Avenue, Near Punj Peer, Amritsar. I have changed my name from Shivani Bhardwaj to Shivani.

I, Gursharn Kaur W/o Surinder Singh R/o 25-26 Shakti Nagar Amritsar have changed my name to Gursharan Kaur

I, Truna Mahajan W/o Vavinder Mahajan R/o H.No.122/1, Rani Ka Bagh, Amritsar have changed my name from Truna Mahajan to Truna all concerned to be noted.

I, Sarabjeet Singh son of Darshan Singh R/o H.No.24, Ward No.11, Ajnala Tehsil Ajnala District Amritsar have changed my name from Sarabjeet Singh to Sarbjit Singh.

I, Manvir Kaur W/o Sandip Singh R/o Village Sarja PO Dhulka Tehsil Baba Bakala District Amritsar have declare that Manvir is my Given name and Kaur is my Surname

I Chanchal Rani W/o Atul Kumar R/o H.No.1697/14 Gali Madan Lal Near Railway Workshop G.T. Road, Distt Amritsar have changed my name Chanchal Rani to Chanchal after marriage. Pls all note it.

I, Jyoti Arora and Monisha Arora W/o Suresh Arora R/o 7, Street No.1, Batala Road, Jawahar Nagar, Amritsar have declare that above both names are mine one and same person

I, Baljinder Kaur alias Balwinder Kaur W/o Didar Singh R/o Nanoke Ajnala, Nanoke PO Sidhar District Amritsar have changed my name from Baljinder Kaur alias Balwinder Kaur to Baljinder Kaur

I, Malkit Singh S/o Pakhar Singh R/O Vill. Deepewal, P.O. Bara Jodh Singh, Tehsil Sultanpur Lodhi, District Kapurthala have changed my name spelling Malkit Singh to Malkeet Singh. Note Please.

I, Jaswir Kaur W/o Malkit Singh R/O Vill. Deepewal, P.O. Bara Jodh Singh, Tehsil Sultanpur Lodhi, District Kapurthala have changed my name spelling Jaswir Kaur to Jasvir Kaur. Note Please.

I CHEENU W/O MOHIT SONDHI R/o NEAR VARUN HOSPITAL ROAD, SATNAMPURA, PO. PHAGWARA, KAPURTHALA, 144401, Punjab, India. Have changed my name from CHEENU TO CHEENU SONDHI in future may be known as CHEENU SONDHI.

I, Rachhpal Ram S/o Bakshi Ram R/o # 1739, Ward No. 5, Mohalla Dhorkot, Shahkot, Jalandhar - 144702, Punjab, have changed my name from Rachhpal Ram to Rashpal Ram. All concerned note please.

I Yashpreet Singh S/o Inderjit Singh resident of Mehar Chand Road, Colony Basant Avenue Near Spice Tower Gurdaspur have changed my name from Yashpreet Singh to Singh Yashpreet concerned note please.

I, Neha W/o Naveen Dhir R/o Near Shiv Mandir Kothi Road Nawanshahr have changed my name from Neha to Neha Dhir.

I, Balwinder Kaur, W/O Pyara Singh R/o Ajram, Hoshiarpur, Punjab-146111. have changed my name and shall hereafter be Known as Mohinder Kaur.

I, Rajinder Singh Rajput S/O Ram Kumar Singh, R/o 424/17 Jaidev Nagar, Hisar, Haryana- 125001, have changed my name and shall hereafter be Known as Rajinder Singh.

### Change of Name

I, Hitherto Known As SATYA PAL S/O KRISHAN LAL R/O HOUSE NO: 68, NEAR EASY STORE, GUJRAL NAGAR, JALANDHAR-144001(PUNJAB), Have Changed My Name And Shall Hereafter Be Known As Sat Pal Singh Khurana.

I, Charno, W/O Inderjit Singh, R/o Village Sahlapur, Sandhanwal, Jalandhar, Punjab- 144703. have changed my name and shall hereafter be Known as Charanjit Kaur.

I, Sulinder Pal S/O Bachna Ram, R/o Ransota, Nangal Bihalan, Hoshiarpur, Punjab- 144205, have changed my name and shall hereafter be Known as Sulinder Pal Raju.

I, Mohit S/O Manjit Singh, R/o Vill Sunderpur, Bhagran, Dasuya, Hoshiarpur, Punjab- 144205, have changed my name and shall hereafter be Known as Mohit Singh.

I, Poonam Maurya D/O Hari Lal, R/o House No- 1922-C, Small Flats, Housing Board Complex, Dhanas, Chandigarh- 160014. have changed my name and shall hereafter be Known as Poonam.

I, Kajal, W/O Nikky Duhan R/o 831/13, Janta Colony, Near Goverment Hospital, Sonipat, Delhi Road, Sonipat, Haryana- 131001. have changed my name and shall hereafter be Known as Kajal Duhan.

I, Harjit Kaur, W/O Santosh Singh R/o House No- 1058, Near S.P Office, Sector-16, Faridabad, Kheri Kalan (113), Haryana- 121002. have changed my name and shall hereafter be Known as Harpreet Kaur.

I, Veenus Kumar S/O Raj Singh, R/o 1640, Ward No-5, Chawla Colony, Sonipat, Haryana- 131001, have changed my name and shall hereafter be Known as Veenus Kundu.

I, Chetan Kumar S/o Jatinder Kumar R/o House No. 2237, St No. 09, Shaheed Karnail Singh Nagar, District Ludhiana, Punjab, India have changed my name from Chetan to Chetan Kumar. All concerned please note.

I, Sangeeta Munjal W/o Prince Kumar Kataria R/o 1021-A, New Model House, Jalandhar, Punjab have changed my name from Sangeeta Munjal to Sangeeta Kataria after marriage. All concerned please note.

I, Dawinder Kumar S/o Ram Lal R/o H.No. 100 A, Khandala Farm Fazalpur, Randhawa Masandan, Distt. Jalandhar, Punjab, India have changed my name from Dawinder Kumar to Davinder Kumar. All concerned please note.

I, Satnam Singh S/o Gurmail Singh R/o Village Gondpur, PO Garhdiwala, Tehsil Dasuya, Distt. Hoshiarpur, Punjab, declare that I have changed my name as first name Satnam and surname as Singh. All concerned note.

I, Poonam W/o Kuldeep Kumar R/o H. No. 79/A, Shivalik Avenue, Hoshiarpur, Punjab have changed my name from Poonam to Poonam Kumari. All concerned please note.

I, Amarjit Singh s/o Kuldeep Singh r/o H.No.57/1, Vill. Kaki Pind, Po.Dakoha, Distt. Jalandhar have changed my name to Given name as Amarjit & Surname as Singh. All Please Note.

I, Sukhneet Kaur w/o Balwinder Singh Randhawa r/o Vill. Shampura, Po. Singhpura, Teh. Dera Baba Nanak, Batala, Gurdaspur have changed my name to Sukhneet Kaur Randhawa. All Please Note.

I, Harpreet Kaur w/o Harpesh Singh r/o Ward No. 8, Bhulath, Distt. Kapurthala, Punjab have changed my minor daughter name from Jasmine to Jasmine Kaur. All Please Note.

I, Karanveer Singh s/o Gurinder Singh Virdi r/o Villa No. 14, Eco County, New Mall Road, Jalandhar have changed my name to Karanveer Singh Virdi. All Please Note.

I, Gurcharan Kumar s/o Diwan Chand r/o Bhullarai Colony, Amrik Nagri, Distt. Kapurthala, Punjab have changed my name to Gurcharan Dass. All Please Note.

I, Gurdeep Singh s/o Sarwan Singh r/o Vill. Ralhan, Po. Khudda, Teh. Dasuya, Distt. Hoshiarpur-144305, Punjab have changed my name to Singh Gurdeep. All Please Note.

I, Sarban Singh s/o Harbans Singh r/o Vill. Ralhan, Po. Khudda, Teh. Dasuya, Distt. Hoshiarpur-144305, Punjab have changed my name to Sarwan Singh. All Please Note.

I, Harjit Singh s/o Jaspal Singh r/o Vill. Rawan, Po. Jhinger Kalan, Teh. Dasuya, Distt. Hoshiarpur-144205, Punjab have changed my name to Singh Harjit. All Please Note.

I, Amardeep Kaur w/o Harjit Singh r/o Vill. Rawan, Po. Jhinger Kalan, Teh. Dasuya, Distt. Hoshiarpur-144205, Punjab have changed my name to Kaur Amardeep. All Please Note.

I, Harjit Singh s/o Jaspal Singh r/o Vill. Rawan, Po. Jhinger Kalan, Teh. Dasuya, Hoshiarpur-144205, Punjab have changed my minor son's name from Jobanpreet Singh to Singh Jobanpreet. All Please Note.

I, Manoj Kumar s/o Rajinder Kumar r/o Gali No. 6, New Bhagat Singh Colony, Rampura Phul, Bathinda-151103, Punjab have changed my name to Manoj Bansal. All Please Note.

I, Reetu Bala w/o Manoj Bansal r/o Gali No. 6, New Bhagat Singh Colony, Rampura Phul, Bathinda-151103, Punjab have changed my name to Reetu Bansal. All Please Note.

I, Chavleen D/o Tanmeet Singh R/o H.No. 691, Guru Teg Bahadur Nagar, Model Town, Jalandhar (144003) have changed my name from Chavleen to Chavleen Kaur. All Please Note.

I, hitherto known as Bimla Devi W/o Aklu Mahato R/o Gali No. 1, Nagra Road, Maqsudan, Grain Market, Jalandhar, Punjab 144008 have changed my name and shall hereafter be known as Veena.

I, Charanjeet S/o Jagdev R/o H.No. 1228, Bootan Pind, Jalandhar-144003, Punjab have changed my name from Charanjeet to Charanjeet Katariya. All Please Note.

### ਆਮ ਸੂਚਨਾ

ਜਗਜੀਤ ਸਿੰਘ ਪੁੱਤਰ ਅਮਰ ਸਿੰਘ ਪਿੰਡ ਘਨੌਰ ਕਲਾਂ ਦੇ ਨਾਮ ਚਲਦਾ ਮੋਟਰ ਕੁਨੈਕਸ਼ਨ ਖਾਤਾ ਨੰਬਰ 1 ਜੀਕੇ-148/ਪਾਵਰ-20, ਦਿਲਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਘਨੌਰ ਕਲਾਂ ਦੇ ਨਾਮ ਕਰਨਾ ਹੈ। ਇਤਰਾਜ਼ਕਰਤਾ 15 ਦਿਨਾਂ ਅੰਦਰ ਸਹਾਇਕ ਇੰਜਨੀਅਰ ਪੀ ਐੱਸ ਪੀ ਸੀ ਐੱਲ ਉਪ-ਮੰਡਲ ਸ਼ੇਰਪੁਰ-2 ਕੋਲ ਇਤਲਾਹ ਕਰੇ।

ਤਸਦੀਕ ਕੀਤਾ ਜਾਂਦਾ ਹੈ ਕਿ ਉਪ ਮੰਡਲ ਦਫ਼ਤਰ ਅਜਨਾਲਾ ਵਿਚ ਚਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: 3003429485 ਜੋ ਕਿ ਸ੍ਰੀ ਮੋਹਨ ਸਿੰਘ ਪੁੱਤਰ ਮਿਲਖਾ ਸਿੰਘ ਉਰਫ ਸੰਤਾ ਸਿੰਘ ਪਿੰਡ ਸੈਂਸਰਾ ਖੁਰਦ ਦੇ ਨਾਂਅ 'ਤੇ ਚਲਦਾ ਹੈ, ਨੂੰ ਸ੍ਰੀ ਬਲਰਾਜ ਸਿੰਘ ਪੁੱਤਰ ਗੁਰਦੀਪ ਸਿੰਘ ਪਿੰਡ ਸੈਂਸਰਾ ਖੁਰਦ ਦੇ ਨਾਂਅ 'ਤੇ ਬਦਲੀ ਕਰਾਉਣ ਲਈ ਬੇਨਤੀ ਪੱਤਰ ਦਿੱਤਾ ਹੈ। ਜਿਸ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫ਼ਤਰ ਅਜਨਾਲਾ ਵਿਖੇ ਉਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

ਅਮਰੀਕ ਸਿੰਘ ਪੁੱਤਰ ਬੰਤ ਸਿੰਘ ਵਾਸੀ ਲੋਹਾਰ ਮਾਜਰਾ ਦੇ ਨਾਮ ਪਰ ਖੇਵਟ ਪਿੰਡ ਲੋਹਾਰ ਮਾਜਰਾ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰ: 2 ਪੀ/246/ਏ ਪੀ (20.00 ਪਾਵਰ ਹਾਰਸ ਨੂੰ ਅੰਮ੍ਰਿਤਪਾਲ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਲੋਹਾਰ ਮਾਜਰਾ, ਜ਼ਿਲ੍ਹਾ ਸੰਗਰੂਰ ਨੇ ਖੇਵਟ ਪਿੰਡ ਲੋਹਾਰ ਮਾਜਰਾ ਚੱਲਦੇ ਮੋਟਰ ਕੁਨੈਕਸ਼ਨ ਨੂੰ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜ਼ੀ 15 ਦਿਨਾਂ ਅੰਦਰ ਐੱਸ. ਡੀ. ਓ. ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਵਿਖੇ ਇਤਰਾਜ਼ ਪੇਸ਼ ਕਰੇ।

ਮੋਟਰ ਕੁਨੈਕਸ਼ਨ 20 ਬੀ ਐਚ ਪੀ ਖਾਤਾ ਨੰਬਰ ਬੀ 865 ਵਾਕਿਆ ਰਕਬਾ ਬੁੱਧ ਸਿੰਘ ਵਾਲਾ ਜ਼ਿਲਾ ਮੋਗਾ ਜੋ ਕਿ ਨਛੱਤਰ ਸਿੰਘ ਪੁੱਤਰ ਬਚਨ ਸਿੰਘ ਵਾਸੀ ਬੁੱਧ ਸਿੰਘ ਵਾਲਾ ਜ਼ਿਲਾ ਮੋਗਾ ਦੇ ਨਾਮ ਤੇ ਚੱਲਦਾ ਹੈ ਹੁਣ ਕੁਨੈਕਸ਼ਨ ਜਮੀਨ ਸਮੇਤ ਮੇਰੇ ਕੋਲ ਹੈ ਹੁਣ ਇਹ ਕੁਨੈਕਸ਼ਨ ਬਲਦੇਵ ਸਿੰਘ ਪੁੱਤਰ ਬਚਨ ਸਿੰਘ ਜ਼ਿਲਾ ਮੋਗਾ ਆਪਣੇ ਨਾਮ ਕਰਵਾਉਣਾ ਚਾਹੁੰਦਾ ਹਾਂ, ਅਤੇ ਉਪ ਮੰਡਲ ਦਫਤਰ ਚੜਿੱਕ ਜ਼ਿਲਾ ਮੋਗਾ ਵਿੱਚ ਦਸਤਾਵੇਜ ਪੇਸ ਕੀਤੇ ਹਨ। ਜੇਕਰ ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨ ਵਿੱਚ ਪੇਸ਼ ਕਰੇ ਨਹੀਂ ਤਾਂ ਮੋਟਰ ਦਾ ਬਦਲੀ ਕਰ ਦਿੱਤਾ ਜਾਵੇਗਾ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਐਸ. ਜੀ.ਏ.ਪੀ/36 ਹੈ ਜੋ ਕਿ ਹਰਦੇਵ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਸੰਘਰੇੜੀ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਜਗਰੂਪ ਸਿੰਘ ਪੁੱਤਰ ਤੋਤਾ ਸਿੰਘ ਵਾਸੀ ਧਰਮਪੁਰਾ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸੰਬਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਸ੍ਰੀ ਤਰਲੋਕ ਸਿੰਘ ਪੁੱਤਰ ਸ੍ਰੀ ਨਾਨਕ ਸਿੰਘ ਵਾਸੀ ਪਿੰਡ ਭੁਲੱਥ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ 2 ਬੀ ਐੱਚ ਪੀ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. RE[2]178 (3008981672) ਪਿੰਡ ਭੁਲੱਥ ਵਿੱਚ ਚੱਲ ਰਿਹਾ ਹੈ, ਜੋ ਕਿ ਹੁਣ ਸ੍ਰੀ ਬਲਵੀਰ ਘੋਤੜਾ ਪੁੱਤਰ ਸ੍ਰੀ ਮੁਖਤਿਆਰ ਸਿੰਘ ਵਾਸੀ ਵੀ.ਪੀ.ਓ. ਬੇਗੋਵਾਲ ਜ਼ਿਲ੍ਹਾ ਕਪੂਰਥਲਾ ਆਪਣੇ ਨਾਂਅ 'ਤੇ ਤਬਦੀਲ ਕਰਵਾਉਣਾ ਚਾਹੁੰਦਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਅਫਸਰ ਪਾਵਰਕਾਮ ਭੁਲੱਥ ਨਾਲ ਸੰਪਰਕ ਕਰੇ।

ਮੈਂ ਰਾਧਾ ਪਤਨੀ ਸ਼ਾਮ ਸੁੰਦਰ ਵਾਸੀ 1123-ਏ, ਨਜ਼ਦੀਕ ਸਵੀਟ ਹਾਰਟ ਸਕੂਲ, ਗੁਰੂ ਨਾਨਕ ਪੁਰਾ, ਗਲੀ ਨੰ. 5, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਲੱਕੀ ਅਤੇ ਆਪਣੀ ਨੂੰਹ ਕੰਚਨ ਅਤੇ ਪੋਤਰੇ ਨਵਰੂਪ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਪੰਜਾਬ ਪਹਿਰੇਦਾਰ ਅਖਬਾਰ ਰਾਹੀਂ ਮਿਤੀ 14.02.2020 ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਹੁਣ ਇਹ ਤਿੰਨੋਂ ਮੇਰੇ ਕਹਿਣੇ ਵਿਚ ਹਨ, ਮੇਰੀ ਹਰ ਗੱਲ ਮੰਨਦੇ ਹਨ ਤੇ ਮੇਰੀ ਸੇਵਾ ਤੇ ਦੇਖਭਾਲ ਕਰਦੇ ਹਨ। ਮੈਂ ਉਨ੍ਹਾਂ ਨੂੰ ਦਿੱਤੀ ਹੋਈ ਬੇਦਖਲੀ ਵਾਪਿਸ ਲੈਂਦੀ ਹਾਂ। ਹੁਣ ਉਹ ਮੇਰੀ ਜਾਇਦਾਦ ਦੇ ਹੱਕਦਾਰ ਹੋਣਗੇ।

ਮੈਂ, ਇੰਦਰਜੀਤ ਸਿੰਘ ਪੁੱਤਰ ਈਸ਼ਰ ਸਿੰਘ ਵਾਸੀ ਵਾਰਡ ਨੰ. 13, ਬੇਗੋਵਾਲ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਮਨਦੀਪ ਸਿੰਘ ਵਾਸੀ ਬੈਲਜੀਅਮ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 01-02-2011 ਨੂੰ ਜੱਗਬਾਣੀ ਅਖ਼ਬਾਰ ਵਿੱਚ ਦਿੱਤੇ ਇਸ਼ਤੇਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮਨਦੀਪ ਸਿੰਘ ਮੇਰੇ ਕਹਿਣੇ ਵਿੱਚ ਹੈ। ਮੈਂ ਇਸ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਿਸ ਹੋਵੇਗਾ। ਸੰਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਤਵਿੰਦਰ ਸਿੰਘ ਪੁੱਤਰ ਲੇਟ ਜਗਤਾਰ ਸਿੰਘ ਵਾਸੀ ਪਿੰਡ ਪਿੱਪਲਾਂਵਾਲਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ, ਬਿਆਨ ਕਰਦਾ ਹਾਂ ਕਿ ਮੇਰੇ ਮਾਤਾ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਮੈਂ ਆਪਣੀ ਭੈਣ 'ਸਿਮਰਨ' ਜੋ ਮੇਰੇ ਕਹਿਣੇ ਤੋ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ।ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਰਿਹਾ ਹੈ।ਜੇਕਰ ਕੋਈ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਸ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ। ਸਾਰੇ ਸੰਬੰਧਤ ਨੋਟ ਕਰਨ।

ਮੈ ਸੀਮਾ ਪਤਨੀ ਪ੍ਰੇਮ ਸ਼ਰਮਾ ਵਾਸੀ 4029, ਨੇੜੇ ਅਨੰਦਪੁਰ ਕੁਟੀਆ,ਗੁਰਬਖ਼ਸ਼ ਨਗਰ,ਨਵਾਂ ਕੋਟ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਜੋਤੀ ਸ਼ਰਮਾ ਜੋ ਕਿ ਸਾਡੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਉਸਨੇ ਆਪਣੀ ਮਰਜੀ ਦੇ ਨਾਲ ਅਮਿਤ ਕੁਮਾਰ ਵਾਸੀ ਭੱਲਾ ਕਲੋਨੀ ਛੇਹਰਟਾ,ਅੰਮ੍ਰਿਤਸਰ ਦੇ ਨਾਲ ਸ਼ਾਦੀ ਕਰ ਲੀ ਹੈ। ਮੈਂ ਆਪਣੀ ਲੜਕੀ ਜੋਤੀ ਸ਼ਰਮਾ ਅਤੇ ਉਸਦੀ ਔਲਾਦ ਇੱਕ ਲੜਕਾ ਸ਼ੁਭ ਸ਼ਰਮਾ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ, ਸੁਬੇਗ ਸਿੰਘ ਪੁੱਤਰ ਜਗੀਰ ਸਿੰਘ ਅਤੇ ਹਰਜੀਤ ਕੌਰ ਪਤਨੀ ਸ੍ਰੀ ਸੁਬੇਗ ਸਿੰਘ ਵਾਸੀਆਨ ਪਿੰਡ ਸਾਧਪੁਰਾ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਜਗਬੀਰ ਕੌਰ, ਜੋ ਆਪਣੀ ਮਨਆਈ, ਲੜਾਈ-ਝਗੜਾ ਕਰਦੀ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਅਨਿਲ ਕੁਮਾਰ ਪੁੱਤਰ ਘਣਈਆ ਲਾਲ ਅਤੇ ਸੁਨੀਤਾ ਰਾਣੀ ਪਤਨੀ ਅਨਿਲ ਕੁਮਾਰ ਵਾਸੀਆਨ ਐੱਫ-20/766-ਏ, ਬੈਕਸਾਈਡ ਬਾਬਾ ਮੀਰ ਸ਼ਾਹ, ਨਹਿਰੂ ਕਾਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਕਰਾਂਤ, ਜੋ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਕਸ਼ਮੀਰ ਸਿੰਘ ਪੁੱਤਰ ਬਚਨ ਸਿੰਘ ਅਤੇ ਗੁਰਮੀਤ ਕੌਰ ਪਤਨੀ ਕਸ਼ਮੀਰ ਸਿੰਘ ਵਾਸੀਆਨ 563, ਅਬਾਦੀ ਗੁਰੂ ਨਗਰ, ਵੇਰਕਾ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਕਰਮਜੀਤ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਧਾ ਰਾਣੀ ਪਤਨੀ ਨਰਿੰਦਰ ਪਾਲ ਵਾਸੀ 761, ਵਾਰਡ ਨੰਬਰ 19, ਨਿਊ ਰਜੇਸ਼ ਨਗਰ, ਬਟਾਲਾ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਸ਼ਾਲ ਕੁਮਾਰ ਅਤੇ ਉਸ ਦੀ ਪਤਨੀ ਕਿਰਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਨਰੇਸ਼ ਕੁਮਾਰ ਪੁੱਤਰ ਬ੍ਰਿਜ ਲਾਲ ਵਾਸੀ ਬੀ-30-0067, ਭੱਠੇ ਵਾਲੀ ਗਲੀ, ਬਾਹਰਵਾਰ ਹਾਥੀ ਗੇਟ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੋਹਿਤ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲੁਕ ਵਾਸਤਾ ਨਹੀਂ ਰਿਹਾ। ਸੰਬਧਿਤ ਨੋਟ ਕਰਨ।

ਮੈਂ, ਆਤਮਾ ਰਾਮ ਪੁੱਤਰ ਸ੍ਰੀ ਅੰਬਰਸਰੀਆ ਵਾਸੀ ਪਿੰਡ ਡੁਮੇਲੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਵਾ ਉਸਦੀ ਪਤਨੀ ਮਨਜੀਤ ਕੌਰ ਉਰਫ ਕਿਰਨਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਅਤੇ ਇਨ੍ਹਾਂ ਦੀ ਹੋਣ ਵਾਲੀ ਔਲਾਦ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਕਰੋੜਾਂ ਦੀ ਠੱਗੀ ਮਾਰਨ ਵਾਲੇ 3 ਵਿਅਕਤੀਆਂ 'ਚੋਂ ਇੱਕ ਗ੍ਰਿਫ਼ਤਾਰ, 2 ਫਰਾਰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਇਕ ਕਰੋੜ 91 ਲੱਖ 35 ਹਜ਼ਾਰ ਰੁਪਏ ਦੀ ਠੱਗੀ ਮਾਰਨ ਵਾਲੇ ਕਾਦੀਆਂ ਦੇ ਤਿੰਨ ਵਿਅਕਤੀਆਂ 'ਚੋਂ ਇੱਕ ਵਿਅਕਤੀ ਨੂੰ ਕਾਦੀਆਂ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਕਾਦੀਆਂ ਦੀ ਪੁਲਸ ਵੱਲੋਂ ਪਿਛਲੇ ਸਾਲ ਦੀ 20 ਜਨਵਰੀ 2024 ਨੂੰ ਮੁਕੱਦਮਾ ਨੰਬਰ 6 ਦੌਰਾਨ ਜੁਰਮ 420 120 ਬੀ ਆਈਪੀਸੀ ਦੇ ਤਹਿਤ ਥਾਣਾ ਕਾਦੀਆਂ ਦੇ ਵਿੱਚ ਸੁਖਵਿੰਦਰ ਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਕੱਲੂ ਸੋਹਲ ਦੇ ਬਿਆਨਾਂ ਦੇ ਆਧਾਰ 'ਤੇ ਕਰਨ ਲੂਥਰਾ, ਰਾਘਵ ਲੂਥਰਾ ਪੁੱਤਰਾਨ ਰਕੇਸ਼ ਲੂਥਰਾ ਅਤੇ ਕੇਵਲ ਕ੍ਰਿਸ਼ਨ ਲੂਥਰਾ ਪੁੱਤਰ ਸਾਈਂ ਦਾਸ ਵਾਸੀ ਮੁਹੱਲਾ ਪ੍ਰੇਮ ਨਗਰ ਕਾਦੀਆਂ ਦੇ ਖਿਲਾਫ ਮਾਮਲਾ ਦਰਜ ਕੀਤਾ ਸੀ, ਜਿਸ ਤੋਂ ਬਾਅਦ ਕਾਦੀਆਂ ਪੁਲਸ ਵੱਲੋਂ ਬੀਤੀ ਰਾਤ ਰਾਘਵ ਲੂਥਰਾ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਨਿਰਮਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੇ ਵੱਲੋਂ ਵਿਦੇਸ਼ ਭੇਜਣ ਦੇ ਨਾਮ 'ਤੇ ਸੋਨਾ ਬਣਾਉਣ ਲਈ ਇਕ ਕਰੋੜ 91 ਲੱਖ 35 ਹਜ਼ਾਰ ਰੁਪਏ ਅਤੇ 42 ਤੋਲੇ ਸੋਨਾ ਹੜੱਪ ਕਰਨ ਸਬੰਧੀ ਥਾਣਾ ਕਾਦੀਆਂ ਵਿੱਚ ਮਾਮਲਾ ਦਰਜ ਸੀ।ਐੱਸਐੱਚਓ ਕਾਦੀਆਂ ਨੇ ਦੱਸਿਆ ਕਿ ਵੱਖ-ਵੱਖ ਲੋਕਾਂ ਦੇ ਕੋਲੋਂ ਉਕਤ ਦੋਸ਼ੀਆਂ ਵੱਲੋਂ ਕਰੋੜਾਂ ਰੁਪਿਆਂ ਦੀ ਠੱਗੀ ਮਾਰੀ ਸੀ ਅਤੇ ਕਾਦੀਆਂ ਸ਼ਿਵਾਲਾ ਚੌਕ ਵਿਖੇ ਇਨ੍ਹਾਂ ਦੀ ਸੁਨਿਆਰੇ ਦੀ ਦੁਕਾਨ ਸੀ। ਤਿੰਨੋਂ ਹੀ ਦੋਸ਼ੀ ਫਰਾਰ ਸਨ ਜਿਨ੍ਹਾਂ ਵਿੱਚੋਂ ਕਾਦੀਆਂ ਪੁਲਸ ਵੱਲੋਂ ਇੱਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਿਸ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਵੱਲੋਂ ਰਿਮਾਂਡ ਹਾਸਿਲ ਕੀਤਾ ਗਿਆ। ਫੜੇ ਗਏ ਦੋਸ਼ੀ ਦੀ ਨਿਸ਼ਾਨਦਹੀ 'ਤੇ ਬਰੀਕੀ ਨਾਲ ਜਾਂਚ ਕਰਦੇ ਹੋਏ ਬਾਕੀ ਦੋਨੋਂ ਦੋਸ਼ੀਆਂ ਨੂੰ ਵੀ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

## ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਨੇ ਵਿਸ਼ੇਸ਼ ਉਪਰਾਲੇ ਕੀਤੇ : ਸ਼ੈਰੀ ਕਲਸੀ

ਬਟਾਲਾ (ਡਾ. ਮਲਵਿੰਦਰ ਸਿੰਘ)- ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਅਤੇ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸੂਬੇ ਅੰਦਰ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਹ ਪ੍ਰਗਟਾਵਾ ਕਰਦਿਆਂ ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 36 ਸਕੂਲ ਪ੍ਰਿੰਸੀਪਲਾਂ ਨੂੰ ਪੰਜ-ਰੋਜ਼ਾ ਸਿਖਲਾਈ ਲਈ ਸਿੰਗਾਪੁਰ ਭੇਜਣ ਦਾ ਫੈਸਲਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਲੀਡਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਹੁਣ ਤੱਕ ਪੰਜਾਬ ਦੇ 198 ਪ੍ਰਿੰਸੀਪਲ ਅਤੇ ਸਿੱਖਿਆ ਅਧਿਕਾਰੀ ਸਿੰਗਾਪੁਰ ਦੀ ਪ੍ਰਿੰਸੀਪਲਜ਼ ਅਕੈਡਮੀ ਤੋਂ ਸਿਖਲਾਈ ਲੈ ਚੁੱਕੇ ਹਨ।ਇਸ ਪ੍ਰੋਗਰਾਮ ਤਹਿਤ ਹੁਣ 36 ਸਕੂਲ ਪ੍ਰਿੰਸੀਪਲਾਂ ਦਾ 7ਵਾਂ ਬੈਚ ਇਸ ਸਾਲ ਮਾਰਚ ਵਿੱਚ ਸਿੰਗਾਪੁਰ ਭੇਜਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਵੱਖ-ਵੱਖ ਪੱਧਰਾਂ 'ਤੇ ਕੰਮ ਕਰ ਰਹੇ ਅਧਿਆਪਕਾਂ, ਸਕੂਲ ਮੁਖੀਆਂ ਅਤੇ ਸਕੂਲ ਸਿੱਖਿਆ ਪ੍ਰਬੰਧਕਾਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਸਿਖਲਾਈ ਪ੍ਰਦਾਨ ਕਰਨ ਲਈ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਸਸੀਈਆਰਟੀ) ਵਿਖੇ ਇੱਕ ਇੰਟਰਨੈਸ਼ਨਲ ਐਜੂਕੇਸ਼ਨ ਅਫੇਅਰਜ਼ ਸੈੱਲ (ਆਈਈਏਸੀ) ਸਥਾਪਤ ਕੀਤਾ ਗਿਆ ਹੈ।

## ਆਰ ਐੱਮ ਪੀ ਆਈ ਨੇ ਨਵੇਂ ਬਜਟ ਦੀਆਂ ਕਾਪੀਆਂ ਸਾੜੀਆਂ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਅੱਜ ਇਥੇ ਗੁਰੂ ਨਾਨਕ ਪਾਰਕ ਵਿਖੇ ਇੱਕਤਰ ਹੋ ਕੇ ਭਾਰਤੀ ਮਾਰਕਸਵਾਦੀ ਇਨਕਲਾਬੀ ਪਾਰਟੀ (ਆਰਐੱਮਪੀਆਈ) ਆਈ ਦੇ ਸਥਾਨਕ ਵਰਕਰਾਂ ਨੇ ਕੇਂਦਰ ਦੀ ਮੋਦੀ ਸਰਕਾਰ ਦੇ ਹੁਣੇ ਪੇਸ਼ ਕੀਤੇ 2025 -26 ਦੇ ਬਜਟ ਦੀਆਂ ਕਾਪੀਆਂ ਚੌਕ ਵਿੱਚ ਸਾੜੀਆਂ ।ਇਸ ਦੀ ਅਗਵਾਈ ਧਿਆਨ ਸਿੰਘ ਠਾਕੁਰ ਤੇ ਮੱਖਣ ਸਿੰਘ ਕੁਹਾੜ ਨੇ ਕੀਤੀ ।ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਦਾ ਇਹ ਬਜਟ ਨਰੋਲ ਅਮੀਰ ਪੱਖੀ ਹੈ।ਗਰੀਬਾਂ, ਕਿਸਾਨਾਂ, ਮਜ਼ਦੂਰਾਂ ਲਈ ਇਸ ਵਿੱਚ ਕੁਝ ਵੀ ਹਾਂ ਪੱਖੀ ਨਹੀਂ ਹੈ।ਜੋ ਇਨਕਮ ਟੈਕਸ ਵਿੱਚ 12 ਲੱਖ ਰੁਪਏ ਤੱਕ ਦੀ ਛੋਟ ਦਿੱਤੀ ਗਈ ਹੈ ਉਸ ਵਿੱਚ ਸਿਰਫ 2% ਲੋਕ ਹੀ ਆਉਂਦੇ ਹਨ।ਇਸ ਦੇ ਨਾਲ ਹੀ ਜੀਐੱਸਟੀ ਵਿੱਚ ਵਾਧਾ ਕਰ ਦਿੱਤਾ ਗਿਆ ਹੈ।ਕਰਜ਼ਾ ਹੋਰ ਹੋਰ ਚੁੱਕਿਆ ਜਾ ਰਿਹਾ ਹੈ ਜਿਸ ਦਾ ਭਾਰ ਵੀ ਗਰੀਬਾਂ ਤੇ ਪੈਣਾ ਹੈ।ਮਨਰੇਗਾ, ਸਿੱਖਿਆ, ਸਿਹਤ ਵਾਸਤੇ ਬੱਜਟ ਵਿੱਚ ਕੁਝ ਵੀ ਨਹੀਂ ਹੈ ।ਉਧਰ ਬੀਮਾ ਖੇਤਰ ਦਾ 100% ਨਿੱਜੀਕਰਨ ਕਰ ਦਿੱਤਾ ਗਿਆ ਹੈ ।ਇਸ ਬਜਟ ਨਾਲ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋਣਗੇ ।ਅਜੀਤ ਸਿੰਘ ਹੁੰਦਲ ਨੇ ਕਿਹਾ ਕਿ ਕਿਸਾਨਾਂ ਲਈ ਐੱਮਐੱਸਪੀ ਦੀ ਗਰੰਟੀ ਤੇ ਕਰਜ਼ਾ ਮੁਆਫੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ।ਬੇਰੁਜ਼ਗਾਰੀ ਤੇ ਮਹਿੰਗਾਈ ਘੱਟ ਕਰਨ ਦਾ ਇਸ ਬਜਟ ਵਿੱਚ ਕੋਈ ਉਪਾਅ ਨਹੀਂ ਕੀਤਾ ਗਿਆ।ਇਸ ਲਈ ਅੱਜ ਸਾਰੇ ਪੰਜਾਬ ਵਿੱਚ ਆਰ ਹ ਆਈ ਨੇ ਬਜਟ ਦੀਆਂ ਥਾਂ-ਥਾਂ ਕਾਪੀਆਂ ਸਾੜੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਪੂਰ ਸਿੰਘ ਘੁੰਮਣ, ਰਘਬੀਰ ਸਿੰਘ ਚਾਹਲ, ਬਲਪ੍ਰੀਤ ਸਿੰਘ, ਪ੍ਰਿੰਸ, ਸੋਨਾ ਕਰਾਲਾ, ਮਲਕੀਤ ਸਿੰਘ ਬੁੱਢਾਕੋਟ, ਹਰਭਜਨ ਸਿੰਘ ਠਾਕੁਰ, ਰਸ਼ਪਾਲ ਸਿੰਘ, ਸੁਰਜੀਤ ਕੁਮਾਰ, ਜਸਵੰਤ ਸਿੰਘ ਬੁੱਟਰ, ਗੁਰਦੀਪ ਸਿੰਘ ਭੰਗੂ, ਕੁਲਵੰਤ ਸਿੰਘ ਬਾਠ, ਬਲਬੀਰ ਸਿੰਘ ਮਾੜੇ ਆਦਿ ਆਗੂ ਵੀ ਹਾਜ਼ਰ ਸਨ।

### Public Notice

I, Gaurav Sharma s/o Raj Kumar Sharma R/o 20/1, Hargobind Nagar, Amritsar Road, Jalandhar, have declared that Lakshya and Lakshya Sharma is one and the same person but I want to continue my son's name as Lakshya Sharma in future. Please all concerned note.

I Ranjiv Kumar son of Sham Dass resident of H.No. 30/22, Mohalla Diwan Saudagar Mal, Kapurthala, at present residing at Grover Enclave, Kadhupur, District Kapurthala, Punjab, India declare that on some of documents of my son Nitin Sharma , my name is written as Ranjiv Kumar while on other documents my name is mentioned as Rajiv Kumar Sharma. Ranjiv Kumar and Rajiv Kumar Sharma are two names of one and the same person.

### ਬੇਦਖਲੀ ਨੋਟਿਸ

ਮੈਂ, ਦਿਲਬਾਗ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਕਿਰਤੋਵਾਲ ਖੁਰਦ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ ।ਮੇਰਾ ਪੁੱਤਰ ਗੁਰਜੰਟ ਸਿੰਘ ਤੇ ਇਸਦੀ ਪਤਨੀ ਹਰਪ੍ਰੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ।ਆਪਣੇ ਪੁੱਤਰ ਤੇ ਨੂੰਹ ਦੋਹਾਂ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾਂ ਹਾਂ ।ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਸਤਨਾਮ ਸਿੰਘ ਪੁੱਤਰ ਸ੍ਰੀ ਸ਼ਿੰਗਾਰਾ ਸਿੰਘ ਅਤੇ ਪਰਮਜੀਤ ਕੌਰ ਪਤਨੀ ਸਤਨਾਮ ਸਿੰਘ ਵਾਸੀ ਪਿੰਡ ਜਲਾਲਪੁਰ ,ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ , ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਮਨਦੀਪ ਸਿੰਘ ਪੁੱਤਰ ਸਤਨਾਮ ਸਿੰਘ ਜੋ ਕੁਆਰਾ ਹੈ ਇਸ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ ਜੋ ਇਸ ਨਾਲ ਲੈਣ ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸੁਨੀਲ ਕੁਮਾਰ ਪੁੱਤਰ ਬਨਾਰਸੀ ਦਾਸ ਵਾਸੀ ਮਕਾਨ ਨੰ.02, ਨਿਊ ਅਬਾਦੀ ਕਿਸ਼ਨ ਕੋਟ ਇਸਲਾਮਾਬਾਦ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਤਰੁਣ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਲੜਾਈ ਝਗੜਾ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੇ ਆਪਣੇ ਹਰ ਰਿਸ਼ਤੇ ਤੋਂ ਬੇਦਖਲ ਕਰਦਾ ਹਾ।ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

ਮੈਂ, ਰੂਪ ਕੌਰ ਪਤਨੀ ਚਮਕੌਰ ਸਿੰਘ ਵਾਸੀ ਨੇੜੇ ਗੌਰਮਿੰਟ ਸਕੂਲ ਅਖਾੜਾ, ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਇੰਦਰਜੀਤ ਸਿੰਘ, ਜੋ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਜਿਉਣ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਕਲਸੀਆਂ ਕਲਾਂ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ।ਮੇਰਾ ਲੜਕਾ ਗੁਰਜੰਟ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ।ਮੈਂ ਆਪਣੇ ਪੁੱਤਰ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਕਰਤਾਰ ਚੰਦ ਪੁੱਤਰ ਲੇਟ ਬਾਜ਼ੇ ਰਾਮ ਵਾਸੀ ਮਾਡਲ ਟਾਊਨ ਦੀਨਾਨਗਰ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਜਿੰਦਰ ਕਸ਼ਯਪ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਹਰਚੋਵਾਲ ਦੇ ਟਰੈਵਲ ਏਜੰਟ ਦਾ ਲਾਇਸੰਸ ਰੱਦ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਪੰਜਾਬ ਮਨੁੱਖੀ ਤਸਕਰੀ ਰੋਕੂ ਐਕਟ-2012 ਅਧੀਨ ਜਾਰੀ ਪੰਜਾਬ ਮਨੁੱਖੀ ਤਸਕਰੀ ਨਿਯਮ 2013 (ਸੋਧਿਆ ਨਾਮ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ) ਦੇ ਤਹਿਤ ਮੈਸ: ਗੁਰੂ ਟਰੇਡ ਟੈਸਟ ਐਂਡ ਟਰੇਨਿੰਗ ਸੈਂਟਰ, ਪਿੰਡ ਤੇ ਡਾਕਖਾਨਾ ਹਰਚੋਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਨਾਮ ਤੇ ਬਿਕਰਮਜੀਤ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਮਠੋਲਾ, ਡਾਕਖਾਨਾ ਭਰਥ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਨੂੰ ਟਰੈਵਲ ਏਜੰਟ ਦਾ ਲਾਇਸੰਸ ਨੰਬਰ 128/ਸਮ/ਐਕਟ-ਐੱਮ.ਏ.-3/25 ਫਰਵਰੀ 2019 ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 21 ਫਰਵਰੀ 2024 ਤੱਕ ਸੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੇ ਕੁਮਾਰ, ਸੁਪਰਡੈਂਟ ਡਿਪਟੀ ਕਮਿਸ਼ਨਰ ਦਫ਼ਤਰ ਨੇ ਦੱਸਿਆ ਕਿ ਲਾਇਸੰਸ ਧਾਰਕ ਬਿਕਰਮਜੀਤ ਸਿੰਘ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਲਿਖਤੀ ਦਰਖਾਸਤ ਦਿੱਤੀ ਗਈ ਹੈ ਕਿ ਉਹ ਆਪਣਾ ਲਾਇਸੰਸ ਰੀਨਿਊ ਨਹੀਂ ਕਰਵਾਉਣਾ ਚਾਹੁੰਦਾ ਅਤੇ ਉਸ ਵੱਲੋਂ ਆਪਣਾ ਲਾਇਸੰਸ ਸਰੰਡਰ ਕਰਨ ਦੀ ਬੇਨਤੀ ਕੀਤੀ ਗਈ ਸੀ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਤਹਿਤ ਬਣੇ ਰੂਲਜ਼ ਦੇ ਸੈਕਸ਼ਨ 8 (1) ਵਿੱਚ ਦਰਜ ਉਪਬੰਧ ਅਨੁਸਾਰ ਪ੍ਰਾਰਥੀ ਦਾ ਲਾਇਸੰਸ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਟਰੈਵਲ ਏਜੰਟ ਦੇ ਲਾਇਸੰਸ ਨਾਲ ਸਬੰਧਿਤ ਕੋਈ ਵੀ ਸ਼ਿਕਾਇਤ/ਕੇਸ਼ ਹੋਵੇਗਾ ਤਾਂ ਇਸ ਸਬੰਧੀ ਬਿਕਰਮਜੀਤ ਸਿੰਘ ਖੁਦ ਜ਼ਿੰਮੇਵਾਰ ਹੋਵੇਗਾ।

## ਐੱਚਡੀਐੱਫਸੀ ਬੈਂਕ ਵਿੱਤੀ ਸਾਲ-2025 'ਚ 50 ਤੋਂ ਵੱਧ ਸਟਾਰਟ-ਅੱਪਸ ਦਾ ਸਮਰਥਨ ਕਰੇਗਾ

ਅੰਮ੍ਰਿਤਸਰ : ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ ਐੱਚਡੀਐੱਫਸੀ ਬੈਂਕ ਨੇ ਆਪਣੇ ਪ੍ਰਮੁੱਖ ਪਰਿਵਰਤਨ ਸਟਾਰਟ-ਅੱਪ ਗ੍ਰਾਂਟ ਪ੍ਰੋਗਰਾਮ ਦੇ ਅੱਠਵੇਂ ਐਡੀਸ਼ਨ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ।ਇਸ ਸਾਲ ਸਮਾਜਿਕ ਪ੍ਰਭਾਵ ਵਾਲੇ ਖੇਤਰ ਵਿੱਚ ਕੰਮ ਕਰਨ ਵਾਲੇ 50-60 ਸਟਾਰਟ-ਅੱਪਸ ਦੀ ਸਹਾਇਤਾ ਲਈ 15 ਤੋਂ ਵੱਧ ਇਨਕਿਊਬੇਟਰ ਅਤੇ ਐਕਸਲੇਟਰਾਂ ਦੀ ਚੋਣ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਸ਼ਾਮਲ ਕੀਤਾ ਗਿਆ ਹੈ।ਇਹ ਪ੍ਰੋਗਰਾਮ ਚੁਣੇ ਹੋਏ ਸਟਾਰਟ-ਅੱਪਸ ਨੂੰ 50 ਲੱਖ ਰੁਪਏ ਤੱਕ ਦੀ ਗ੍ਰਾਂਟ ਪ੍ਰਦਾਨ ਕਰੇਗਾ, ਜਿਸ ਦਾ ਕੁੱਲ ਪ੍ਰੋਗਰਾਮ ਬਜਟ 20 ਕਰੋੜ ਰੁਪਏ ਹੈ।ਆਈਆਈਟੀ ਮਦਰਾਸ, ਆਈਆਈਐੱਮ ਅਹਿਮਦਾਬਾਦ ਵੈਂਚਰਸ, ਵਿਲਗਰੋ, ਆਈਸੀਏਆਰ ਪੂਸਾ ਕ੍ਰਿਸ਼ੀ, ਆਈਆਈਟੀ ਗੁਹਾਟੀ ਬਾਇਓਨੈਸਟ, ਐਸਪਾਇਰ - ਹੈਦਰਾਬਾਦ ਯੂਨੀਵਰਸਿਟੀ, ਆਈਆਈਐੱਮ-ਕਲਕੱਤਾ ਇਨੋਵੇਸ਼ਨ ਪਾਰਕ, ਆਈ-ਹੱਬ ਗੁਜਰਾਤ, ਕੇਰਲ ਸਟਾਰਟ-ਅੱਪ ਮਿਸ਼ਨ, ਆਈਐੱਫਐੱਮਆਰ ਕੈਟਾਲਿਸਟ ਏਆਈਸੀ ਨੂੰ ਇਸ ਸਾਲ ਪਹਿਲਾਂ ਹੀ ਸ਼ਾਰਟਲਿਸਟ ਕੀਤਾ ਗਿਆ ਹੈ।

## ਸਰਬਜੀਤ ਸਿੰਘ ਤੂਰ ਪ੍ਰਧਾਨ ਤੇ ਮਨਦੀਪ ਸਿੰਘ ਗਿੱਲ ਸਕੱਤਰ ਬਣੇ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਐਸੋਸੀਏਸ਼ਨ ਆਫ ਡਾਕਘਰ ਗੰਮ ਪੰਜਾਬ ਦੀ ਪ੍ਰਾਈਮ ਵੀਜ਼ਾ ਅਡਵਾਈਜ਼ਰ ਦੇ ਦਫਤਰ ਵਿਖੇ ਹੋਏ ਸਾਲਾਨਾ ਜਨਰਲ ਮੀਟਿੰਗ ਵਿੱਚ ਸਰਬਜੀਤ ਸਿੰਘ ਤੂਰ ਸਾਬਕਾ ਡਿਪਟੀ ਡਾਇਰੈਕਟਰ ਸਕੂਲ ਸਿੱਖਿਆ ਤੇ ਮਨਦੀਪ ਸਿੰਘ ਗਿੱਲ (ਡਾਇਰੈਕਟਰ ਪ੍ਰਾਈਮ ਵੀਜ਼ਾ ਅਡਵਾਈਜ਼) ਨੂੰ ਕ੍ਰਮਵਾਰ ਅਗਲੇ ਪੰਜ ਸਾਲਾਂ ਲਈ ਸੂਬਾ ਪ੍ਰਧਾਨ ਤੇ ਸੈਕਟਰੀ ਚੁਣ ਲਿਆ ਗਿਆ।ਡਾਕਘਰ ਫੈਡਰੇਸ਼ਨ ਆਫ ਇੰਡੀਆ ਦੇ ਸਕੱਤਰ ਜਨਰਲ ਪੀ.ਐਸ. ਬਰਾੜ ਵੀ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ, ਜਦਕਿ ਡਾ. ਜੀ.ਪੀ. ਪਾਲ ਨੇ ਡਾਕਘਰ ਫੈਡਰੇਸ਼ਨ ਆਫ ਇੰਡੀਆ ਦੇ ਨਿਗਰਾਨ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਈ।ਨਵੇਂ ਨਿਯੁਕਤ ਪ੍ਰਧਾਨ ਸਰਬਜੀਤ ਸਿੰਘ ਤੂਰ ਨੇ ਸਾਰੇ ਸਾਥੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ, ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ ਤੇ ਡੇਰਾਬਾਬ ਖੇਡ ਨੂੰ ਪਿੰਡ-ਪਿੰਡ ਵਿੱਚ ਲਿਜਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ।ਸੂਬਾ ਸੈਕਟਰੀ ਮਨਦੀਪ ਸਿੰਘ ਗਿੱਲ ਨੇ ਕਿਹਾ ਕਿ ਉਹ ਜਥੇਬੰਦੀ ਸ੍ਰੀ ਸਰਬਜੀਤ ਸਿੰਘ ਤੂਰ ਦੀ ਨਿਗਰਾਨੀ ਹੇਠ ਉਨ੍ਹਾਂ ਦੇ ਮਾਰਗ ਦਰਸ਼ਨ ਅਨੁਸਾਰ ਔਗੇ ਕੰਮ ਕਰੇਗੀ ਤੇ ਜਥੇਬੰਦੀ ਵੱਲੋਂ ਨਵੇਂ ਖਿਡਾਰੀਆਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ ਤੇ ਗੇਮ ਨੂੰ ਪ੍ਰਮੋਟ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

## ਬਾਬਾ ਨੰਦ ਸਿੰਘ ਸੇਵਾ ਸੁਸਾਇਟੀ ਵੱਲੋਂ ਨਾਇਬ ਤਹਿਸੀਲਦਾਰ ਦਾ ਸਨਮਾਨ



**ਕੋਟ ਈਸੇ ਖਾਂ (ਅਰੋੜਾ)**-ਪਿੰਡ ਲੋਹਾਰਾ ਦੇ ਸੰਤ ਮਹਾਂਪੁਰਸ਼ ਸੱਚਖੰਡ ਵਾਸੀ ਧੰਨ ਧੰਨ ਬਾਬਾ ਨੰਦ ਸਿੰਘ ਜੀ, ਉਨ੍ਹਾਂ ਤੋਂ ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਜੋ ਹੁਣ ਗੁਰਦੁਆਰਾ ਸਾਹਿਬ ਵਿਖੇ ਮੌਜੂਦਾ ਸੇਵਾਵਾਂ ਨਿਭਾਅ ਰਹੇ ਹਨ, ਉਨ੍ਹਾਂ ਦੇ ਸਹਿਯੋਗ ਦੇ ਨਾਲ ਬਣਾਈ ਗਈ ਧੰਨ ਧੰਨ ਬਾਬਾ ਨੰਦ ਸਿੰਘ ਜੀ ਸੇਵਾ ਸੁਸਾਇਟੀ ਪਿੰਡ ਲੋਹਾਰਾ ਵੱਲੋਂ ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ ਜੀ ਰਿਟਾਇਰਮੈਂਟ ਉਪਰੰਤ ਵਿਸ਼ੇਸ਼ ਸਨਮਾਨਤ ਕੀਤਾ ਗਿਆ।ਰਿਟਾਇਰਮੈਂਟ ਉਪਰੰਤ ਨਾਇਬ ਤਹਿਸੀਲਦਾਰ ਸਰਦਾਰ ਗੁਰਤੇਜ ਸਿੰਘ ਗਿੱਲ ਵੱਲੋਂ ਪਹਿਲਾਂ ਗੁਰੂ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਗੁਰੂ ਸਾਹਿਬ ਜੀ ਨੂੰ ਗੁਰਦੁਆਰਾ ਸਾਹਿਬ ਤੋਂ ਬੜੇ ਅਦਬ ਅਤੇ ਸਤਿਕਾਰ ਨਾਲ ਪਿੰਡ ਲੁਹਾਰੇ ਦੀ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਨਗਾਰੇ ਅਤੇ ਨਰਸਿੰਗਾ, ਸੋਹਣੇ ਤੇ ਸੁੰਦਰ ਮੈਟ ਵਿਛਾ ਕੇ ਤਹਿਸੀਲ ਤੱਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਆਂਦਾ ਗਿਆ।ਨਾਇਬ ਤਹਿਸੀਲਦਾਰ ਸਰਦਾਰ ਗੁਰਤੇਜ ਸਿੰਘ ਗਿੱਲ ਨੇ ਵੀ ਬਾਬਾ ਨੰਦ ਸਿੰਘ ਸੇਵਾ ਸੁਸਾਇਟੀ ਦੇ ਸਾਰੇ ਸੇਵਾਦਾਰਾਂ ਦੀ ਸੇਵਾ ਦੇਖ ਕੇ ਕਿਹਾ ਕਿ ਬਹੁਤ ਹੀ ਵੱਡੀ ਸੇਵਾ ਇਹ ਨੌਜਵਾਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮੈਂ ਪ੍ਰਮਾਤਮਾ ਦਾ ਸ਼ੁਕਰ ਗੁਜ਼ਾਰ ਹਾਂ ਕਿ ਇਹ ਨੌਜਵਾਨ ਪਿੰਡ ਲੋਹਾਰਾ ਤੋਂ ਹਨ ਅਤੇ ਇਹ 25 ਤੋਂ 30 ਨੌਜਵਾਨ ਸਾਰੇ ਆਪੋ ਆਪਣੇ ਕਾਰੋਬਾਰਾਂ ਵਿੱਚ ਲੱਗੇ ਹੋਏ ਹਨ ਤੇ ਇਸ ਤੋਂ ਵੀ ਵੱਡੀ ਖੁਸ਼ੀ ਦੀ ਗੱਲ ਇਹ ਹੈ ਕਿ ਇਹ ਸਾਰੇ ਹੀ ਨਸ਼ੇ ਤੋਂ ਰਹਿਤ ਹਨ।

## ਪਾਤੜਾਂ ਜ਼ਿਲ੍ਹਾ ਬਣਾਓ ਫੋਰਮ ਦਾ ਗਠਨ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸਬ ਡਵੀਜ਼ਨ ਅਧੀਨ ਕੰਮ ਕਰਦੇ ਪੁਲਿਸ ਮੁਲਾਜ਼ਮ ਤੇ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਪੈਨਸ਼ਨਰਜ਼ ਐਸੋਸੀਏਸ਼ਨ ਦੇ ਦਫਤਰ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਏ ਗਏ।ਭੋਗ ਦੌਰਾਨ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਅਮਰੀਕ ਸਿੰਘ ਤੋਂ ਇਲਾਵਾ ਸਾਬਕਾ ਪੁਲਸ ਇੰਸਪੈਕਟਰ ਸਮਸ਼ੇਰ ਸਿੰਘ ਗੁੱਡੂ, ਸੇਵਾਮੁਕਤ ਡੀਐਸਪੀ ਬਲਜਿੰਦਰ ਸਿੰਘ ਪੰਨੂ, ਇੰਸਪੈਕਟਰ ਲਖਵਿੰਦਰ ਸਿੰਘ ਸਮੇਤ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸੇਵਾਮੁਕਤ ਡੀਐਸਪੀ ਬਲਜਿੰਦਰ ਸਿੰਘ ਪੰਨੂ ਦੀ ਅਗਵਾਈ ਵਿੱਚ ਲੰਮੇ ਸਮੇਂ ਤੋਂ ਜ਼ਿਲ੍ਹਾ ਬਣਾਉਣ ਦੀ ਚੱਲ ਰਹੀ ਮੰਗ ਨੂੰ ਪੂਰਿਆ ਕਰਾਉਣ ਲਈ ਪਾਤੜਾਂ ਜ਼ਿਲ੍ਹਾ ਬਣਾਓ ਫੋਰਮ ਦਾ ਗਠਨ ਕੀਤਾ ਗਿਆ।ਚੇਅਰਮੈਨ ਪਾਤੜਾਂ ਜ਼ਿਲ੍ਹਾ ਬਣਾਓ ਫੋਰਮ ਬਲਜਿੰਦਰ ਸਿੰਘ ਪੰਨੂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਲਾਕੇ ਦੇ ਕੁਝ ਪਤਵੰਤੇ ਸਾਥੀਆਂ ਦੀ ਮੌਜੂਦ ਨਾਲ ਪਿਛਲੇ ਦਿਨੀਂ ਪਾਤੜਾਂ ਨੂੰ ਜ਼ਿਲ੍ਹਾ ਬਣਾਓ ਨਾਅ 'ਤੇ ਇੱਕ ਗੈਰ ਰਾਜਨੀਤਕ ਫੋਰਮ ਬਣਾਈ ਹੈ, ਜਿਸਦਾ ਮੁੱਖ ਦਫਤਰ ਨੇੜੇ ਪੁੱਡਾ ਮਾਰਕੀਟ ਕਾਲੋਨੀ ਵਿਖੇ ਹੈ, ਜੋ ਨਿਰੰਤਰ ਪਾਤੜਾਂ ਸ਼ਹਿਰ ਨੂੰ ਜ਼ਿਲ੍ਹਾ ਬਣਾਉਣ ਲਈ ਕਾਰਜਸ਼ੀਲ ਹੈ।ਉਨ੍ਹਾਂ ਪਾਤੜਾਂ ਤੇ ਨਾਲ ਲੱਗਦੇ ਇਲਾਕਿਆਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਫੋਰਮ ਦੇ ਨਾਲ ਜੁੜਨ ਤਾਂ ਜੁ ਇਲਾਕੇ ਦੀ ਆਵਾਜ਼ ਇਕਜੁਟ ਵਿੱਚ ਮੌਜੂਦਾ ਸਰਕਾਰ ਤੱਕ ਪਹੁੰਚਦੀ ਕੀਤੀ ਜਾ ਸਕੇ ਤੇ ਸ਼ਹਿਰ ਨੂੰ ਜ਼ਿਲ੍ਹਾ ਬਣਾਇਆ ਜਾ ਸਕੇ।

## ਅੰਤਰਰਾਸ਼ਟਰੀ ਦਿਵਿਆਂਗਤਾ ਤੇ ਸੰਕੇਤਕ ਭਾਸ਼ਾ ਦਿਵਸ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਅੱਜ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਜ਼ਿਲ੍ਹਾ ਪੱਧਰ 'ਤੇ ਅੰਤਰਰਾਸ਼ਟਰੀ ਦਿਵਿਆਂਗਤਾ ਤੇ ਸੰਕੇਤਕ ਭਾਸ਼ਾ ਦਿਵਸ ਸਪੈਸ਼ਲ ਰੀਸੋਰਸ ਸੈਂਟਰ ਸਰਕਾਰੀ ਪ੍ਰਾਇਮਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਮਨਾਇਆ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਨਾਗਰਿਕ ਬਹੁਤ ਹੀ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਦਿਵਿਆਂਗ ਬੱਚਿਆਂ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਹੈ।ਉਨ੍ਹਾਂ ਕਿਹਾ ਕਿ ਦਿਵਿਆਂਗ ਬੱਚੇ ਕਿਸੇ ਤਰ੍ਹਾਂ ਵੀ ਆਮ ਬੱਚਿਆਂ ਨਾਲੋਂ ਘੱਟ ਨਹੀਂ ਤੇ ਇਹ ਬੱਚੇ ਰੱਬ ਦਾ ਰੂਪ ਹਨ। ਜੇਕਰ ਇਨ੍ਹਾਂ ਬੱਚਿਆਂ ਨੂੰ ਪੂਰਾ ਸਹਿਯੋਗ ਤੇ ਹੌਸਲਾ ਅਫਜ਼ਾਈ ਕੀਤੀ ਜਾਵੇ ਤਾਂ ਇਹ ਕਿਸੇ ਵੀ ਮੁਕਾਮ ਨੂੰ ਹਾਸਲ ਕਰਨ ਦੀ ਤਾਕਤ ਰੱਖਦੇ ਹਨ।ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਨਵੀਨ ਗਡਵਾਲ ਨੇ ਦੱਸਿਆ ਕਿ ਵਿਭਾਗ ਵੱਲੋਂ ਦਿਵਿਆਂਗ ਬੱਚਿਆਂ ਦੀ ਸੁਰੱਖਿਆ ਲਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਤੇ ਇਸ ਸਮੇਂ ਜ਼ਿਲ੍ਹੇ ਵਿੱਚ 8481 ਦਿਵਿਆਂਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।ਇਸ ਮੌਕੇ ਸਰ ਲਈ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਵੱਲੋਂ ਇਕ ਇਨਵਰਟਰ ਵੀ ਸੈਂਟਰ ਮੁਹੱਈਆ ਕਰਵਾਇਆ ਗਿਆ ਤੇ ਬੱਚਿਆਂ ਨੂੰ ਰਿਫਰੈਸ਼ਮੈਂਟ ਅਤੇ ਕਾਪੀਆਂ, ਪੈਨਸਲਾਂ ਆਦਿ ਵੰਡੀਆਂ ਗਈਆਂ।ਇਸ ਮੌਕੇ ਦਿਵਿਆਂਗ ਬੱਚਿਆਂ ਵੱਲੋਂ ਆਪਣੀ ਸਮਰੱਥਾ ਅਨੁਸਾਰ ਪੇਸ਼ਕਾਰੀਆਂ ਵੀ ਕੀਤੀਆਂ ਗਈਆਂ।

## ਕੇ ਐੱਸ ਬੀ ਸਕੂਲ 'ਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਕੇ ਐਸ ਬੀ ਵਰਲਡ ਸਕੂਲ ਪਾਤੜਾਂ ਵਿਖੇ ਬਸੰਤ ਪੰਚਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਸਮਾਗਮ ਵਿਚ ਸਕੂਲ ਵਿਦਿਆਰਥੀਆਂ ਨੇ ਸਟੇਜ 'ਤੇ ਵੱਧ ਚੜ੍ਹ ਕੇ ਹਿੱਸਾ ਲਿਆ।ਸਕੂਲ ਪ੍ਰਿੰਸੀਪਲ ਮੈਡਮ ਅਨੀਤਾ ਸਗੂਜਾ ਨੇ ਇਸ ਪਵਿੱਤਰ ਤਿਉਹਾਰ ਦੇ ਮੌਕੇ ਸਿਰ ਬੁੱਧੀ ਅਤੇ ਗਿਆਨ ਦੀ ਦੇਵੀ ਮਾਂ ਸਰਸਵਤੀ ਦੀ ਪੂਜਾ ਅਰਚਨਾ ਕੀਤੀ ਅਤੇ ਬੱਚਿਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।ਵਿਦਿਆਰਥੀ ਪੀਲੇ ਰੰਗ ਦੇ ਕੱਪੜੇ ਪਾ ਕੇ ਸਕੂਲ ਵਿੱਚ ਆਏ।ਵਿਦਿਆਰਥੀ ਪੀਲੇ ਰੰਗ ਦੇ ਵੱਖ ਵੱਖ ਪਕਵਾਨ ਲੈ ਕੇ ਆਏ ਸਨ।ਜੋ ਉਨ੍ਹਾਂ ਨੇ ਇਕੱਠੇ ਬਹਿ ਕੇ ਖੂਬ ਆਨੰਦ ਨਾਲ ਖਾਧੇ।ਸਕੂਲ ਦੇ ਪ੍ਰੈਜ਼ੀਡੈਂਟ ਗੁਰਲਾਲ ਸਿੰਘ ਕਲਾਲੋਂ, ਚੇਅਰਮੈਨ ਨਰੇਸ਼ ਕੁਮਾਰ ਜੀ, ਮੈਨੇਜਰ ਰੀਨਾ ਚੀਮਾ ਨੇ ਬਸੰਤ ਪੰਚਮੀ ਦੀਆਂ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਬੱਚਿਆਂ ਨੂੰ ਸਟੇਜ ਨੂੰ ਇਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।ਉਨ੍ਹਾਂ ਆਪਣੀ ਮਹਾਨ ਸੰਸਕ੍ਰਿਤੀ ਉੱਤੇ ਮਾਣ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਸਾਡੀ ਸੰਸਕ੍ਰਿਤੀ ਹੀ ਸਾਨੂੰ ਕੁਦਰਤ ਨਾਲ ਜੋੜ ਰਹੀ ਹੈ ਜਿਸ ਦੇ ਸਾਰਥਕ ਨਤੀਜੇ ਹਮੇਸ਼ਾ ਨਿਕਲਦੇ ਹਨ।

## ਚੇਅਰਮੈਨ ਸਿੰਗਲਾ ਵੱਲੋਂ ਝਨੇੜੀ ਗਊਸ਼ਾਲਾ ਦਾ ਦੌਰਾ



**ਭਵਾਨੀਗੜ੍ਹ/ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਵੱਲੋਂ ਅਧਿਕਾਰੀਆਂ ਸਮੇਤ ਭਵਾਨੀਗੜ੍ਹ ਨੇੜਲੇ ਪਿੰਡ ਝਨੇੜੀ ਵਿਖੇ ਸਰਕਾਰੀ ਗਊਸ਼ਾਲਾ ਵਿਖੇ ਪਸ਼ੂ ਧਨ ਲਈ ਉਪਲਬਧ ਸਹੂਲਤਾਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬੇਸਹਾਰਾ ਪਸ਼ੂਧਨ ਨੂੰ ਸੜਕਾਂ ਉੱਤੇ ਰੁਲਣ ਤੋਂ ਬਚਾਉਣ ਅਤੇ ਢੁਕਵੀਂ ਸਾਂਭ ਸੰਭਾਲ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਗਊਸ਼ਾਲਾਵਾਂ ਵਿੱਚ ਪਸ਼ੂ ਧਨ ਲਈ ਹਰ ਜ਼ਰੂਰੀ ਸੁਵਿਧਾ ਉਪਲਬਧ ਕਰਵਾਉਣੀ ਲਾਜ਼ਮੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਸ਼ੂ ਧਨ ਲਈ ਹਰੇ ਚਾਰੇ ਦੀ ਉਪਲਬਧਤਾ ਦਾ ਨਿਰੰਤਰ ਧਿਆਨ ਰੱਖਿਆ ਜਾਵੇ ਤੇ ਸਰਦੀ ਦੇ ਮੌਸਮ ਵਿੱਚ ਗਰਮੀ ਦੀ ਲੋੜ ਤੇ ਪਸ਼ੂ ਧਨ ਦੀਆਂ ਲੋੜਾਂ ਦੇ ਮੱਦੇਨਜ਼ਰ ਪ੍ਰਬੰਧ ਕੀਤੇ ਜਾਣ। ਉਨ੍ਹਾਂ ਇਸ ਸਬੰਧੀ ਯਕੀਨੀ ਬਣਾਏ ਜਾਣ ਅਤੇ ਭਵਿੱਖ ਵਿੱਚ ਵੀ ਬੇਸਹਾਰਾ ਪਸ਼ੂਆਂ ਨੂੰ ਇਸ ਗਊਸ਼ਾਲਾ ਵਿੱਚ ਤਬਦੀਲ ਕਰਨ ਦੀਆਂ ਲੋੜਾਂ ਅਨੁਸਾਰ ਪ੍ਰਬੰਧ ਮੁਕੰਮਲ ਕਰਵਾਏ ਜਾਣ।ਇਸ ਮੌਕੇ ਐਸ.ਡੀ.ਐਮ. ਭਵਾਨੀਗੜ੍ਹ ਮਨਜੀਤ ਕੌਰ, ਡੀ ਐਸ ਪੀ ਡੀ.ਐਸ.ਐਮ ਵਿਰਕ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਲੈਨਿਨ ਗਰਗ, ਸਹਾਇਕ ਨਿਰਦੇਸ਼ਕ ਪਸ਼ੂ ਪਾਲਣ ਡਾ. ਜਸਕਰਨ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਸੁਖਵਿੰਦਰ ਸਿੰਘ, ਡਾ. ਗਗਨ ਬਜਾਜ, ਡਾ. ਗਗਨਪ੍ਰੀਤ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

# 150 ਕਿਲੋਗ੍ਰਾਮ ਪੋਸਤ ਸਮੇਤ ਦੋ ਵਿਅਕਤੀ ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਨਮੀਤ ਸਿੰਘ ਢਿੱਲੋਂ ਕਪਤਾਨ ਪੁਲਿਸ (ਇਨਵੈ) ਸ੍ਰੀ ਮੁਕਤਸਰ ਸਾਹਿਬ ਦੀ ਨਿਗਰਾਨੀ ਹੇਠ ਇੰਸਪੈਕਟਰ ਜਸਕਰਨਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਵੱਲੋਂ 2 ਵਿਅਕਤੀਆਂ ਨੂੰ 150 ਕਿੱਲੋ ਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਟਰੱਕ ਕਾਬੂ ਕਰਕੇ ਸਫਲਤਾ ਹਾਸਲ ਕੀਤੀ ਹੈ।ਜ਼ਿਲ੍ਹਾ ਪੁਲਿਸ ਮੁੱਖੀ ਨੇ ਦੱਸਿਆ ਕਿ ਪੁਲਿਸ ਵੱਲੋਂ ਨਸ਼ਿਆਂ ਖਿਲਾਫ ਇੱਕ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਦੇ ਚੱਲਦਿਆਂ ਜਿੱਥੇ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ, ਉਥੇ ਹੀ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਨੂੰ ਕਾਬੂ ਕਰਨ ਲਈ ਲਗਾਤਾਰ ਸਰਚ ਅਪ੍ਰੇਸ਼ਨ ਅਤੇ ਨਾਕਾਬੰਦੀਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਪੁਲਿਸ ਪਾਰਟੀ ਨੂੰ ਇੱਕ ਗੁਪਤ ਇਤਲਾਹ ਮਿਲੀ ਕਿ ਇੱਕ ਟਰੱਕ ਨੰਬਰੀ PB BBK 8215 ਭਾਰੀ ਮਾਤਰਾ ਵਿੱਚ ਡੋਡੇ ਭੁੱਕੀ ਚੂਰਾ ਪੋਸਤ ਲੈ ਕੇ ਰਾਜਸਥਾਨ ਤੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਆ ਰਿਹਾ ਹੈ , ਜਿਸ 'ਤੇ ਪੁਲਿਸ ਪਾਰਟੀ ਵੱਲੋਂ ਤੁਰੰਤ ਮੇਨ ਰੋਡ ਬਾਈਪਾਸ ਡੇਰਾ ਰਾਧਾ ਸੁਆਮੀ ਸ੍ਰੀ ਮੁਕਤਸਰ ਸਾਹਿਬ ਵਿੱਖੇ ਨਾਕਾਬੰਦੀ ਕੀਤੀ ਗਈ। ਨਾਕਾਬੰਦੀ ਦੌਰਾਨ ਟਰੱਕ ਨੰਬਰੀ PB BBK 8215 ਮਲੋਟ ਵਾਲੀ ਸਾਈਡ ਤੋਂ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਨਾਕੇ ਪਰ ਰੋਕ ਕੇ ਵਿਅਕਤੀਆਂ ਦਾ ਨਾਮ ਪੁੱਛਿਆ ਤਾਂ ਉਨ੍ਹਾਂ ਨੇ ਆਪਣਾ ਨਾਮ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਢੁਡੀ ਜ਼ਿਲ੍ਹਾ ਫਰੀਦਕੋਟ ਅਤੇ ਦੂਸਰੇ ਵਿਅਕਤੀ ਨੇ ਆਪਣਾ ਨਾਮ ਗੁਰਪ੍ਰੀਤ ਸਿੰਘ ਉਰਫ ਬਿੱਟੂ ਪੁੱਤਰ ਮਨਜੀਤ ਸਿੰਘ ਸ੍ਰੀ ਮੁਕਤਸਰ ਸਾਹਿਬ ਦੱਸਿਆ। ਸ਼ੱਕ ਦੇ ਅਧਾਰ 'ਤੇ ਟਰੱਕ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 150 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਕੀਤਾ ਗਿਆ। ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਕਾਰਵਾਈ ਕਰਦਿਆਂ ਮੁਕੱਦਮਾ ਦਰਜ ਕੀਤਾ ਗਿਆ। ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕ ਹੋਰ ਪੁੱਛ-ਗਿੱਛ ਕੀਤੀ ਜਾਵੇਗੀ ਤੇ ਮੁੱਕਦਮਾ ਦੀ ਤਫਤੀਸ਼ ਜਾਰੀ ਹੈ।

## ਪੈਨਸ਼ਨਰਜ਼ ਭਲਕੇ ਕਰਨਗੇ ਡੀ ਸੀ ਦਫ਼ਤਰ ਅੱਗੇ ਰੈਲੀ ਤੇ ਭੁੱਖ ਹੜਤਾਲ


**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਪੈਨਸ਼ਨਰਜ਼ ਭਵਨ ਤਹਿਸੀਲ ਕੰਪਲੈਕਸ ਸੰਗਰੂਰ ਵਿਖੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਸਾਂਝਾ ਫਰੰਟ ਦੇ ਕਨਵੀਨਰਾਂ ਸਰਵਸ਼੍ਰੀ ਰਾਜ ਕੁਮਾਰ ਅਰੋੜਾ ਜ਼ਿਲ੍ਹਾ ਪ੍ਰਧਾਨ ਪੈਨਸ਼ਨਰ ਵੈੱਲਫ਼ੇਅਰ ਐਸੋ:, ਜਗਦੀਸ਼ ਸ਼ਰਮਾ ਸਰਪ੍ਰਸਤ ਪੰਜਾਬ ਰਾਜ ਪੈਨਸ਼ਨਰ ਮਹਾਂ ਸਿੰਘ ਤੇ ਅਵਿਨਾਸ਼ ਸ਼ਰਮਾ ਪਾਵਰਕਾਮ ਪੈਨਸ਼ਨਰ ਐਸੋ: ਦੇ ਸੂਬਾ ਪ੍ਰਧਾਨ ਨੇ ਦੱਸਿਆ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਸਾਂਝੇ ਫਰੰਟ ਦੇ ਫ਼ੈਸਲੇ ਅਨੁਸਾਰ 7 ਫ਼ਰਵਰੀ ਨੂੰ 11 ਸਾਥੀਆਂ ਵੱਲੋਂ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਅੱਗੇ ਭੁੱਖ ਹੜਤਾਲ ਤੇ ਰੋਸ ਧਰਨਾ ਦੇ ਕੇ ਰੈਲੀ ਕੀਤੀ ਜਾਵੇਗੀ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ ਹੈ, ਜਿਸ ਕਾਰਨ ਪੈਨਸ਼ਨਰ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਪੈਨਸ਼ਨ ਸੋਧ ਦਾ 2.59 ਦਾ ਗੁਣਾਂਕ ਅੰਸ਼ਕ ਸੋਧੀ ਪੈਨਸ਼ਨ ਅਤੇ ਬਕਾਏ ਦਿੱਤੇ ਜਾਣ, ਡੀ.ਏ ਦੀਆਂ ਰਹਿੰਦੀਆਂ ਤਿੰਨ ਕਿਸ਼ਤਾਂ ਦੇ ਬਕਾਏ, ਕੈਸ਼ਲੈਸ ਇਲਾਜ ਸਕੀਮ, ਮੈਡੀਕਲ ਭੱਤੇ ਵਿਚ ਵਾਧਾ ਆਦਿ ਮੰਗਾਂ ਦੀ ਪੂਰਤੀ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਮੰਗਾਂ ਦੀ ਪੂਰਤੀ ਲਈ ਸੂਬਾ ਪੱਧਰ 'ਤੇ ਸੰਘਰਸ਼ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਦੌਰਾਨ 7 ਫ਼ਰਵਰੀ ਨੂੰ ਭੁੱਖ ਹੜਤਾਲ ਤੇ ਰੈਲੀ ਕਰਕੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਸਰਕਾਰ ਨੂੰ ਨੋਟਿਸ ਕਮ-ਮੈਮੋਰੰਡਮ ਦਿੱਤਾ ਜਾਵੇਗਾ। ਆਗੂਆਂ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਸਮੁੱਚੇ ਪੈਨਸ਼ਨਰ ਸਾਥੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਅੱਗੇ 7 ਫ਼ਰਵਰੀ ਨੂੰ ਸਵੇਰੇ 10:00 ਵਜੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇ। ਭੁੱਖ ਹੜ੍ਹਤਾਲ ਉਪਰੰਤ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਹੀ ਭੇਜਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਇਸ ਤੋਂ ਬਾਅਦ ਬਜਟ ਸੈਸ਼ਨ ਨੂੰ ਮੁੱਖ ਰੱਖਦਿਆਂ ਮੁਹਾਲੀ ਵਿਖੇ ਸੂਬਾ ਪੱਧਰੀ ਰੈਲੀ ਫ਼ਰਵਰੀ ਮਹੀਨੇ ਦੇ ਅੰਤ ਤੱਕ ਕੀਤੀ ਜਾਵੇਗੀ। ਇਸ ਮੌਕੇ ਪੈਨਸ਼ਨਰ ਵੈੱਲਫੇਅਰ ਐਸੋ: ਜ਼ਿਲ੍ਹਾ ਸੰਗਰੂਰ ਦੇ ਜਨਰਲ ਸਕੱਤਰ ਆਰ. ਐੱਲ. ਪਾਂਧੀ, ਸੰਗਰੂਰ ਯੂਨਿਟ ਦੇ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਜਨਰਲ ਸਕੱਤਰ ਅਵਿਨਾਸ਼ ਸ਼ਰਮਾ, ਸੁਰਿੰਦਰ ਸਿੰਘ ਸੋਢੀ, ਕਰਨੈਲ ਸਿੰਘ ਸੇਖੋਂ, ਆਲ ਪੈਨਸ਼ਨਰ ਵੈੱਲਫੇਅਰ ਐਸੋ: ਦੇ ਪ੍ਰਧਾਨ ਸੁਰਿੰਦਰ ਕੁਮਾਰ ਵਾਲੀਆ, ਜਨਰਲ ਸਕੱਤਰ ਬਿਕਰ ਸਿੰਘ, ਖਜ਼ਾਨ ਚੰਦ, ਰਾਮ ਲਾਲ ਸ਼ਰਮਾ, ਬਿਜਲੀ ਬੋਰਡ ਦੇ ਜਰਨੈਲ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਪੈਨਸ਼ਨਰ ਮੌਜੂਦ ਸਨ।

## ਕੁਲਬੀਰ ਜ਼ੀਰਾ 'ਤੇ ਫਾਇਰਿੰਗ ਕਰਨ ਵਾਲਿਆਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਸ਼ੇਰ ਖਾਂ ਵਿਖੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ 'ਤੇ ਫਾਈਰਿੰਗ ਕਰਨ ਦੇ ਦੋਸ਼ ਵਿੱਚ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕੁਲਬੀਰ ਸਿੰਘ ਜ਼ੀਰਾ ਪੁੱਤਰ ਸਵ. ਇੰਦਰਜੀਤ ਸਿੰਘ ਵਾਸੀ ਅਵਾਨ ਰੋਡ ਜ਼ੀਰਾ ਨੇ ਦੱਸਿਆ ਕਿ ਉਹ 3 ਫਰਵਰੀ 2025 ਨੂੰ ਆਪਣੀ ਗੱਡੀ ਇਨੋਵਾ ਕ੍ਰਿਸਟਾ ਵਿੱਚ ਸਮੇਤ ਡਰਾਈਵਰ ਗੁਰਦੇਵ, ਪੀਏ ਅਕਾਸ਼ਦੀਪ ਸਿੰਘ, ਗੰਨਮੈਨ ਕਰਨੈਲ ਸਿੰਘ ਵਗੈਰਾ ਨਾਲ ਬਸਤੀ ਬੂਟਾਵਾਲੀ ਤੋਂ ਕਬੱਡੀ ਟੂਰਨਾਮੈਂਟ ਅਟੈਂਡ ਕਰਕੇ ਪਿੰਡ ਅਰਮਾਨਪੁਰਾ ਜਾ ਰਹੇ ਸੀ, ਜਿੱਥੇ ਨੰਬਰਦਾਰ ਅਮਰੀਕ ਸਿੰਘ ਦੇ ਘਰ 30-40 ਮਿੰਟ ਰੁਕ ਕੇ ਵਾਪਸ ਜ਼ੀਰਾ ਨੂੰ ਚੱਲ ਪਏ। ਕੁਲਬੀਰ ਸਿੰਘ ਜ਼ੀਰਾ ਨੇ ਦੱਸਿਆ ਕਿ ਕਰੀਬ 8.10 ਪੀਐੱਮ ਵਜੇ ਉਸ ਦੇ ਡਰਾਈਵਰ ਨੇ ਦੱਸਿਆ ਕਿ ਇਕ ਸ਼ੱਕੀ ਗੱਡੀ ਸਾਡਾ ਪਿੱਛਾ ਕਰ ਰਹੀ ਹੈ ਜੋ ਰਾਹ ਦੇਣ ਦੇ ਬਾਵਜੂਦ ਅੱਗੇ ਨਹੀਂ ਲੰਘ ਰਹੀ ਹੈ ਤੇ ਥੋੜ੍ਹਾ ਅੱਗੇ ਜਾ ਕੇ ਸ਼ੱਕੀ ਗੱਡੀ ਵਿੱਚ ਸਵਾਰਾਂ ਨੇ ਉਸ ਦੀ ਗੱਡੀ 'ਤੇ ਫਾਈਰਿੰਗ ਕਰ ਦਿੱਤੀ।


ਕੁਲਬੀਰ ਸਿੰਘ ਜ਼ੀਰਾ ਨੇ ਦੱਸਿਆ ਕਿ ਉਸ ਨੂੰ ਗੰਨਮੈਨ ਤੇ ਪੀਏ ਨੇ ਦੱਸਿਆ ਕਿ ਦੋ ਫਾਇਰ ਹੋਏ ਹਨ ਤੇ ਉਨ੍ਹਾਂ ਦੀ ਗੱਡੀ ਦਾ ਸੰਤੁਲਨ ਵਿਗੜਣ ਕਰਕੇ ਗੱਡੀ ਕੱਚੇ ਰਸਤੇ ਉੱਤਰ ਗਈ, ਇਸ ਦੇ ਬਾਵਜੂਦ ਸ਼ੱਕੀ ਗੱਡੀ ਸਵਾਰਾਂ ਨੇ 4 ਫਾਇਰ ਹੋਰ ਕਰ ਦਿੱਤੇ। ਕੁਝ ਦੂਰ ਜਾ ਕੇ ਜਦ ਅਸੀਂ ਪਿੰਡ ਕੁੱਲਗੜ੍ਹੀ ਪਹੁੰਚੇ ਤਾਂ ਸਾਡੀ ਗੱਡੀ ਤੇਜ਼ ਹੋਣ ਕਰਕੇ ਪਿੱਛੇ ਲੱਗੀ ਸ਼ੱਕੀ ਗੱਡੀ ਦਿੱਸਣਾ ਬੰਦ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਮਨੁੱਖਤਾ ਦੇ ਭਲੇ ਲਈ 56 ਯੂਨਿਟ ਖ਼ੂਨਦਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿੰਡ ਸੁਰਸਤੀਗੜ੍ਹ ਵਿਖੇ ਧਾਰਮਿਕ ਸਮਾਗਮ ਮੌਕੇ ਗੁਰਦੁਆਰਾ ਸਾਹਿਬ ਵਿਖੇ ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਖੂਨਦਾਨ ਕੈਂਪ ਲਾਇਆ ਗਿਆ, ਜਿਸ ਦਾ ਰਸਮੀ ਉਦਘਾਟਨ ਰਣਜੀਤ ਸਿੰਘ ਬਿੱਟੂ ਤੇ ਅਨਮੋਲਪ੍ਰੀਤ ਸਿੰਘ ਪਿਤਾ-ਪੁੱਤਰ ਨੇ ਇਕੱਠਿਆਂ ਖੂਨਦਾਨ ਕਰਕੇ ਕੀਤਾ। ਖੂਨਦਾਨ ਕੈਂਪ ਪ੍ਰਬੰਧਕ ਮਲਕੀਤ ਸਿੰਘ, ਗੁਰਵਿਦਰ ਸਿੰਘ ਗੈਵੀ, ਰਣਜੀਤ ਸਿੰਘ, ਬਲਦੇਵ ਸਿੰਘ, ਮਾਸਟਰ ਅਜਮੇਰ ਸਿੰਘ, ਸਰਪੰਚ ਰਾਜਵਿੰਦਰ ਸਿੰਘ ਰਾਜਾ ਧੱਜੂ ਤੇ ਗੁਰਪ੍ਰੀਤ ਸਿੰਘ ਕਾਲੂ ਨੇ ਵਧ-ਚੜ੍ਹ ਕੇ ਸਹਿਯੋਗ ਦਿੱਤਾ।ਖੂਨਦਾਨੀਆਂ ਨੂੰ ਸਰਟੀਫਿਕੇਟ ਤੇ ਮੈਡਲ ਦੇ ਕੇ ਸਨਮਾਨਤ ਕਰਦਿਆਂ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਖੂਨਦਾਨ ਦੁਨੀਆਂ ਦਾ ਸਭ ਤੋਂ ਵੱਡਮੁੱਲਾ ਦਾਨ ਹੈ, ਜਿਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਮਿਬਨ ਲਾਲੀ ਤੇ ਹਰਿਆਲੀ ਦੀ 16ਵੀਂ ਵਰ੍ਹੇਗੰਢ ਨੂੰ ਸਮਰਪਤ 5 ਫਰਵਰੀ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਵਿੱਚ 315ਵਾਂ ਖੂਨਦਾਨ ਕੈਂਪ ਸਵੇਰੇ 9 ਤੋਂ 1 ਵਜੇ ਤੱਕ ਲਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਇਸ ਪਰਉਪਕਾਰ ਦੀ ਸੇਵਾ ਵਿੱਚ ਨੌਜਵਾਨਾਂ ਨੂੰ ਵੱਧ ਤੋਂ ਵੱਧ ਭਾਗ ਲੈਣਾ ਚਾਹੀਦਾ ਹੈ ਤਾਂ ਜੁ ਕਿਸੇ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕੀਤੀ ਜਾ ਸਕੇ।

## ਕੈਬਨਿਟ ਮੰਤਰੀ ਹਰਦੀਪ ਮੁੰਡੀਆਂ ਵੱਲੋਂ ਤਹਿਸੀਲ ਦਫ਼ਤਰ ਦੀ ਚੈਕਿੰਗ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਪੰਜਾਬ ਦੇ ਮਾਲ, ਮੁੜ ਵਸੇਬਾ ਤੇ ਆਫਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਕੈਬਨਿਟ ਮੰਤਰੀ ਸ੍ਰ. ਹਰਦੀਪ ਸਿੰਘ ਮੁੰਡੀਆਂ ਨੇ ਇੱਥੇ ਸਥਾਨਕ ਤਹਿਸੀਲ ਦਫ਼ਤਰ ਵਿਖੇ ਅਚਨਚੇਤ ਚੈਕਿੰਗ ਕੀਤੀ।ਇਸ ਦੌਰਾਨ ਉਨ੍ਹਾਂ ਵੱਲੋਂ ਸਬ-ਰਜਿਸਟਰਾਰ ਦਫ਼ਤਰ, ਫ਼ਰਦ ਕੇਂਦਰ ਤੇ ਹੋਰ ਵੱਖ-ਵੱਖ ਬਰਾਂਚਾਂ ਦਾ ਦੌਰਾ ਕਰਕੇ ਨਰੀਖਣ ਕੀਤਾ ਗਿਆ।ਇਸ ਮੌਕੇ ਉਨ੍ਹਾ ਨਾਲ ਚੇਅਰਮੈਨ ਪੰਜਾਬ ਮੀਡੀਅਮ ਇੰਡਸਟ੍ਰੀਜ਼ ਡਿਵੈਲਪਮੈਂਟ ਬੋਰਡ ਨੀਲ ਗਰਗ ਤੇ ਚੇਅਰਮੈਨ ਸ਼ੂਗਰਫੈੱਡ ਪੰਜਾਬ ਨਵਦੀਪ ਜੀਦਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਕੈਬਨਿਟ ਮੰਤਰੀ ਸ੍ਰ. ਮੁੰਡੀਆਂ ਨੇ ਸਬ-ਰਜਿਸਟਰਾਰ ਦਫ਼ਤਰ ਦੀ ਚੈਕਿੰਗ ਦੌਰਾਨ ਹਦਾਇਤ ਕੀਤੀ ਕਿ ਰਜਿਸਟਰੀ ਮੌਕੇ ਖ਼ਰੀਦਦਾਰ ਤੇ ਵੇਚਣ ਵਾਲੇ ਦੋਵਾਂ ਦਾ ਹੋਣਾ ਲਾਜ਼ਮੀ ਬਣਾਇਆ ਜਾਵੇ ਅਤੇ ਸੀ.ਸੀ.ਟੀ.ਵੀ. ਕੈਮਰੇ ਹਮੇਸ਼ਾ ਚਾਲੂ ਹਾਲਤ ਵਿੱਚ ਰੱਖੇ ਜਾਣ।ਫ਼ਰਦ ਕੇਂਦਰ ਦੇ ਨਰੀਖਣ ਦੌਰਾਨ ਉਨ੍ਹਾਂ ਆਦੇਸ਼ ਦਿੱਤੇ ਕਿ ਕੰਮ ਕਰਵਾਉਣ ਵਾਲੇ ਹਰੇਕ ਵਿਅਕਤੀ ਨੂੰ ਟੋਕਨ ਦੇਣਾ ਅਤੇ ਉਸ ਦਾ ਸਮੇਂ-ਸਿਰ ਕੰਮ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕੋਈ ਵੀ ਪੈਂਡਿੰਗ ਇੰਤਕਾਲ ਨਾ ਰਹਿਣ ਦਿੱਤਾ ਜਾਵੇ।ਇਸ ਦੌਰਾਨ ਉਨ੍ਹਾਂ ਵੱਲੋਂ ਰਜਿਸਟਰੀ ਬਰਾਂਚ ਦਾ ਵੀ ਦੌਰਾ ਕਰਕੇ ਨਰੀਖਣ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ।ਉਨ੍ਹਾਂ ਦਾ ਸੁਪਨਾ ਹੈ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ ਦਾ ਲੋਕਾਂ ਨੂੰ ਲਾਹਾ ਮਿਲੇ।ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਸੂਬੇ ਅੰਦਰ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬਿਹਤਰ ਤੇ ਸਮਾਂਬੱਧ ਸੇਵਾਵਾਂ ਮਿਲ ਰਹੀਆਂ ਹਨ।ਚੈਕਿੰਗ ਦੌਰਾਨ ਜੋ ਵੀ ਥੋੜ੍ਹੀ ਬਹੁਤ ਕਮੀ ਦੇਖਣ ਨੂੰ ਮਿਲੀ ਹੈ, ਉਸ ਸਬੰਧੀ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਕੰਮਕਾਜ ਲਈ ਆਏ ਲੋਕਾਂ ਨਾਲ ਵੀ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਦਫ਼ਤਰੀ ਕੰਮਕਾਜ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਸਰਕਾਰ ਉਨ੍ਹਾਂ ਨੂੰ ਸੇਵਾਵਾਂ ਸਮੇਂ-ਸਿਰ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਬਲਕਰਨ ਸਿੰਘ ਮਾਹਲ, ਤਹਿਸੀਲਦਾਰ ਮੈਡਮ ਦਿਵਿਆ ਸਿੰਗਲਾ ਆਦਿ ਹਾਜ਼ਰ ਸਨ।

## ਕੇਜਰੀਵਾਲ ਵੱਲੋਂ ਲੁਧਿਆਣਾ ਦੇ ਮੇਅਰ ਨੂੰ ਥਾਪੜਾ


**ਦੋਰਾਹਾ (ਹਰਮਿੰਦਰ ਸੇਠ)**-'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਲੁਧਿਆਣਾ ਦੀ ਨਵ-ਨਿਯੁਕਤ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਥਾਪੜਾ ਦਿੱਤਾ ਗਿਆ।ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਤੋਂ ਲੁਧਿਆਣਾ ਸ਼ਹਿਰ ਬਾਰੇ ਜਾਣਕਾਰੀ ਲੈਂਦਿਆਂ ਕਿਹਾ ਕਿ ਉਹ ਪੂਰੀ ਇਮਾਨਦਾਰੀ ਨਾਲ ਕੰਮ ਕਰਨ, ਜੇਕਰ ਉਨ੍ਹਾਂ ਕੋਈ ਵੀ ਸਮੱਸਿਆ ਆਉਂਦੀ ਆ ਤਾਂ ਉਹ ਹਰ ਸਮੇਂ ਉਹਨਾਂ ਲਈ ਹਾਜ਼ਰ ਹਨ । ਇਸ ਸਮੇਂ ਅਰਵਿੰਦ ਕੇਜਰੀਵਾਲ ਦੀ ਧਰਮਪਤਨੀ ਤੇ ਬੇਟੀ ਨੇ ਵੀ ਪ੍ਰਿੰਸੀਪਲ ਇੰਦਰਜੀਤ ਕੌਰ ਨਾਲ ਮੁਲਾਕਾਤ ਕੀਤੀ।ਦਿੱਲੀ ਵੋਟਾਂ ਵਿੱਚ ਵੀ ਪ੍ਰਿੰਸੀਪਲ ਇੰਦਰਜੀਤ ਕੌਰ ਤੇ ਅਰਵਿੰਦ ਕੇਜਰੀਵਾਲ ਦੀ ਧਰਮਪਤਨੀ ਤੇ ਬੇਟੀ ਵੱਲੋਂ ਇਕਠੀਆਂ ਹੀ ਚੋਣ ਪ੍ਰਚਾਰ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਦਿੱਲੀ ਦੇ ਲੋਕਾਂ ਨੂੰ ਪੰਜਾਬ ਵਿੱਚ ਮਿਲ ਰਹੀਆਂ ਸਹੂਲਤਾਂ ਬਾਰੇ ਵੀ ਦੱਸਿਆ।ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਚੋਣਾਂ ਵਿੱਚ ਆਪ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਦਰਜ ਕਰੇਗੀ।



## ਬੈਕਫਿੰਕੋ ਵੱਲੋਂ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ ਭਲਕੇ

**ਬਠਿੰਡਾ (ਪਰਵਿੰਦਰਜੀਤ ਸਿੰਘ)**-ਪੰਜਾਬ ਸਰਕਾਰ ਦੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ ਦੀ ਅਗਵਾਈ, ਕਾਰਜਕਾਰੀ ਡਾਇਰੈਕਟਰ ਸੰਦੀਪ ਹੰਸ ਦੀ ਰਹਿਨੁਮਾਈ ਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਦੇਖ-ਰੇਖ ਹੇਠ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌ ਵਿਕਾਸ ਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਵੱਲੋਂ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ 7 ਫਰਵਰੀ ਨੂੰ ਸਵੇਰੇ 11 ਵਜੇ ਕੋਟਸ਼ਮੀਰ (ਨੇੜੇ ਵੱਡਾ ਖੂਹ) ਵਿਖੇ ਲਗਾਇਆ ਜਾਵੇਗਾ। ਇਹ ਜਾਣਕਾਰੀ ਫੀਲਡ ਅਫਸਰ ਗੁਰਮੀਤ ਸਿੰਘ ਨੇ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਬੇਰੁਜ਼ਗਾਰ ਵਿਅਕਤੀਆਂ ਲਈ ਸਵੈ-ਰੋਜ਼ਗਾਰ ਧੰਦੇ ਸਥਾਪਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮਾਂ ਤਹਿਤ ਬੈਕਫਿੰਕੋ ਬਠਿੰਡਾ ਵੱਲੋਂ ਆਰਥਿਕ ਤੌਰ 'ਤੇ ਕੰਮਜ਼ੋਰ ਵਰਗ, ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਵਰਗ ਦੇ ਵਿਅਕਤੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਪੰਜਾਬ ਸਰਕਾਰ ਤੇ ਰਾਸ਼ਟਰੀ ਕਾਰਪੋਰੇਸ਼ਨਾਂ ਦੇ ਸਹਿਯੋਗ ਨਾਲ ਦਿੱਤੇ ਜਾਂਦੇ ਕਰਜ਼ਿਆਂ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।

## ਮੂਨਕ ਬਲਾਕ ਦੇ ਸਕੂਲਾਂ ਦਾ ਇੱਕ ਰੋਜ਼ਾ ਵਿੱਦਿਅਕ ਟੂਰ



**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 4 ਫਰਵਰੀ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਤਰਵਿੰਦਰ ਕੌਰ ਤੇ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਮਨਜੀਤ ਕੌਰ ਦੀ ਅਗਵਾਈ ਹੇਠ ਮੂਨਕ ਬਲਾਕ ਦੇ ਸਕੂਲਾਂ ਦਾ ਇਕ ਦਿਨ ਦਾ ਟੂਰ ਕਰਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਅਰੁਣ ਗਰਗ ਬਲਾਕ ਨੋਡਲ ਅਫ਼ਸਰ ਮੂਨਕ ਨੇ ਦੱਸਿਆ ਕਿ ਬਲਾਕ ਦੇ ਅੱਠਵੀਂ 'ਚੋਂ ਪਹਿਲੀਆਂ 500 ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੇ ਇਸ ਟੂਰ ਵਿੱਚ ਹਿੱਸਾ ਲਿਆ। ਵਿਦਿਆਰਥੀਆਂ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨ ਕੀਤੇ ਗਏ।ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਦਿੰਦਿਆਂ ਮਾਨਵਤਾ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਉਪਰੰਤ ਵਿਦਿਆਰਥੀਆਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਵਿਖੇ ਲਾਇਬ੍ਰੇਰੀ, ਮੈਥ ਡਿਪਾਰਟਮੈਂਟ, ਸਾਇੰਸ ਵਿਭਾਗ, ਏ ਆਈ ਵਿਭਾਗ, ਖੇਡ ਵਿਭਾਗ ਦਾ ਦੌਰਾ ਕੀਤਾ ਗਿਆ।ਇਸ ਸਮੇਂ ਦੌਰਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਸੰਦੀਪ ਕਾਂਸਲ ਵੱਲੋਂ ਵਿਦਿਆਰਥੀਆਂ ਨੂੰ ਕੈਰੀਅਰ ਗਾਇਡੈਂਸ ਸਬੰਧੀ ਨੁਕਤੇ ਸਾਂਝੇ ਕੀਤੇ ਗਏ। ਵਿਦਿਆਰਥੀਆਂ ਵੱਲੋਂ ਬਣਾਏ ਦੀਵੇ ਤੇ ਹੋਰ ਸਜਾਵਟੀ ਸਾਮਾਨ ਨੂੰ ਵਾਈਸ ਚਾਂਸਲਰ ਨੂੰ ਭੇਟ ਕੀਤਾ।ਹੈੱਡ ਮਿਸਟ੍ਰੈੱਸ ਅਮਨਦੀਪ ਕੌਰ ਨੇ ਕਿਹਾ ਕਿ ਇਹ ਦੌਰਾ ਵਿਦਿਆਰਥੀਆਂ ਦੀ ਵਿੱਦਿਅਕ ਤੇ ਵਿਅਕਤੀਗਤ ਵਿਕਾਸ ਲਈ ਬਹੁਤ ਲਾਭਦਾਇਕ ਰਿਹਾ।ਇਸ ਤਰ੍ਹਾਂ ਦੀਆਂ ਯਾਤਰਾਵਾਂ ਉਨ੍ਹਾਂ ਵਿੱਚ ਨਵੀਂ ਜਿਗਿਆਸਾ ਤੇ ਵਿੱਦਿਆ ਦੀ ਲਾਲਸਾ ਜਗਾਉਂਦੀਆਂ ਹਨ।ਇਸ ਮੌਕੇ ਮਾਸਟਰ ਕਰਨੈਲ ਸਿੰਘ, ਮਾਸਟਰ ਕੁਲਵਿੰਦਰ ਸਿੰਘ, ਮਾਸਟਰ ਗੁਰਲਾਲ ਸਿੰਘ, ਮਾਸਟਰ ਬਲਵਿੰਦਰ ਭੁੱਕਲ, ਬਲਜੀਤ ਸਿੰਘ, ਬਲਕਾਰ ਸਿੰਘ, ਹਰਪ੍ਰੀਤ ਸਿੰਘ, ਮੈਡਮ ਮਨਜੀਤ ਕੌਰ, ਨੀਰੂ ਰਾਣੀ, ਕਮਲ ਕੌਰ, ਪੂਜਾ ਰਾਣੀ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

## ਡੀ ਸੀ ਵੱਲੋਂ ਜਵਾਹਰ ਨਵੋਦਿਆ ਵਿਦਿਆਲਿਆ ਕਮੇਟੀ ਮੈਂਬਰਾਂ ਨਾਲ ਮੀਟਿੰਗ

**ਫਾਜ਼ਿਲਕਾ (ਨਿਸ਼ਾ ਸ਼ਰਮਾ)**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਜਵਾਹਰ ਨਵੋਦਿਆ ਵਿਦਿਆਲਿਆ ਕਿੱਕਰ ਵਾਲਾ ਰੂਪਾ ਕਮੇਟੀ ਮੈਂਬਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਕਮੇਟੀ ਮੈਂਬਰਾਂ ਨਾਲ ਕੈਂਪਸ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਵੱਖ-ਵੱਖ ਪਹਿਲੂਆਂ 'ਤੇ ਵਿਚਾਰ-ਚਰਚਾ ਕੀਤੀ।ਸੰਸਥਾ ਦੇ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਵਰਮਾ ਨੇ ਡਿਪਟੀ ਕਮਿਸ਼ਨਰ ਨੂੰ ਜਾਣੂੰ ਕਰਵਾਇਆ ਕਿ ਕੈਂਪਸ ਵਿਖੇ ਲੱਗਭਗ 350 ਦੇ ਕਰੀਬ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੈਂਪਸ ਨੂੰ ਬਾਖੂਬੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਉਨ੍ਹਾਂ ਵਿਦਿਆਲਿਆ ਵਿਖੇ ਹੋਰ ਲੋੜੀਂਦੀਆਂ ਸਹੂਲਤਾਂ ਬਾਰੇ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆਂਦਾ ਜਿਸ ਦੀ ਪੂਰਤੀ ਸਬੰਧੀ ਸਕੂਲ ਪ੍ਰਿੰਸੀਪਲ ਨੂੰ ਵਿਸ਼ਵਾਸ ਦਿਵਾਇਆ ਗਿਆ।ਇਸ ਮੌਕੇ ਡਿਪਟੀ ਡੀ.ਈ.ਓ ਪੰਕਜ ਅੰਗੀ, ਸਿਹਤ ਵਿਭਾਗ ਤੋਂ ਡਾ. ਪੰਕਜ ਚੌਹਾਨ, ਪਿੰਡ ਦੇ ਸਰਪੰਚ, ਪੀ.ਐਸ.ਪੀ.ਸੀ.ਐਲ ਤੋਂ ਕਾਰਜਕਾਰੀ ਇੰਜੀਨੀਅਰ, ਸਕੂਲ ਸਟਾਫ ਸ੍ਰੀ ਸੰਜੈ ਆਦਿ ਮੌਜੂਦ ਸਨ। ਪ੍ਰਿੰਸੀਪਲ ਨੇ ਦੱਸਿਆ ਕਿ ਵਿਦਿਆਲਿਆ ਵਿੱਚ ਵਿਦਿਅਕ ਸੈਸ਼ਨ202526 ਦੌਰਾਨ ਨੌਵੀਂ ਅਤੇ ਗਿਆਰਵੀਂ ਜਮਾਤ ਦੀ ਪ੍ਰੀਖਿਆ 8 ਫਰਵਰੀ 2025 ਦਿਨ ਸ਼ਨੀਵਾਰ ਨੂੰ ਹੋਵੇਗੀ। ਪ੍ਰਾਰਥੀ ਆਪਣਾ ਪ੍ਰਵੇਸ਼ ਪੱਤਰ ਵੈਬਸਾਈਟ www.navodaya.gov.in 'ਤੇ ਉਪਲੱਬਧ ਲਿੰਕ ਦੇ ਮਾਧਿਅਮ ਰਾਹੀਂ ਡਾਊਨਲੋਡ ਕਰ ਸਕਦੇ ਹਨ ਜਾਂ ਨਵੋਦਿਆਂ ਵਿਦਿਆਲਿਆ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਹੈਲਪਲਾਈਨ ਮੋਬਾਇਲ ਨੰ: 93830-32160 ਤੇ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ।

## ਬਸਪਾ ਆਗੂਆਂ ਨੇ ਐੱਸ ਐੱਚ ਓ ਨੂੰ ਕੀਤਾ ਸਨਮਾਨਤ



**ਭੀਖੀ (ਧਰਮਵੀਰ ਸ਼ਰਮਾ)**-ਬਹੁਜਨ ਸਮਾਜ ਪਾਰਟੀ ਵਲੋਂ ਥਾਣਾ ਭੀਖੀ ਦੇ ਐਸ.ਐਚ.ਓ. ਸੁਖਜੀਤ ਸਿੰਘ ਨੂੰ ਉਨ੍ਹਾਂ ਦੀ ਵਧੀਆ ਕਾਰਗੁਜ਼ਾਰੀ ਲਈ ਸਨਮਾਨਤ ਕੀਤਾ ਗਿਆ। ਇਸ ਮੌਕੇ ਬਸਪਾ ਦੇ ਜ਼ਿਲ੍ਹਾ ਇੰਚਾਰਜ ਸਰਵਰ ਕੁਰੈਸ਼ੀ ਨੇ ਕਿਹਾ ਕਿ ਸੁਖਜੀਤ ਸਿੰਘ ਦੇ ਥਾਣਾ ਮੁਖੀ ਬਣਨ ਤੋਂ ਬਾਅਦ ਇਲਾਕੇ ਅੰਦਰ ਮਾੜੇ ਅਨਸਰਾਂ ਨੂੰ ਠੱਲ੍ਹ ਪਈ ਹੈ ਅਤੇ ਸ਼ਹਿਰ ਅੰਦਰ ਪਿਛਲੇ ਦਿਨਾਂ ਵਿੱਚ ਹੋਈਆਂ ਚੋਰੀ ਦੀਆਂ ਵਾਰਦਾਤਾਂ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸ਼ਹਿਰ ਵਾਸੀਆਂ ਨੂੰ ਰਾਹਤ ਦਿਵਾਈ ਹੈ।ਉਨ੍ਹਾਂ ਕਿਹਾ ਕਿ ਥਾਣਾ ਮੁਖੀ ਵਲੋਂ ਸ਼ਹਿਰ ਅੰਦਰ ਲਾਅ ਐਂਡ ਆਰਡਰ ਕਾਇਮ ਰੱਖਣ ਲਈ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ।ਇਸ ਮੌਕੇ ਥਾਣਾ ਮੁਖੀ ਸੁਖਜੀਤ ਸਿੰਘ ਨੇ ਬਸਪਾ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਥਾਣੇ ਅੰਦਰ ਆਉਣ ਵਾਲੇ ਹਰ ਇੱਕ ਨਾਗਰਿਕ ਦਾ ਸਨਮਾਨ ਕੀਤਾ ਜਾਵੇਗਾ ਅਤੇ ਕਿਸੇ ਵੀ ਗਲਤ ਅਨਸਰ ਨੂੰ ਬਖਸ਼ਿਆ ਨਹੀ ਜਾਵੇਗਾ।ਇਸ ਮੌਕੇ ਸੁਖਦੇਵ ਸਿੰਘ, ਕੌਰ ਸਿੰਘ ਫੌਜੀ, ਜੋਗਿੰਦਰ ਸਿੰਘ, ਗੁਰਪਿਆਰ ਸਿੰਘ, ਹਰਦੀਪ ਗੁੱਗੀ, ਧਾਰਮਿਕ ਆਗੂ ਮੌਲਾਨਾ ਨਿਆਜ ਭੀਖੀ ਹਾਜ਼ਰ ਸਨ।

### ਮਾਮਲਾ ਸਰਕਾਰੀ ਤੇ ਗੈਰ-ਸਰਕਾਰੀ ਜਾਇਦਾਦਾਂ 'ਤੇ ਕਬਜ਼ੇ ਦਾ

# ਸਮਾਜ ਸੇਵੀ ਅਜੇ ਸੂਦ ਨੇ ਵਿਧਾਇਕਾ ਤੇ ਜ਼ਿਲ੍ਹਾ ਪ੍ਰਧਾਨ ਖਿਲਾਫ ਮੁੱਖ ਮੰਤਰੀ ਨੂੰ ਭੇਜੀ ਸ਼ਿਕਾਇਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ 75 ਸਾਲਾ ਸੀਨੀਅਰ ਸਿਟੀਜਨ ਤੇ ਸਮਾਜ ਸੇਵੀ ਅਜੇ ਗੋਰਾ ਸੂਦ ਨੇ ਮੋਗਾ ਦੀ ਵਿਧਾਇਕਾ ਅਮਨਦੀਪ ਕੌਰ ਅਰੋੜਾ ਤੇ ਜ਼ਿਲ੍ਹਾ ਪ੍ਰਧਾਨ ਅਤੇ ਪਲਾਨਿੰਗ ਬੋਰਡ ਦੇ ਚੇਅਰਮੈਨ ਹਰਮਨਦੀਪ ਸਿੰਘ ਬਰਾੜ ਦੇ ਖਿਲਾਫ ਸਰਕਾਰੀ ਤੇ ਗੈਰ-ਸਰਕਾਰੀ ਜਾਇਦਾਦਾਂ ਉਪਰ ਕਬਜ਼ੇ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨੂੰ ਇੱਕ ਲਿਖਤੀ ਸ਼ਿਕਾਇਤ ਭੇਜੀ ਹੈ। ਜ਼ਿਕਰਯੋਗ ਹੈ ਕਿ ਵਿਧਾਇਕ ਅਮਨਦੀਪ ਕੌਰ ਅਰੋੜਾ ਵੱਲੋਂ ਅਜੇ ਗੋਰਾ ਸੂਦ ਤੇ ਪੱਤਰਕਾਰ ਮਹਿੰਦਰ ਪਾਲ ਲੂੰਬਾ ਨੂੰ 27 ਜਨਵਰੀ ਨੂੰ ਮਾਣਹਾਨੀ ਨੋਟਿਸ ਭੇਜੇ ਗਏ ਸਨ, ਜਿਸ ਤੋਂ ਇਹ ਮਸਲਾ ਹੋਰ ਭਖ ਗਿਆ ਹੈ। 15 ਦਸੰਬਰ 2024 ਨੂੰ ਆਪ ਦੇ ਸਾਬਕਾ ਆਗੂ ਐਡਵੋਕੇਟ ਰਮੇਸ਼ ਗਰੋਵਰ ਨੇ ਪ੍ਰੈੱਸ ਕਾਨਫਰੰਸ ਕਰਕੇ ਵਿਧਾਇਕ ਅਮਨਦੀਪ ਕੌਰ ਅਰੋੜਾ ਅਤੇ ਹਰਮਨਦੀਪ ਸਿੰਘ ਬਰਾੜ ਤੇ ਪੰਜ ਸਰਕਾਰੀ ਅਤੇ ਗੈਰ-ਸਰਕਾਰੀ ਜਾਇਦਾਦਾਂ ਉਪਰ ਆਪਣੇ ਨੇੜਲੇ ਰਿਸ਼ਤੇਦਾਰਾਂ ਦਾ ਕਬਜ਼ਾ ਕਰਵਾਉਣ ਦੇ ਦੋਸ਼ ਲਗਾਏ ਸਨ, ਜਿਨ੍ਹਾਂ ਵਿੱਚੋਂ ਇੱਕ ਦੋਸ਼ ਰੇਲਵੇ ਰੋਡ ਮੋਗਾ ਸਥਿਤ ਮਾਰਕੀਟ ਕਮੇਟੀ ਦੀ ਜਾਇਦਾਦ ਸਬੰਧੀ ਸੀ, ਜਿਸ ਵਿੱਚ ਯਸ਼ਪਾਲ ਸਿੰਗਲਾ ਦੀ ਮਾਲਕੀ ਖੜੀ ਕਰਕੇ ਕਬਜ਼ਾ ਕਰਨ ਦੇ ਦੋਸ਼ ਲਗਾਏ ਗਏ ਸਨ, ਜਿਸ ਦਾ ਪਹਿਲਾਂ ਵਿਧਾਇਕਾ ਦੇ ਮਾਮਾ ਜੀ ਦੇ ਨਾਮ ਬਿਆਨਾ ਕਰਵਾਇਆ ਗਿਆ ਤੇ ਕਬਜ਼ਾ ਨਾ ਦਿਵਾ ਸਕਣ 'ਤੇ ਹਰਮਨਦੀਪ ਸਿੰਘ ਬਰਾੜ ਨੇ ਆਪਣੇ ਕਰੀਬੀ ਦੇ ਨਾਮ ਰਜਿਸਟਰੀ ਕਰਵਾ ਲਈ ਗਈ। ਇਸ ਸਬੰਧੀ ਅਜੇ ਗੋਰਾ ਸੂਦ ਤੇ ਯਸ਼ਪਾਲ ਸਿੰਗਲਾ ਨੇ ਇੱਕ ਯੂਟਿਊਬ ਚੈਨਲ 'ਤੇ ਸੱਚਾਈ ਲੋਕਾਂ ਸਾਹਮਣੇ ਰੱਖੀ ਸੀ, ਜਿਸ ਤੋਂ ਨਾਰਾਜ਼ ਹੋ ਕੇ ਵਿਧਾਇਕ ਅਮਨਦੀਪ ਕੌਰ ਅਰੋੜਾ ਨੇ ਅਜੇ ਗੋਰਾ ਸੂਦ ਤੇ ਚੈਨਲ ਦੇ ਮਾਲਕ ਮਹਿੰਦਰ ਪਾਲ ਲੂੰਬਾ ਨੂੰ ਮਾਣਹਾਨੀ ਨੋਟਿਸ ਭੇਜੇ ਗਏ ਹਨ। ਇਨ੍ਹਾਂ ਵੱਲੋਂ 29 ਜਨਵਰੀ ਨੂੰ ਐੱਸ ਐੱਸ ਪੀ ਮੋਗਾ ਨੂੰ ਵੀ ਸ਼ਿਕਾਇਤ ਦੇ ਕੇ ਇਨ੍ਹਾਂ ਜਾਇਦਾਦਾਂ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਸੀ ਤੇ ਹੁਣ ਮੁੱਖ ਮੰਤਰੀ ਪੋਰਟਲ 'ਤੇ ਸ਼ਿਕਾਇਤ ਪਾ ਕੇ ਉਨ੍ਹਾਂ ਫਿਰ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ ਤਾਂ ਜੋ ਮੋਗਾ ਦੇ ਲੋਕਾਂ ਨੂੰ ਸੱਚਾਈ ਦਾ ਪਤਾ ਲੱਗ ਸਕੇ।

## ਦੇਸ ਭਗਤ ਗਲੋਬਲ ਸਕੂਲ 'ਚ ਕਰਾਇਆ ਇੰਟਰ ਕਲਾਸ ਡਾਂਸ ਮੁਕਾਬਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਦੇਸ ਭਗਤ ਗਲੋਬਲ ਸਕੂਲ ਵਿਖੇ ਜੂਨੀਅਰ ਵਿੰਗ ਦੇ ਬੱਚਿਆਂ ਦਾ ਇੰਟਰ ਕਲਾਸ ਡਾਂਸ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਯੂਕੇਜੀ (ਏਂਜਲ), ਦੂਸਰੇ ਸਥਾਨ ਤੇ ਯੂਕੇਜੀ (ਵੰਡਰ), ਤੀਸਰੇ ਸਥਾਨ ਤੇ ਕ੍ਰਮਵਾਰ ਐੱਲ ਕੇ ਜੀ (ਵੰਡਰ) ਤੇ ਨਰਸਰੀ (ਏਂਜਲ) ਜਮਾਤਾਂ ਰਹੀਆਂ। ਜੇਤੂ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਬੱਚਿਆਂ ਦਾ ਮਾਨਸਿਕ, ਸਰੀਰਕ ਵਿਕਾਸ ਹੁੰਦਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਬੱਚੇ ਜੂਨੀਅਰ ਸੈਕਸ਼ਨ ਤੋਂ ਹੀ ਆਪਣੇ ਆਪ ਨੂੰ ਵਧੀਆ ਵਿਕਸਿਤ ਕਰਨ ਤਾਂ ਜੋ ਭਵਿੱਖ 'ਚ ਉਨ੍ਹਾਂ ਨੂੰ ਕਿਸੇ ਵੀ ਪ੍ਰਸਥਿਤੀ ਵਿੱਚ ਆਪਣੇ ਆਪ ਨੂੰ ਹਾਰਿਆ ਹੋਇਆ ਨਾ ਮਹਿਸੂਸ ਕਰਨ। ਇਸ ਮੌਕੇ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਤੇ ਸਮੂਹ ਸਟਾਫ ਨੇ ਜੇਤੂ ਬੱਚਿਆਂ ਨੂੰ ਬਹੁਤ ਬਹੁਤ ਵਧਾਈ ਦਿੱਤੀ। ਇਸ ਮੌਕੇ ਡਾਕਟਰ ਦਿਲਬਾਗ ਸਿੰਘ ਡਾਇਰੈਕਟਰ ਦੇਸ ਭਗਤ ਕੈਂਪਸ, ਮੈਡਮ ਰੁਪਿੰਦਰ ਕੌਰ ਬੁੱਟਰ, ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼, ਡਾਕਟਰ ਮੁਨੀਸ਼ ਜੋਸ਼ੀ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਫਾਰਮੇਸੀ, ਮੇਜਰ ਸਿੰਘ ਸੁਪ੍ਰਿੰਟੈਂਡੈਂਟ ਦੇਸ ਭਗਤ ਕੈਂਪਸ, ਮਨਜਿੰਦਰ ਕੌਰ ਵਾਈਸ ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ, ਨਵਦੀਪ ਸਿੰਘ ਅਕਾਊਂਟੈਂਟ ਦੇਸ ਭਗਤ ਕੈਂਪਸ, ਦਿਲਬਾਗ ਸਿੰਘ ਸੁਪਰਵਾਈਜ਼ਰ ਦੇਸ ਭਗਤ ਕੈਂਪਸ ਅਤੇ ਸਮੂਹ ਸਟਾਫ ਹਾਜ਼ਰ ਸੀ।


AXIS BANK

**Retail Assets Center:** AXIS Bank Ltd., "2nd and 3rd Floor, Property No. 7-E, Malhar Road, Saraabha Nagar, Ludhiana -141001.
**Retail Assets Center:** AXIS Bank Ltd., 3rd Floor, SCO 367-368, Above Akash Institute, Sector 34A, Chandigarh -160022.
**Corporate Office:** 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025.
**Registered Office:** 'Trishul', 3rd floor, Opposite Samartheswar Temple, Law Garden, Ellisbridge, Ahmedabad-380006.

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਦੀਆਂ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸ ਤੇ ਪਤਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਖੜੀ ਰਕਮ | ਕਰਜ਼ੇ ਦੀ ਰਕਮ | ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ |
|---|---|---|---|---|---|---|
| 1. ਸ੍ਰੀ ਕਮਲੇਸ਼ ਮਾਰਫਤ ਪਹਿਲਾਦ ਸਿੰਘ # 1044-ਡਾਬਰਾ ਚੌਕ, ਅਰਬਨ ਅਸਟੇਟ-2, ਹਿਸਾਰ-125001, ਵਿਖੇ ਵੀ : ਸ੍ਰੀ ਕਮਲੇਸ਼ ਮਾਰਫਤ ਪਹਿਲਾਦ ਸਿੰਘ, ਮਕਾਨ ਨੰ. 29 ਬਾਲਾਜੀ ਹੋਮਜ਼, ਪਿੰਡ ਝੰਗੀਆਂ, ਖਰੜ, ਖਰੜ-140301 | 2. ਸ੍ਰੀ ਪਹਿਲਾਦ ਸਿੰਘ ਮਾਰਫਤ ਆਦਰਮ # 1044 ਡਾਬਰਾ ਚੌਕ, ਅਰਬਨ ਅਸਟੇਟ-2, ਹਿਸਾਰ-125001 3. ਸ੍ਰੀ ਸ਼ੁਭਮ ਮਾਰਫਤ ਪਹਿਲਾਦ ਸਿੰਘ # 1044 ਡਾਬਰਾ ਚੌਕ, ਅਰਬਨ ਅਸਟੇਟ-2, ਹਿਸਾਰ-125001 | 04 ਦਸੰਬਰ 2024 | 27 ਦਸੰਬਰ 2024 | ਰੁਪਏ 30,56,880/- (ਰੁਪਏ ਤੀਹ ਲੱਖ ਛਪੰਜਾ ਹਜ਼ਾਰ ਅੱਠ ਸੌ ਅੱਸੀ ਕੇਵਲ) | ਰੁਪਏ 30,00,000/- (ਰੁਪਏ ਤੀਹ ਲੱਖ ਕੇਵਲ) | ਜਾਇਦਾਦ ਮਕਾਨ ਨੰ. 29, ਪੈਮਾਇਸ਼ 00 ਕਨਾਲ 2-19/20 ਮਰਲੇ (88.5 ਵਰਗ ਗਜ਼) ਦੇ ਸਾਰੇ ਹਿੱਸੇ, ਖੇਵਟ/ਖਤੌਨੀ ਨੰ. 186/195 ਖਸਰਾ ਨੰ. 16//13 (8-0), 16//14 (8-0), ਕਿੱਤੇ 02 ਵਿੱਚ ਸ਼ਾਮਲ ਜ਼ਮੀਨ ਰਕਬਾ 16 ਕਨਾਲ 00 ਮਰਲੇ ਵਿੱਚੋਂ 59/6400 ਹਿੱਸਾ ਅਰਥਾਤ 00 ਕਨਾਲ 2-19/20 ਮਰਲੇ, ਜੋ ਬਾਲਾਜੀ ਹੋਮਜ਼ ਪਿੰਡ ਝੰਗੀਆਂ ਹਦਬੱਸਤ ਨੰ. 29 ਐੱਮ. ਸੀ. ਅਤੇ ਤਹਿਸੀਲ ਖਰੜ ਅਤੇ ਜ਼ਿਲ੍ਹਾ ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ ਵਿਖੇ ਸਥਿਤ ਹੈ। ਹੱਦਾਂ (ਵਿਕਰੀ ਬੈਨਾਮੇ ਅਨੁਸਾਰ) ਪੂਰਬ : ਐੱਨ. ਏ., ਪੱਛਮ : ਐੱਨ. ਏ., ਉੱਤਰ : ਐੱਨ. ਏ., ਦੱਖਣ : ਐੱਨ. ਏ. |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਰਹਿਣਕਾਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ।

ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 06-02-2025, ਸਥਾਨ : ਪੰਜਾਬ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਸਟੇਟ ਬੈਂਕ 'ਚ ਹੋਏ ਕਰੋੜਾਂ ਦੇ ਘਪਲੇ 'ਚ ਸ਼ਾਮਲ ਦੋ ਮੁਲਜ਼ਮ ਗ੍ਰਿਫ਼ਤਾਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਪੰਜਾਬ ਵਿਜੀਲੈਂਸ ਬਿਊਰੋ ਨੇ ਸਟੇਟ ਬੈਂਕ ਆਫ ਇੰਡੀਆ (ਹੁਣ ਸਟੇਟ ਬੈਂਕ ਆਫ ਇੰਡੀਆ) ਬਰਾਂਚ ਸੁਲਤਾਨਪੁਰ ਲੋਧੀ ਜ਼ਿਲਾ ਕਪੂਰਥਲਾ ਵਿੱਚ ਹੋਏ ਬਹੁ-ਕਰੋੜੀ ਘਪਲੇ ਵਿੱਚ ਨਾਮਜ਼ਦ ਮੁਲਜ਼ਮ ਸਤਨਾਮ ਸਿੰਘ ਅਤੇ ਮੁਲਜ਼ਮ ਸਰਬਜੀਤ ਸਿੰਘ ਨੰਬਰਦਾਰ, ਦੋਵੇਂ ਵਾਸੀ ਪਿੰਡ ਸਰੂਪਵਾਲ ਤਹਿਸੀਲ ਸੁਲਤਾਨਪੁਰ ਲੋਧੀ ਨੂੰ ਗ੍ਰਿਫਤਾਰ ਕੀਤਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸੱਤ ਸਾਲ ਪਹਿਲਾਂ ਦਰਜ ਵਿਜੀਲੈਂਸ ਇਨਕੁਆਰੀ ਦੀ ਪੜਤਾਲ ਦੇ ਅਧਾਰ ਤੇ ਮੁਕੱਦਮਾ ਨੰਬਰ: 05 ਮਿਤੀ 09-03-2017 ਨੂੰ ਆਈ.ਪੀ.ਸੀ ਦੀ ਧਾਰਾ 409, 420, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) ਸਮੇਤ 13 (2) ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਵਿਖੇ ਦਰਜ ਕੀਤਾ ਗਿਆ ਸੀ। ਉਕਤ ਮੁਲਜ਼ਮਾਂ ਨੇ ਬੈਂਕ ਦੇ ਬਰਾਂਚ ਮੈਨੇਜਰ ਤੇ ਹੋਰ ਮੁਲਜ਼ਮਾਂ ਸਮੇਤ ਆਮ ਵਿਅਕਤੀਆਂ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲੀਭੁਗਤ ਕਰਕੇ ਭ੍ਰਿਸ਼ਟ ਤਰੀਕਿਆਂ ਨਾਲ ਉਕਤ ਸਟੇਟ ਬੈਂਕ ਦੇ ਮੁਲਜ਼ਮਾਂ ਰਾਹੀਂ ਖ਼ਜ਼ਾਨੇ ਵਿਚੋਂ ਕਰਜ਼ਾ/ਲਿਮਟਾਂ ਰਾਹੀਂ ਪੈਸੇ ਕਢਵਾ ਕੇ ਗਬਨ ਕੀਤਾ ਸੀ। ਇਸ ਸਬੰਧੀ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਮਿਤੀ 30-04-2016 ਤੱਕ ਦੀਆਂ 14 ਕਰਜ਼ਾ ਫਾਈਲਾਂ ਰਾਹੀਂ ਕਰੀਬ 3 ਕਰੋੜ 71 ਲੱਖ ਰੁਪਏ ਦਾ ਗਬਨ ਕੀਤਾ ਗਿਆ ਹੈ।ਇਸ ਘਪਲੇ ਦੌਰਾਨ ਮੁਲਜ਼ਮਾਂ ਨੇ ਮਾਲ ਵਿਭਾਗ ਦੀਆਂ ਰਿਪੋਰਟਾਂ ਅਤੇ ਗਰੰਟਰ ਡੀਡਾਂ ਹਾਸਲ ਕਰਕੇ ਪ੍ਰਾਈਵੇਟ ਵਿਅਕਤੀਆਂ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਨਾਲ ਮਿਲੀਭੁਗਤ ਕਰਕੇ ਫਰਜ਼ੀ ਜ਼ਮੀਨ ਉਪਰ ਫਰਜ਼ੀ ਵਿਅਕਤੀਆਂ ਦੇ ਕੇਸ ਲੋਨ ਮਨਜ਼ੂਰ ਕੀਤੇ ਸਨ। ਕਰਜ਼ਦਾਰਾਂ ਦੀ ਜ਼ਮੀਨ ਉਹਨਾਂ ਦੀ ਮਾਲਕੀ ਨਾ ਹੋਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਦੀ ਮਾਲਕੀ ਵਾਲੀ ਜ਼ਮੀਨ ਨੂੰ ਪ੍ਰਾਈਵੇਟ ਵਿਅਕਤੀਆਂ ਦੀ ਮਾਲਕੀ ਦਿਖਾ ਕੇ ਫਰਦਾਂ, ਰਹਿਣ ਸਰਟੀਫਿਕੇਟ ਅਤੇ ਰੈਵੀਨਿਊ ਸਰਟੀਫਿਕੇਟ ਜਾਰੀ ਕਰਵਾ ਕੇ ਆੜ-ਰਹਿਣ ਵਸੀਕੇ ਅਤੇ ਬੈਨਾਮੇ ਵਸੀਕੇ ਰਜਿਸਟਰ ਕਰਵਾਏ ਗਏ ਸਨ। ਇਸ ਮੁਕੱਦਮੇ ਵਿੱਚ ਸ਼ਾਮਲ ਸਤਨਾਮ ਸਿੰਘ ਸਰੂਪਵਾਲਾ ਨੇ ਖੇਤੀਬਾੜੀ ਲਿਮਟ ਲੋਨ ਸਬੰਧੀ ਫਰਦ ਜਮਾਂਬੰਦੀ, ਫਰਦ ਹਕੀਅਤ, ਫਰਦ ਗਿਰਦਾਵਰੀ, ਆੜ ਰਹਿਣ ਸਰਟੀਫਿਕੇਟ, ਸਟੇਟ ਬੈਂਕ ਆਫ ਪਟਿਆਲਾ ਸੁਲਤਾਨਪੁਰ ਲੋਧੀ ਦੇ ਮੈਨੇਜਰ ਮੁਲਜ਼ਮ ਸੁਲਿੰਦਰ ਸਿੰਘ ਨੂੰ ਦਿੱਤੇ ਜਿਸਦੇ ਅਧਾਰ ਤੇ ਬੈਂਕ ਮੈਨੇਜਰ ਨੇ ਬੈਂਕ ਦੇ ਦੂਸਰੇ ਮੁਲਜ਼ਮ ਕਰਮਚਾਰੀ ਸੁਰਿੰਦਰ ਪਾਲ ਫੀਲਡ ਅਫਸਰ ਅਤੇ ਪੈਨਲ ਵਕੀਲ ਤਾਰਾ ਚੰਦ ਮੁਲਜ਼ਮ ਨਾਲ ਆਪਸੀ ਮਿਲੀਭੁਗਤ ਕਰਕੇ ਆਪਣੇ ਨਿੱਜੀ ਮੁਫਾਦ ਲਈ ਕਰਜ਼ਾ ਲੈਣ ਵਾਲੇ ਸਤਨਾਮ ਸਿੰਘ ਨੂੰ ਕਰਜ਼ਾ ਦੇਣ ਦੀ ਮਨਸ਼ਾ ਨਾਲ ਉਕਤ ਦੋਸ਼ੀਆਂ ਵੱਲੋਂ ਫਰਜ਼ੀ ਅਤੇ ਗਲਤ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਜਿਸ ਤੋਂ ਬਾਅਦ ਉਕਤ ਬੈਂਕ ਮੈਨੇਜਰ ਨੇ ਸਤਨਾਮ ਸਿੰਘ ਨਾਲ ਮਿਲੀਭੁਗਤ ਕਰਕੇ ਉਸਨੂੰ 16 ਲੱਖ ਰੁਪਏ ਦਾ ਕਰਜ਼ਾ ਮਨਜ਼ੂਰ ਕਰ ਦਿੱਤਾ ਜਦਕਿ ਮਾਲ ਮਹਿਕਮੇ ਦੇ ਰਿਕਾਰਡ ਮੁਤਾਬਿਕ ਪਿੰਡ ਲੋਧੀਆਂ ਵਾਲਾ ਦੀ ਉਸ ਜਮਾਂਬੰਦੀ ਵਿੱਚ ਉਕਤ ਕਰਜ਼ਾ ਨਾਲ ਮੇਲ ਨਹੀਂ ਖਾਂਦੀ ਕਿਉਂਕਿ ਉਕਤ ਖੇਵਟ-ਖਤੌਨੀ ਅਤੇ ਖਸਰਾ ਨੰਬਰ ਮਾਲ ਰਿਕਾਰਡ ਵਿੱਚ ਹੀ ਨਹੀਂ ਹਨ ਅਤੇ ਮਾਲ ਰਿਕਾਰਡ ਵਿੱਚ ਰੋਜ਼ਨਾਮਚਾ ਵਾਕਿਆਤੀ ਵਿੱਚ ਕਰਜ਼ਦਾਰ ਸਤਨਾਮ ਸਿੰਘ ਵੱਲੋਂ ਕਰਜ਼ਾ ਹਾਸਲ ਕਰਨ ਸਬੰਧੀ ਕੋਈ ਇੰਦਰਾਜ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਮੋਰਟਗੇਜ਼ ਡੀਡ ਨੂੰ ਤਸਦੀਕ ਕਰਵਾਉਣ ਤੇ ਪਾਇਆ ਗਿਆ ਕਿ ਉਕਤ ਬੈਂਕ ਮੈਨੇਜਰ ਅਤੇ ਸਤਨਾਮ ਸਿੰਘ ਅਤੇ ਮੋਰਟਗੇਜ਼ ਡੀਡ ਉਪਰ ਗਵਾਹੀ ਪਾਉਣ ਵਾਲੇ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਮੋਰਟਗੇਜ਼ ਡੀਡ ਪਰ ਦਫਤਰ ਜੁਆਇੰਟ ਸਬ ਰਜਿਸਟਰਾਰ ਲੋਧੀਆਂ ਦਾ ਫਰਜ਼ੀ ਨੰਬਰ ਲਗਾਇਆ ਗਿਆ ਜਿਸ ਉਪਰ ਗਵਾਹੀ ਉਕਤ ਮੁਲਜ਼ਮ ਸਰਬਜੀਤ ਸਿੰਘ ਨੰਬਰਦਾਰ ਵਾਸੀ ਸਰੂਪਵਾਲ ਵੱਲੋਂ ਪਾਈ ਗਈ ਸੀ।ਵਰਨਣਯੋਗ ਹੈ ਕਿ ਇਸ ਵਿਜੀਲੈਂਸ ਇਨਕੁਆਰੀ ਦੀ ਪੜਤਾਲ ਦੇ ਅਧਾਰ ਤੇ ਉਪਰੋਕਤ ਮੁਕੱਦਮਾ 33 ਵਿਅਕਤੀਆਂ ਵਿਰੁੱਧ ਦਰਜ ਕੀਤਾ ਗਿਆ ਸੀ ਜਿਨ੍ਹਾਂ ਵਿੱਚੋਂ 28 ਮੁਲਜ਼ਮ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ 3 ਦੋਸ਼ੀਆਂ ਨੂੰ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ। ਬਾਕੀ ਰਹਿੰਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਵਿਜੀਲੈਂਸ ਬਿਊਰੋ ਵੱਲੋਂ ਚਾਰਾਜੋਈ ਸਰਗਰਮੀ ਨਾਲ ਜਾਰੀ ਹੈ। ਗ੍ਰਿਫਤਾਰ ਕੀਤੇ ਗਏ ਉਕਤ ਸਤਨਾਮ ਸਿੰਘ ਅਤੇ ਸਰਬਜੀਤ ਸਿੰਘ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ। ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।



# ਦਰੱਖਤ ਛਾਂਗ ਕੇ ਵਾਤਾਵਰਨ ਦਾ ਕੀਤਾ ਜਾ ਰਿਹੈ ਨੁਕਸਾਨ, ਸਰਕਾਰ ਕੁੰਭਕਰਨੀ ਨੀਂਦ ਸੁੱਤੀ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਡੁੰਗਰਾਨੀ)**

ਦਰੱਖਤਾਂ ਦੀ ਹੋਂਦ ਨੂੰ ਸੁਰੱਖਿਅਤ ਰੱਖਣਾ ਹਰੇਕ ਨਾਗਰਿਕ ਦੀ ਸੰਵਿਧਾਨਿਕ ਡਿਊਟੀ ਹੈ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੜਕਾਂ ਦੁਆਲੇ ਲੱਗੇ ਹਰੇ ਭਰੇ ਦਰੱਖਤਾਂ ਨੂੰ ਬਿਜਲੀ ਵਿਭਾਗ ਵੱਲੋਂ ਹਰ ਸਾਲ ਉਨ੍ਹਾਂ ਦੇ ਸਿਰ ਕਲਮ ਕੀਤੇ ਜਾਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਰਕਾਰੀ ਗਲਤ ਯੋਜਨਾਬੰਦੀ ਕਾਰਨ ਸ਼ਹਿਰ ਅੰਦਰ ਹਰਿਆਲੀ ਦਾ ਬੁਰੀ ਤਰ੍ਹਾਂ ਘਾਣ ਹੋ ਰਿਹਾ ਹੈ।ਜਦੋਂ ਕਿ ਇਨ੍ਹਾਂ ਦਰੱਖਤਾਂ ਦੇ ਸਿਰਾਂ ਨੂੰ ਅਸਾਨੀ ਨਾਲ ਬਚਾਇਆ ਜਾ ਸਕਦਾ ਹੈ।ਧੀਮਾਨ ਨੇ ਦਸਿਆ ਕਿ ਇਨ੍ਹਾਂ ਦਰਖਤਾਂ ਦੇ ਸਿਰਾਂ ਉੱਤੋਂ ਬਿਜਲੀ ਦੀਆਂ ਹਾਈ ਵੋਲਟੇਜ਼ ਤਾਰਾਂ ਲੰਘ ਰਹੀਆਂ ਹਨ, ਪਰ ਉਨ੍ਹਾਂ ਨੂੰ ਅਸਾਨੀ ਨਾਲ ਸ਼ਿਫ਼ਟ ਕਰਕੇ ਦਰੱਖਤਾਂ ਦੀ ਹੋਂਦ ਨੂੰ ਬਚਾਇਆ ਜਾ ਸਕਦਾ ਹੈ।ਇਕ ਪਾਸੇ 'ਆਪ' ਸਰਕਾਰ ਕਹਿ ਰਹੀ ਹੈ ਕਿ ਸਰਕਾਰੀ ਖ਼ਜ਼ਾਨੇ ਭਰਪੂਰ ਹਨ ਤੇ ਫਿਰ ਇਨ੍ਹਾਂ ਤਾਰਾਂ ਨੂੰ ਸਾਈਡ ਕਰਨ ਲਈ ਪਾਵਰਕਾਮ ਨੂੰ ਕਿਉਂ ਪੈਸੇ ਜਾਰੀ ਕਰਕੇ ਹਰਿਆਲੀ ਨੂੰ ਨਹੀਂ ਬਚਾਇਆ ਜਾ ਰਿਹਾ?ਸਰਕਾਰ ਦੀਆਂ ਗਲਤ ਨੀਤੀਆਂ ਨੇ ਦਰੱਖਤਾਂ ਦੀ ਅਸਲ ਹੋਂਦ ਹੀ ਤਬਾਹ ਕਰਕੇ ਰੱਖ ਦਿਤੀ ਹੈ ਤੇ ਦਰਖਤਾਂ ਦਾ ਕੁਦਰਤੀ ਅਕਾਰ ਹੀ ਬਦਲ ਕੇ ਰੱਖ ਦਿੱਤਾ ਗਿਆ ਹੈ।ਵੱਧ ਰਹੀ ਅਬਾਦੀ ਕਾਰਨ ਇਕ ਪਾਸੇ ਦਰਖਤਾਂ ਦੀ ਹੋਂਦ ਘੱਟ ਰਹੀ ਹੈ ਤੇ ਸੜਕਾਂ ਦੀ ਸੁੰਦਰਤਾ ਖਤਮ ਹੋ ਚੁੱਕੀ ਹੈ। ਬਿਜਲੀ ਦੀਆਂ ਤਾਰਾਂ ਨਾਲੋਂ ਸੜਕਾਂ ਦੇ ਆਲੇ ਦੁਆਲੇ ਲੱਗੇ ਹਰੇ ਭਰੇ ਦਰੱਖਤਾਂ ਦੀ ਮਹੱਤਤਾ ਕਾਫੀ ਜ਼ਿਆਦਾ ਹੈ।ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਵਿਭਾਗ ਤੋਂ ਦਰੱਖਤਾਂ ਨੂੰ ਨੁਕਸਾਨ ਪਹੁੰਚਾਣ ਦਾ ਹਰਜਾਨਾ ਵਸੂਲਿਆ ਜਾਵੇ ਅਤੇ ਸਰਕਾਰ ਬਿਜਲੀ ਵਿਭਾਗ ਨੂੰ ਹੁਕਮ ਜਾਰੀ ਕਰਕੇ ਦਰੱਖਤਾਂ ਉੱਤੋਂ ਲੰਘਦੀਆ ਤਾਂਰਾ ਹਟਾਂਉਣ ਦੇ ਹੁਕਮ ਜਾਰੀ ਕਰੇ।ਉਨ੍ਹਾਂ ਨੇ ਵਾਤਾਵਰਣ ਪ੍ਰੇਮੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਦਰੱਖਤਾਂ ਨੂੰ ਬਚਾਉਣ ਲਈ ਅੱਗੇ ਆਉਣ।ਇਸ ਸਬੰਧ ਵਿਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਤੋਂ ਵੀ ਮੰਗ ਕੀਤੀ ਕਿ ਦਰੱਖਤਾਂ ਦੇ ਸਿਰ ਕੱਟਣੇ ਤੁਰੰਤ ਬੰਦ ਕਰਵਾਏ ਜਾਣ ਤਾਂ ਕਿ ਵਾਤਾਵਰਣ ਪ੍ਰਭਾਵਿਤ ਨਾ ਹੋਵੇ।



# ਕਈ ਅਪਰਾਧਾਂ 'ਚ ਸ਼ਾਮਲ ਦੋ ਲੁਟੇਰੇ ਕਾਬੂ

**ਜਲੰਧਰ, (ਸ਼ੈਲੀ ਐਲਬਰਟ)**

ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਲੁੱਟ-ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਦੋ ਦੋਸ਼ੀਆਂ ਨੂੰ ਕਾਬੂ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੂਜਾ ਮਹੰਤ ਵਾਸੀ ਗਲੀ ਨੰਬਰ 12, ਰਾਜਨ ਨਗਰ, ਬਸਤੀ ਬਾਵਾ ਖੇਲ, ਜਲੰਧਰ ਦੇ ਬਿਆਨਾਂ 'ਤੇ ਥਾਣਾ ਬਸਤੀ ਬਾਵਾ ਖੇਲ, ਜਲੰਧਰ ਵਿਖੇ ਮੁਕੱਦਮਾ ਨੰਬਰ 19 ਮਿਤੀ 01.02.2025 ਅਧੀਨ 304(2), 3(5) ਬੀ.ਐਨ.ਐਸ. ਤਹਿਤ ਦਰਜ ਕੀਤਾ ਹੈ ।ਉਹਨਾਂ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੇ ਘਰ ਦੇ ਬਾਹਰੋਂ ਤਿੰਨ ਨੌਜਵਾਨ ਮੋਟਰਸਾਈਕਲ 'ਤੇ ਆਏ ਅਤੇ ਉਸ ਦਾ ਪਰਸ ਖੋਹ ਲਿਆ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਦੋਸ਼ੀ ਦੀ ਪਹਿਚਾਣ ਜਸਪ੍ਰੀਤ ਸਿੰਘ ਉਰਫ ਜੱਸੀ ਵਾਸੀ ਮੁਹੱਲਾ ਨੰ. 31/56 ਗੁਰੂ ਅਰਜਨ ਨਗਰ ਬਸਤੀ ਮਿੱਠੂ ਜਲੰਧਰ, ਅਤੇ ਸੂਰਜ ਵਾਸੀ ਮੁਹੱਲਾ ਨੰ. 939 ਗੁਰੂ ਅਰਜਨ ਨਗਰ ਬਸਤੀ ਮਿੱਠੂ ਜਲੰਧਰ ਵਜੋਂ ਕੀਤੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮਨੁੱਖੀ ਖੁਫੀਆ ਜਾਣਕਾਰੀ ਅਤੇ ਤਕਨੀਕੀ ਸਹਾਇਤਾ ਦੇ ਅਧਾਰ 'ਤੇ ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ ਇੱਕ ਮੋਟਰਸਾਈਕਲ, ਇੱਕ ਰੈੱਡਮੀ ਮੋਬਾਈਲ ਫੋਨ, ਇੱਕ ਜੋੜੀ ਸੋਨੇ ਦੀਆਂ ਵਾਲੀਆਂ, ਨਕਲੀ ਚੂੜੀਆਂ, ਚਾਂਦੀ ਦੀਆਂ ਮੁੰਦਰੀਆਂ ਅਤੇ ਬਿਛੂਆ ਬਰਾਮਦ ਕੀਤਾ ਹੈ। ਸਵਪਨ ਸ਼ਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।



# ਇੰਸਪੈਕਟਰ ਬਲਜੀਤ ਸਿੰਘ ਹੁੰਦਲ ਨੇ ਬਤੌਰ ਐੱਸ ਐੱਚ ਓ ਚਾਰਜ ਸੰਭਾਲਿਆ

**ਮੋਹਟਿਆਣਾ, (ਜਗਤਾਰ ਸਿੰਘ ਡੁੰਗਰਾਨੀ)**- ਇੰਸਪੈਕਟਰ ਬਲਜੀਤ ਸਿੰਘ ਹੁੰਦਲ ਨੇ ਐਸ ਐਚ ਓ ਥਾਣਾ ਮੋਹਟਿਆਣਾ ਦਾ ਚਾਰਜ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਖਤ ਆਦੇਸ਼ਾਂ ਅਨੁਸਾਰ ਇਲਾਕੇ ਅੰਦਰ ਕਾਨੂੰਨ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ ਅਤੇ ਕਿਸੇ ਕਿਸਮ ਦੀ ਨਸ਼ੇ ਦੀ ਸਮੱਗਲਿੰਗ ਅਤੇ ਗੁੰਡਾਗਰਦੀ ਨਹੀਂ ਹੋਣ ਦਿੱਤੀ ਜਾਵੇਗੀ। ਗੈਰ-ਕਾਨੂੰਨੀ ਮਾਈਨਿੰਗ ਅਤੇ ਕਰਾਈਮ ਕਰਨ ਵਾਲੇ ਵਿਅਕਤੀਆਂ ਖਿਲਾਫ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਪਬਲਿਕ ਨੂੰ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪੂਰਨ ਤੌਰ 'ਤੇ ਪਾਲਣਾ ਕੀਤੀ ਜਾਵ। ਅਗਰ ਕੋਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਹੀਂ ਕਰੇਗਾ ਤਾਂ ਉਸ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਵੇਗਾ। ਉਹਨਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸਮਾਜ ਵਿਚੋਂ ਨਸ਼ਾ ਖਤਮ ਕਰਨ ਲਈ ਪੁਲਿਸ ਨਾਲ ਪੂਰਨ ਸਹਿਯੋਗ ਕੀਤਾ ਜਾਵੇ, ਤਾਂ ਕਿ ਪੰਜਾਬ ਦੀ ਨੌਜਵਾਨੀ ਨੂੰ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਨਸ਼ੇ ਦੇ ਸੁਦਾਗਰਾਂ ਅਤੇ ਮੋਟਰ ਸਾਈਕਲਾਂ ਦੇ ਪਟਾਕੇ ਮਾਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ !



# ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਬਜਟ ਦੀਆਂ ਕਾਪੀਆਂ ਸਾੜੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਭੱਠਾ ਮਜ਼ਦੂਰ ਆਂਗਣਵਾੜੀ ਮਨਰੇਗਾ ਮਜ਼ਦੂਰਾਂ ਨੇ ਇਕੱਠੇ ਹੋ ਕੇ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਬਜਟ ਦੀਆਂ ਕਾਪੀਆਂ ਬੰਗਾ ਚੋਕ ਗੜ੍ਹਸ਼ੰਕਰ ਵਿਖੇ ਸਾੜੀਆ। ਇਸ ਮੌਕੇ ਸੀਟੂ ਦੇ ਸੂਬਾਈ ਆਗੂ ਮਹਿੰਦਰ ਕੁਮਾਰ ਬੱਡੋਆਣ ਆਂਗਣਵਾੜੀ ਦੀ ਜ਼ਿਲ੍ਹਾ ਪ੍ਰਧਾਨ ਗੁਰਬਖਸ਼ ਕੋਰ ਚੱਕ ਗੁਰੂ ਪਾਲੋ ਸੁੰਨੀ, ਜਨਵਾਦੀ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਨੀਲਮ ਬੱਡੋਆਣ, ਬਲਦੇਵ ਰਾਜ ਨ ਕਿਹਾ ਕਿ ਇਸ ਬਜਟ ਵਿੱਚ ਮਜ਼ਦੂਰਾਂ, ਕਿਸਾਨਾਂ ਤੇ ਸਕੀਮ ਵਰਕਰਾਂ ਲਈ ਕੁਝ ਵੀ ਨਹੀਂ ਹੈ। ਇਹ ਬਜਟ ਕਾਰਪੋਰੇਟ ਘਰਾਨਿਆ ਦੇ ਹਿੱਤ ਪੂਰਦਾ ਹੈ। ਕੇਂਦਰ ਦੀ ਸਰਕਾਰ ਨੇ ਇਸ ਬਜਟ ਵਿੱਚ ਆਈ ਸੀ ਡੀ ਐਸ ਸਕੀਮ ਵਿੱਚ ਪ੍ਰਤੀ ਬੱਚਾ 5 ਪੈਸੇ ਵਾਧਾ ਕੀਤਾ ਹੈ, ਜੋ ਕਿ ਕੋਝਾ ਮਜ਼ਾਕ ਹੈ । ਮਨਰੇਗਾ ਮਜ਼ਦੂਰਾਂ ਦੇ ਬਜਟ ਵਿੱਚ ਕੋਈ ਵਾਧਾ ਨਹੀਂ ਕੀਤਾ,ਸਗੋਂ ਪਿਛਲੇ ਸਮੇਂ 10 ਹਜ਼ਾਰ ਕਰੋੜ ਦਾ ਬਜਟ ਵਿੱਚੋ ਕੱਟ ਮਾਰ ਕੇ ਮਜ਼ਦੂਰਾਂ ਦੇ ਕੰਮ ਦੇ ਦਿਨਾਂ 'ਤੇ ਹਮਲਾ ਕੀਤਾ, ਕਿਸਾਨਾਂ ਲਈ ਐਮ ਐਸ ਪੀ ਦਾ ਕੋਈ ਵੀ ਜ਼ਿਕਰ ਨਹੀਂ, ਮਜ਼ਦੂਰਾਂ ਦੀ ਆਰਥਿਕ ਹਾਲਤ ਬਹੁਤ ਖਸਤਾ ਹੈ, ਉਸ ਨੂੰ ਸੁਧਾਨ ਲਈ ਇਸ ਵਿੱਚ ਕੋਈ ਵੀ ਉਪਰਾਲਾ ਨਹੀਂ ਕੀਤਾ ਗਿਆ। ਇਸ ਮੋਕੇ ਪਿੰਕੀ ਮਜ਼ਾਰਾ, ਭਜਨੋ, ਮਨਜੀਤ, ਪਰਮੋਦ, ਹਰਮੇਸ਼, ਤਾਰਾ ਚੰਦ ਬਲਵਿੰਦਰ ,ਕਮਲੇਸ਼ ਕੌਰ, ਜਗਦੀਸ਼ ਕੌਰ ਅਤੇ ਚਰਨਜੀਤ ਨੇ ਵੀ ਸੰਬੋਧਨ ਕੀਤਾ।



# ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਰੋਪੜ ਦਾ ਅਜਲਾਸ

**ਭਲਾਣ (ਹਰਭਜਨ ਢਿੱਲੋਂ)**

ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਜ਼ਿਲ੍ਹਾ ਰੋਪੜ ਦਾ ਇਜਲਾਸ ਅਨਾਜ ਮੰਡੀ ਰੋਪੜ ਵਿਖੇ ਨਰਿੰਦਰ ਸੈਣੀ ਅਤੇ ਰਾਮਪਾਲ ਤਾਰਾਪੁਰ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਕਾਮਰੇਡ ਬਲਕਰਨ ਬਰਾੜ, ਪ੍ਰਧਾਨ, ਕੁੱਲ ਹਿੰਦ ਕਿਸਾਨ ਸਭਾ, ਪੰਜਾਬ ਉਚੇਚੇ ਤੌਰ 'ਤੇ ਸ਼ਾਮਲ ਹੋਏ।ਇਸ ਇਜਲਾਸ ਨੂੰ ਕਾਮਰੇਡ ਬਲਕਰਨ ਬਰਾੜ ਤੋਂ ਇਲਾਵਾ ਕਾਮਰੇਡ ਦਵਿੰਦਰ ਕੁਮਾਰ ਨੰਗਲੀ, ਬਖਤਾਵਰ ਸਿੰਘ ਬਣੀ, ਜਗਦੀਸ਼ ਲਾਲ ਐਸ ਡੀ ਓ, ਕਾਕਾ ਰਾਮ, ਬਬਲੀ ਸਿੰਘ ਬਣੀ, ਗੁਰਨਾਮ ਸਿੰਘ ਔਲਖ, ਸੁਖਵੀਰ ਸਿੰਘ ਸੁੱਖਾ, ਸਤਨਾਮ ਸਿੰਘ , ਕਿਸ਼ਨ ਸਿੰਘ ਅਟਾਰੀ, ਰਾਮ ਪਾਲ ਤਾਰਾਪੁਰ, ਨਰਿੰਦਰ ਸੈਣੀ ਆਦਿ ਨੇ ਸੰਬੋਧਨ ਕੀਤਾ। ਕਾਮਰੇਡ ਬਰਾੜ ਨੇ ਮੌਜੂਦਾ ਹਾਲਾਤ ਅਤੇ ਕਿਸਾਨੀ ਦੇ ਮਸਲਿਆਂ 'ਤੇ ਵਿਸਥਾਰ ਸਹਿਤ ਚਾਨਣਾ ਪਾਇਆ ਅਤੇ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਅਤੇ ਕਿਸਾਨ ਮਾਰੂ ਨੀਤੀਆਂ ਦੀ ਸਖ਼ਤ ਅਲੋਚਨਾ ਕੀਤਾ।ਉਹਨਾਂ ਕਿਹਾ ਕਿ ਕਾਰਪੋਰੇਟ ਸੈਕਟਰ ਦੇ ਹਮਲੇ ਤੋਂ ਕਿਸਾਨੀ ਨੂੰ, ਉਹਨਾਂ ਦੀਆਂ ਜ਼ਮੀਨਾਂ ਨੂੰ ਅਤੇ ਮੌਜੂਦਾ ਮੰਡੀਕਰਨ ਸਿਸਟਮ ਨੂੰ ਬਚਾਉਣ ਲਈ ਇਕ ਮਜ਼ਬੂਤ ਕਿਸਾਨ ਜਥੇਬੰਦੀ ਦੀ ਲੋੜ ਹੈ।ਇਜਲਾਸ ਦੇ ਅਗਲੇ ਪੜਾਅ ਵਿੱਚ ਕਾਮਰੇਡ ਦਵਿੰਦਰ ਕੁਮਾਰ ਨੰਗਲੀ ਜ਼ਿਲ੍ਹਾ ਸਕੱਤਰ ਨੇ ਜਥੇਬੰਦੀ ਦੀ ਪਿਛਲੀ ਕਾਰਗੁਜ਼ਾਰੀ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਬਕਾਇਦਾ ਬਹਿਸ ਤੋਂ ਬਾਅਦ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਤੋਂ ਬਾਅਦ ਪੁਰਾਣੀ ਜ਼ਿਲ੍ਹਾ ਕਮੇਟੀ ਭੰਗ ਕਰਕੇ ਨਵੀਂ ਕਮੇਟੀ ਦੀ ਚੌਣ ਕੀਤੀ ਗਈ। ਸਾਥੀ ਦਵਿੰਦਰ ਕੁਮਾਰ ਨੰਗਲੀ ਨੇ 15 ਮੈਂਬਰੀ ਨਵੀਂ ਜ਼ਿਲ੍ਹਾ ਕਮੇਟੀ ਦਾ ਪੈਨਲ ਪੇਸ਼ ਕੀਤਾ, ਜਿਸ ਨੂੰ ਹਾਉਨੂੰਸ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਮੁੱਖ ਆਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਕਾਮਰੇਡ ਸੁਖਵੀਰ ਸਿੰਘ ਸੁੱਖਾ, ਸੀਨੀਅਰ ਮੀਤ ਪ੍ਰਧਾਨ ਜਗਦੀਸ਼ ਲਾਲ ਐਸ ਡੀ ਓ, ਮੀਤ ਪ੍ਰਧਾਨ ਨਰਿੰਦਰ ਸੈਣੀ, ਜਨਰਲ ਸਕੱਤਰ ਗੁਰਨਾਮ ਸਿੰਘ ਔਲਖ, ਮੀਤ ਸਕੱਤਰ ਗੁਲਜ਼ਾਰ ਸਿੰਘ ਨੰਗਲੀ ਅਤੇ ਖਜ਼ਾਨਚੀ ਕਾਮਰੇਡ ਕਾਕਾ ਰਾਮ ਸਰਬਸੰਮਤੀ ਨਾਲ ਚੁਣੇ ਗਏ।

# ਡਾਕਟਰੀ ਪੇਸ਼ਾ ਛੱਡ ਕੇ ਮਿੱਟੀ ਦੀ ਸਿਹਤ ਸੁਧਾਰਨ 'ਚ ਜੁੱਟਿਆ ਡਾਕਟਰ ਅਸ਼ਵਨੀ ਵਾਟਸ

**ਫਾਜ਼ਿਲਕਾ ( ਨਿਸ਼ਾ ਸ਼ਰਮਾ)**-ਅਬੋਹਰ ਦੇ ਡਾ. ਅਸ਼ਵਨੀ ਵਾਟਸ ਡਾਕਟਰੀ ਛੱਡ ਕੇ ਖੇਤਾਂ ਦੇ ਮਿੱਟੀ ਦੀ ਸਿਹਤ ਸੁਧਾਰਨ ਦੇ ਕਾਰਜ ਵਿੱਚ ਲੱਗੇ ਹੋਏ ਹਨ।ਉਹਨਾਂ ਨੇ ਸਰਕਾਰ ਤੇ ਨਵੀਨੀਕਰਨ ਊਰਜਾ ਮੰਤਰਾਲੇ ਦੇ ਸਹਿਯੋਗ ਨਾਲ ਅਬੋਹਰ ਨੇੜੇ ਪਿੰਡ ਚੱਕ ਕਾਲਾ ਟਿੱਬਾ ਵਿਖੇ ਪਸ਼ੂਆਂ ਦੇ ਗੋਬਰ ਤੋਂ ਐਨ ਆਰ ਓਬਿਕ ਡਾਈਜੈਸਟਰ ਰਾਹੀਂ ਵਧੀਆ ਖਾਦ ਬਣਾਉਣ ਦਾ ਪ੍ਰੋਜੈਕਟ ਲਗਾਇਆ ਹੈ।ਡਾ. ਅਸ਼ਵਨੀ ਵਾਟਸ ਆਪਣੇ ਇਸ ਪ੍ਰੋਜੈਕਟ ਸਬੰਧੀ ਦੱਸਦੇ ਹਨ ਕਿ ਸਰਕਾਰ ਦੇ ਸਹਿਯੋਗ ਨਾਲ ਲੱਗੇ ਇਸ ਪ੍ਰੋਜੈਕਟ ਵਿੱਚ ਮੱਝਾਂ ਗਾਵਾਂ ਦੇ ਗੋਬਰ ਨੂੰ ਐਨ ਆਰ ਓਬਿਕ ਡਾਈਜੈਸਟਰ ਰਾਹੀਂ 60 ਦਿਨਾਂ ਵਿੱਚ ਇੱਕ ਉੱਤਮ ਖਾਦ ਵਿੱਚ ਤਬਦੀਲ ਕੀਤਾ ਜਾਂਦਾ ਹੈ। ਉਹ ਦੱਸਦੇ ਹਨ ਕਿ ਇਸ ਦੌਰਾਨ ਸੀ ਐਨ ਜੀ ਗੈਸ ਵੀ ਪੈਦਾ ਹੁੰਦੀ ਹੈ। ਸਾਡੀ ਜ਼ਮੀਨ ਵਿੱਚ ਕਾਰਬਨਿਕ ਮਾਦੇ ਦੀ ਬਹੁਤ ਘਾਟ ਹੈ, ਜਿਸ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ।ਇਸ ਕਾਰਬਨਿਕ ਮਾਦੇ ਨੂੰ ਜ਼ਮੀਨ ਵਿੱਚ ਵਧਾਉਣ ਲਈ ਐਨ ਆਰ ਓਬਿਕ ਡਾਈਜੈਸਟਰ ਰਾਹੀਂ ਤਿਆਰ ਗੋਹੇ ਦੀ ਖਾਦ ਬਹੁਤ ਹੀ ਉਪਯੋਗੀ ਸਿੱਧ ਹੋ ਸਕਦੀ ਹੈ।ਉਹਨਾਂ ਨੇ ਕਿਹਾ ਕਿ ਇਸ ਤਰ੍ਹਾਂ ਦੀ ਖਾਦ ਵਿੱਚ ਬਹੁਤ ਸਾਰੇ ਉਪਯੋਗੀ ਬੈਕਟੀਰੀਆ ਹੁੰਦੇ ਹਨ ਜੋ ਜ਼ਮੀਨ ਵਿੱਚ ਪਏ ਹੋਏ ਤੱਤਾਂ ਨੂੰ ਵੀ ਪੌਦਿਆਂ ਨੂੰ ਉਪਲਬਧ ਕਰਾਉਣ ਵਿੱਚ ਸਹਾਈ ਹੁੰਦੇ ਹਨ।ਉਹ ਆਖਦੇ ਹਨ ਕਿ ਉਹ ਇਸ ਖਾਦ ਰਾਹੀਂ ਸੇਮ ਅਤੇ ਕਲਰ ਵਾਲੀ ਜ਼ਮੀਨ ਵਿੱਚ ਵੀ ਔਰਗੈਨਿਕ ਤਰੀਕੇ ਨਾਲ ਫਸਲਾਂ ਦੀ ਪੈਦਾਵਾਰ ਲੈ ਰਹੇ ਹਨ। ਅਤੇ ਬਹੁਤ ਸਾਰੇ ਕਿਸਾਨ ਵੀ ਉਹਨਾਂ ਤੋਂ ਇਹ ਖਾਦ ਲੈ ਕੇ ਜਾਂਦੇ ਹਨ।ਉਹ ਇਹ ਖਾਦ ਤਰਲ ਅਤੇ ਠੋਸ ਦੋਨੋਂ ਪ੍ਰਕਾਰ ਨਾਲ ਉਪਲੱਬਧ ਕਰਵਾਉਂਦੇ ਹਨ।ਉਹ ਆਖਦੇ ਹਨ ਕਿ ਸਰਕਾਰ ਦੀ ਇਸ ਸਕੀਮ ਨਾਲ ਲੱਗੇ ਇਸ ਪ੍ਰੋਜੈਕਟ ਨਾਲ ਜੋ ਗੈਸ ਤਿਆਰ ਹੁੰਦੀ ਹੈ ਉਹ ਪੂਰੀ ਤਰ੍ਹਾਂ ਵਾਤਾਵਰਨ ਪੱਖੀ ਹੈ।ਇਸ ਤਰ੍ਹਾਂ ਦੇ ਪ੍ਰੋਜੈਕਟਾਂ ਲਈ ਸਰਕਾਰ ਵੱਲੋਂ ਸਬਸਿਡੀ ਵੀ ਮੁਹੱਈਆ ਕਰਵਾਈ ਜਾਂਦੀ ਹੈ। ਹੋਰ ਲੋਕ ਵੀ ਇਸ ਤਰ੍ਹਾਂ ਦੇ ਪ੍ਰੋਜੈਕਟ ਲਗਾਉਣ ਲਈ ਅੱਗੇ ਆ ਸਕਦੇ ਹਨ।

# ਸੋਹਣ ਸਿੰਘ ਦਾ ਨਮ ਅੱਖਾਂ ਨਾਲ ਹੋਇਆ ਅੰਤਮ ਸੰਸਕਾਰ

**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲਾ ਜੱਟਾਂ ਵਿੱਚ ਚੱਲ ਰਹੀ ਸੰਸਥਾ ਡਾਕਟਰ ਬੀ ਆਰ ਅੰਬੇਡਕਰ ਯੂਥ ਕਲੱਬ ਰਜਿ. ਦੇ ਸ੍ਰਪਰਸਤ ਡਾਕਟਰ ਚਰਨਜੀਤ ਸਿੰਘ ਪੜਬੱਗਾ ਦੇ ਸਤਿਕਾਰਯੋਗ ਚਾਚਾ ਜੀ ਸੋਹਣ ਸਿੰਘ, ਜੋ 4 ਫਰਵਰੀ ਨੂੰ ਸਵੇਰੇ ਅਕਾਲ ਚਲਾਣਾ ਕਰਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਸਰੀਰ ਦਾ ਸੰਸਕਾਰ ਪਿੰਡ ਕੰਧਾਲਾ ਜੱਟਾਂ ਵਿਖੇ 4 ਫਰਵਰੀ ਨੂੰ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਨਗਰ ਵਾਸੀਆਂ ਦੀ ਮੌਜੂਦਗੀ ਵਿੱਚ ਕੀਤਾ ਗਿਆ।ਸੰਸਕਾਰ ਮੌਕੇ ਉਨ੍ਹਾਂ ਦੇ ਪੁੱਤਰ ਸੁਖਵਿੰਦਰ ਸਿੰਘ, ਸਤਨਾਮ ਸਿੰਘ ਜਵਾਈ, ਕੁਲਦੀਪ ਸਿੰਘ ਏ ਐਸ ਆਈ ਹਰਿਆਣਾ ਭਾਣਜਾ , ਰਿਟਾਇਰਡ ਏ ਐਸ ਆਈ ਰਾਜਨ ਸਿੰਘ ਜਵਾਈ, ਸਵਰਨ ਚੰਦ, ਕਿਸ਼ਨ ਸਿੰਘ , ਸਰਵਣ ਸਿੰਘ, ਅਮਰਜੀਤ ਸਿੰਘ,ਵਾਸਦੇਵ ਸਿੰਘ ਰਾਪੁਰ , ਮੰਜੂ ਦਸੂਹਾ, ਕੈਪਟਨ ਹਰੀ ਓਮ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਰਵਿਦਾਸ ਸਭਾ, ਜਸਵੀਰ ਸਿੰਘ ਲੱਕੀ ਪ੍ਰਧਾਨ ਡਾਕਟਰ ਅੰਬੇਦਕਰ ਯੂਥ ਕਲੱਬ ਰਜਿ. ਕੰਧਾਲਾ ਜੱਟਾਂ, ਅਮਰੀਕ ਸਿੰਘ ਮੀਕਾ, ਚਮਨਪ੍ਰੀਤ ਸਿੰਘ ,ਗੁਰਦੀਪ ਸਿੰਘ, ਸੰਦੀਪ ਸਿੰਘ, ਹੋਰ ਪਰਿਵਾਰਕ ਮੈਂਬਰ ਰਿਸ਼ਤੇਦਾਰ ਅਤੇ ਨਗਰ ਨਿਵਾਸੀ ਹਾਜ਼ਰ ਸਨ। ਉਹਨਾਂ ਨਮਿਤ ਅੰਤਿਮ ਅਰਦਾਸ ਅਤੇ ਭੋਗ 10 ਫਰਵਰੀ ਦਿਨ ਬੁੱਧਵਾਰ ਨੂੰ ਪਿੰਡ ਕੰਧਾਲਾ ਜੱਟਾਂ ਵਿਖੇ ਪਾਇਆ ਜਾਵੇਗਾ।



# ਸਰਕਾਰੀ ਸਿਹਤ ਸੰਸਥਾਵਾਂ 'ਚ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ : ਡਾ. ਜਸਪ੍ਰੀਤ ਕੌਰ

**ਨਵਾਂਸ਼ਹਿਰ,(ਮਨੋਜ ਲਾਡੀ)**

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਬੁੱਧਵਾਰ ਨੂੰ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਤੇ ਸੀਨੀਅਰ ਮੈਡੀਕਲ ਅਫਸਰਾਂ ਸਮੇਤ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ। ਇਸ ਦੌਰਾਨ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ, ਟੀਬੀ ਮੁਕਤ ਭਾਰਤ ਅਭਿਮਾਨ ਤਹਿਤ ਟੀਬੀ ਕੰਟਰੋਲ ਕਰਨ, ਸਾਰੇ ਸਿਹਤ ਪ੍ਰੋਗਰਾਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਉਨ੍ਹਾਂ ਦੇ ਟੀਚਿਆਂ ਦੀ ਮੁਕੰਮਲ ਪ੍ਰਾਪਤੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਜ਼ਿਲ੍ਹੇ ਵਿੱਚ ਸਿਵਲ ਹਸਪਤਾਲ, ਸਬ-ਡਵੀਜ਼ਨਲ ਹਸਪਤਾਲ ਅਤੇ ਬਲਾਕ ਪੱਧਰ ਦੇ ਹਸਪਤਾਲਾਂ ਵਿੱਚ ਬਿਜਲੀ ਸਪਲਾਈ ਅਤੇ ਫਾਇਰ ਸੇਫਟੀ ਦਾ ਆਡਿਟ ਕਰਨ ਲਈ ਵੀ ਕਿਹਾ।ਸਿਵਲ ਸਰਜਨ ਨੇ ਸਾਰੇ ਅਫਸਰਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਬਿਜਲੀ ਕੱਟ ਲੱਗਣ ਦੀ ਸਥਿਤੀ ਵਿੱਚ ਬੈਕਅੱਪ ਬਿਜਲੀ ਸਪਲਾਈ ਤੁਰੰਤ ਸ਼ੁਰੂ ਕੀਤੀ ਜਾਵੇ ਤਾਂ ਜੋ ਮਹੱਤਵਪੂਰਨ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਦਿੱਕਤ ਦਰਪੇਸ਼ ਨਾ ਆਵੇ।ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਫੌਰੀ ਢੰਗ ਨਾਲ ਫਾਇਰ ਸੇਫਟੀ ਆਡਿਟ ਕਰਵਾਉਣ ਅਤੇ ਸਿਹਤ ਸਹੂਲਤਾਂ ਖਾਸ ਕਰਕੇ ਸਾਰੀਆਂ ਮਹੱਤਵਪੂਰਨ ਦੇਖਭਾਲ ਇਕਾਈਆਂ ਵਿੱਚ ਅੱਗ ਬੁਝਾਊ ਉਪਕਰਨਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਮੀਟਿੰਗ ਵਿਚ ਸਿਹਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਸਾਰੇ ਸਿਹਤ ਪ੍ਰੋਗਰਾਮਾਂ ਦੇ ਬਣਦੇ ਟੀਚੇ ਮਿਥੇ ਸਮੇਂ 'ਚ ਪੂਰੇ ਕਰਨੇ ਸਾਡੀ ਜ਼ਿੰਮੇਵਾਰੀ ਹੈ, ਜਿਨ੍ਹਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਾ ਚਾਹੀਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਹਾਇਕ ਸਿਵਲ ਸਰਜਨ ਡਾ. ਬਲਬੀਰ ਕੁਮਾਰ, ਡਿਪਟੀ ਮੈਡੀਕਲ ਕਮਿਸ਼ਨਰ ਡਾ ਹਰਪ੍ਰੀਤ ਸਿੰਘ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਮਨਦੀਪ ਕਮਲ, ਜ਼ਿਲ੍ਹਾ ਸਿਹਤ ਅਫਸਰ ਡਾ. ਰੇਨੂੰ ਮਿੱਤਲ, ਸੀਨੀਅਰ ਮੈਡੀਕਲ ਅਫਸਰ, ਡਾ. ਗੀਤਾਂਜਲੀ ਸਿੰਘ, ਡਾ. ਗੁਰਿੰਦਰਜੀਤ ਸਿੰਘ, ਡਾ. ਸਤਵਿੰਦਰਪਾਲ ਸਿੰਘ, ਡਾ. ਜਸਵਿੰਦਰ ਸਿੰਘ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਦਲਜੀਤ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਹਰਪ੍ਰੀਤ ਸਿੰਘ ਸਮੇਤ ਹੋਰ ਸਿਹਤ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।



# ਮਨਪ੍ਰੀਤ ਸਿੰਘ ਚੱਡਾ ਬਣੇ ਯੂਥ ਕਾਂਗਰਸ ਪੰਜਾਬ ਦੀ ਡਿਸਿਪਲਿਨਰੀ ਕਮੇਟੀ ਦੇ ਮੈਂਬਰ

**ਗੁਰਾਇਆ (ਬਿੰਦਰ ਸੁੰਮਨ)**- ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਅਤੇ ਇੰਚਾਰਜ ਰਿਸ਼ੇਂਦਰ ਸਿੰਘ ਮਾਹਰ ਦੁਆਰਾ ਭਾਰਤੀ ਯੂਥ ਕਾਂਗਰਸ ਦੇ ਪ੍ਰਧਾਨ ਉਦੈ ਭਾਨੂ ਨੂੰ ਚਿੱਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਯੂਥ ਕਾਂਗਰਸ ਪੰਜਾਬ ਦੀ ਡਿਸਿਪਲਿਨਰੀ ਕਮੇਟੀ ਬਣਾਈ ਗਈ ਹੈ। ਪੰਜਾਬ ਪੱਧਰੀ ਇਸ ਛੇ ਮੈਂਬਰੀ ਕਮੇਟੀ ਵਿੱਚ ਗੁਰਾਇਆ ਨੇੜਲੇ ਪਿੰਡ ਸੰਗ ਢੇਸੀਆਂ ਮਨਪ੍ਰੀਤ ਸਿੰਘ ਚੱਡਾ (ਸਟੇਟ ਜਨਰਲ ਸਕੱਤਰ, ਪੰਜਾਬ ਯੂਥ ਕਾਂਗਰਸ) ਨੂੰ ਵੱਡੀਆਂ ਜ਼ਿੰਮੇਵਾਰੀਆਂ ਦਿੰਦੇ ਹੋਏ ਮੈਂਬਰ ਨਿਯੁਕਤ ਕੀਤਾ ਗਿਆ। ਪੰਜਾਬ ਯੂਥ ਕਾਂਗਰਸ ਦੀ ਇਸ ਨਵੀਂ ਬਣੀ ਡਿਸਿਪਲਿਨਰੀ ਕਮੇਟੀ ਦਾ ਮੈਂਬਰ ਬਣਨ 'ਤੇ ਮਨਪ੍ਰੀਤ ਸਿੰਘ ਚੱਡਾ ਨੇ ਉਦੈ ਭਾਨੂੰ ਚਿੱਬ, ਰਿਸ਼ੇਦਰ ਸਿੰਘ ਮਾਹਰ, ਮੋਹਿਤ ਮਹਿੰਦਰਾ ਅਤੇ ਲੋਕ ਸਭਾ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਹਿਲੀਆਂ ਜ਼ਿੰਮੇਵਾਰੀਆਂ ਵਾਂਗ ਇਸ ਜ਼ਿੰਮੇਵਾਰੀ ਨੂੰ ਵੀ ਮਿਹਨਤ ਅਤੇ ਲਗਨ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਹਰ ਪੱਖੋਂ ਦ੍ਰਿੜਤਾ ਨਾਲ ਕੰਮ ਕਰਨਗੇ।



# ਰਾਮਪੁਰ ਝੰਜੋਵਾਲ ਦਾ ਰਾਜਪ੍ਰੀਤ ਸਕਾਲਰਸ਼ਿੱਪ ਸਕੀਮ 2024-25 ਲਈ ਚੁਣਿਆ



**ਮਾਹਿਲਪੁਰ (ਸਫ਼ਰੀ)**

ਸੈਂਟਰ ਫਾਰ ਕਲਚਰਲ ਰਿਸੋਰਸ ਐਂਡ ਟਰੇਨਿੰਗ ਨਵੀਂ ਦਿੱਲੀ (ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲਾ) ਵਲੋਂ ਇਸ ਸਾਲ ਕਲਚਰਲ ਟੇਲੈਂਟ ਸਰਚ ਸਕਾਲਰਸ਼ਿੱਪ ਸਕੀਮ 2024-25 ਵਿੱਚ ਭਾਗ ਲੈਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਮਰਾਟ ਸਕੂਲ ਰਾਮਪੁਰ ਝੰਜੋਵਾਲ ਦੇ ਛੇਵੀਂ ਕਲਾਸ ਦੇ ਵਿਦਿਆਰਥੀ ਰਾਜਪ੍ਰੀਤ ਸਿੰਘ ਦੀ ਚੋਣ ਕੀਤੀ ਗਈ ।ਇਸ ਵਿਦਿਆਰਥੀ ਨੇ ਨਵੀਂ ਦਿੱਲੀ ਵਿਖੇ ਇਸ ਸਕਾਲਰਸ਼ਿੱਪ ਪ੍ਰੀਖਿਆ ਲਈ ਮਿਊਜਿਕ ਇਨਸਟਰੂਮੈਂਟ ਤਬਲਾ ਵਿੱਚ ਭਾਗ ਲਿਆ।ਇਸ ਦਾ ਰਿਜਲਟ ਮਾਰਚ, ਅਪਰੈਲ ਵਿੱਚ ਆਵੇਗਾ ,ਕਿਉਂਕਿ ਵੱਖ-ਵੱਖ ਕਲਾਵਾਂ ਲਈ ਇਹ ਚੋਣ ਪ੍ਰਕਿਰਿਆ ਚੱਲ ਰਹੀ ਹੈ।ਇਸ ਵਿੱਚ ਪੂਰੇ ਭਾਰਤ ਵਿੱਚੋਂ 650 ਵਿਦਿਆਰਥੀਆਂ ਦੀ ਚੋਣ ਹੋ ਰਹੀ ਹੈ।ਸਕੂਲ ਮੁਖੀ ਸ੍ਰੀਮਤੀ ਰੇਨੂੰ ਬਾਲਾ ਨੇ ਦੱਸਿਆ ਕਿ ਇਸ ਸਕੂਲ ਵਿੱਚ ਸੀ ਸੀ ਆਰ ਟੀ ਨਵੀਂ ਦਿੱਲੀ ਵੱਲੋਂ ਸ਼ਿਵਾਲਿਕ ਕਲਚਰਲ ਕਲੱਬ ਦੀ ਪ੍ਰਵਾਨਗੀ ਦਿੱਤੀ ਹੋਈ ਹੈ।ਸ਼੍ਰੀ ਬਲਬੀਰ ਸਿੰਘ ਐੱਸ ਐੱਸ ਮਾਸਟਰ ਇਸ ਕਲੱਬ ਦੇ ਇੰਚਾਰਜ ਹਨ।ਸ਼੍ਰੀ ਮਨਜਿੰਦਰ ਕੁਮਾਰ ਮੈਥ ਮਾਸਟਰ ਇਸ ਕਲੱਬ ਦੇ ਸਹਿਯੋਗੀ ਅਧਿਆਪਕ ਹਨ।ਇਸ ਤਹਿਤ ਇਸ ਸਕੂਲ ਦੇ 140 ਵਿਦਿਆਰਥੀ ਵੱਖ-ਵੱਖ ਕਲਾਵਾਂ ਸਿੱਖ ਰਹੇ ਹਨ।ਇਹ ਵਿਦਿਆਰਥੀ ਤਿੰਨ ਸਾਲ ਤੋਂ ਸੰਗੀਤ ਅਧਿਆਪਕ ਸ. ਸੁਖਦੇਵ ਸਿੰਘ ਨਡਾਲੋ ਤੋਂ ਸਿਖਲਾਈ ਲੈ ਰਿਹਾ ਹੈ।ਇਸ ਵਿਦਿਆਰਥੀ ਦੀ ਮਾਤਾ ਮਨਜੀਤ ਕੌਰ ਦਾ ਇਸ ਵਿੱਚ ਵੱਡਾ ਯੋਗਦਾਨ ਹੈ।ਸਕੂਲ ਸਟਾਫ ਵੱਲੋਂ ਇਸ ਵਿਦਿਆਰਥੀ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਮੁਖੀ ਸ਼੍ਰੀਮਤੀ ਰੇਨੂੰ ਬਾਲਾ, ਸ਼੍ਰੀਮਤੀ ਨਿਰਮਲਾ ਦੇਵੀ, ਸ਼੍ਰੀ ਦਵਿੰਦਰ ਸਿੰਘ, ਸ਼੍ਰੀ ਬਲਬੀਰ ਸਿੰਘ, ਸ਼੍ਰੀ ਮਨਜਿੰਦਰ ਕੁਮਾਰ, ਸ਼੍ਰੀ ਬਹਾਦਰ ਸਿੰਘ, ਸ਼੍ਰੀਮਤੀ ਔਸ਼ਮਾ, ਮਿਸ ਬਖਸ਼ੋ ਰਾਣੀ, ਸ਼੍ਰੀਮਤੀ ਸੁਮਨ ਸਹੋਤਾ, ਸ਼੍ਰੀ ਗੁਰਦੀਪ ਸਿੰਘ, ਸ਼੍ਰੀ ਪਰਵਿੰਦਰ ਸਿੰਘ,ਸ਼੍ਰੀ ਕਮਲਜੀਤ ਸਿੰਘ, ਸ਼੍ਰੀ ਮਨਜੀਤ ਸਿੰਘ ਅਤੇ ਸ਼੍ਰੀ ਰਾਜ ਕਪੂਰ ਕੈਂਪਸ ਮੈਨੇਜਰ ਹਾਜਰ ਸਨ ।

# ਜਰਨਲਿਸਟ ਪ੍ਰੈੱਸ ਕਲੱਬ ਦੇ ਮੈਂਬਰ ਹੁਣ ਭਲਕੇ ਮਿਲਣਗੇ ਐੱਸ ਡੀ ਐੱਮ ਨੂੰ

**ਬਸਤੀ ਸ਼ੇਖ (ਜਲੰਧਰ)-(ਲਖਵਿੰਦਰ ਸਿੰਘ)** ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਵੱਲੋਂ ਪੱਤਰਕਾਰ ਭਾਈਚਾਰੇ ਨੂੰ ਪੇਸ਼ ਆ ਰਹੀਆਂ ਮੁਸਕਲਾਂ ਦੇ ਸਬੰਧੀ ਪੱਤਰਕਾਰ ਸਾਥੀਆਂ ਦਾ ਵਫਦ ਮਾਨਯੋਗ ਐਸ ਡੀ ਐਮ ਸਾਹਿਬ ਨਕੋਦਰ ਨੂੰ ਮਿਲਣ ਲਈ ਪਹੁੰਚਿਆ ਸੀ, ਪਰ ਕਿਸੇ ਵਜ੍ਹਾ ਕਰਕੇ ਮੁਲਤਵੀ ਕਰਨ ਪਿਆ।ਜਰਨਲਿਸਟ ਪ੍ਰੈਸ ਕਲੱਬ ਦੇ ਪ੍ਰਧਾਨ ਸ੍ਰੀ ਮਨਜੀਤ ਮਾਨ ਨੇ ਦੱਸਿਆ ਕਿ 7 ਫ਼ਰਵਰੀ ਸ਼ੁੱਕਰਵਾਰ 11.30 ਵਜੇ ਮਾਨਯੋਗ ਐਸ ਡੀ ਐਮ ਸਾਹਿਬ ਨਕੋਦਰ ਤਹਿਸੀਲ ਕੰਪਲੈਕਸ ਵਿਖੇ ਪਹੁੰਚਣ ਦੀ ਅਪੀਲ ਕੀਤੀ ਤੇ ਆਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।ਇਸ ਮੌਕ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸ੍ਰੀ ਪ੍ਰੀਤ ਸੰਗੋਜਲਾ ਪ੍ਰਿਤਪਾਲ ਸਿੰਘ ਸੂਬਾ ਕੋਆਰਡੀਨੇਟਰ ,ਰਾਮ ਸਿੰਘ ਭੱਟੀ ਮੁੱਖ ਬੁਲਾਰੇ ਪੰਜਾਬ ,ਪ੍ਰਿੰਸੀਪਲ ਰਵੀ ਸ਼ਰਮਾ ਕੈਸ਼ੀਅਰ, ਗੋਬਿੰਦ ਰਾਏ ਬਲਾਕ ਪ੍ਰਧਾਨ ਨਕੋਦਰ, ਲਖਵਿੰਦਰ ਆਧੀ, ਪਰਵੇਜ਼ ਭੱਟੀ, ਨਰਿੰਦਰ ਚੂਹੜ, ਹੈਪੀ ਨਕੋਦਰ,ਜਗਨ ਨਾਥ ਜੱਗੀ ਫਿਲੌਰ ਜਗਦੀਸ਼ ਮਹੇੜੂ, ਸ਼ਰਮਾ ਫਿਲੋਰ, ਸਰਬਨ ਸਿੰਘ ਸੰਘਾ ਕਾਲਾ ਸੰਘਿਆਂ, ਸੋਹਨ ਸਿੰਘ ਭੰਵਰਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਾਥੀ ਹਾਜ਼ਰ ਸਨ।

# ਕਾਮਰੇਡ ਬਲਵਿੰਦਰ ਪਾਲ ਬੰਗਾ ਨੂੰ ਸ਼ਰਧਾਂਜਲੀਆਂ

**ਬੰਗਾ (ਅਵਤਾਰ ਕਲੇਰ)**

ਪਿਛਲੇ ਦਿਨੀਂ ਵਿਛੋੜਾ ਦੇ ਗਏ ਸੀ ਪੀ ਆਈ ਐਮ ਦੇ ਤਹਿਸੀਲ ਕਮੇਟੀ ਮੈਂਬਰ ਕਾਮਰੇਡ ਬਲਵਿੰਦਰ ਪਾਲ ਬੰਗਾ ਨੂੰ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ।ਇਸ ਮੌਕੇ ਬੋਲਦਿਆਂ ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਸਾਥੀ ਬਲਵਿੰਦਰ ਦੇ ਜਾਣ ਨਾਲ ਪਰਿਵਾਰ ਨੂੰ ਹੀ ਨਹੀਂ ਸਗੋਂ ਪਾਰਟੀ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਕਾਮਰੇਡ ਬਲਵਿੰਦਰ ਦੱਬੇ-ਕੁਚਲੇ ਲੋਕਾਂ ਦੀ ਸੱਜੀ ਬਾਂਹ ਬਣਕੇ ਉਨ੍ਹਾਂ ਦੀ ਮਦਦ ਲਈ ਹਰ ਵਕਤ ਤਿਆਰ ਬਰ ਤਿਆਰ ਰਹਿੰਦੇ ਸਨ।ਇਸ ਮੌਕੇ ਸੀ ਪੀ ਆਈ ਐਮ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਦਰਸ਼ਨ ਸਿੰਘ ਮੱਟੂ, ਸੀਟੂ ਆਗੂ ਮਹਾਂ ਸਿੰਘ ਰੌੜੀ, ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਦੌਲਤਪੁਰ, ਜੋਗਿੰਦਰ ਲੜੋਆ, ਕੁਲਦੀਪ ਝਿੰਗੜ, ਨਿਰਮਲ ਨੂਰਪੁਰ, ਗੁਰਦੀਪ ਸਿੰਘ ਗੁਲਾਟੀ, ਸਾਬਕਾ ਵਿਧਾਇਕ ਚੌਧਰੀ ਮੋਹਣ ਲਾਲ, ਆਮ ਆਦਮੀ ਪਾਰਟੀ ਦੇ ਆਗੂ ਕੁਲਜੀਤ ਸਰਹਾਲ ਤੇ ਬਲਵੀਰ ਸਿੰਘ ਕਰਨਾਣਾ, ਸਾਬਕਾ ਸਰਪੰਚ ਤਰਸੇਮ ਲਾਲ ਝੱਲੀ, ਸਾਬਕਾ ਐਸ ਐਮ ਓ ਨਿਰੰਜਣ ਦਾਸ,ਡਾ ਹਰਬਿਲਾਸ ਹੀਓਂ, ਬਲਵਿੰਦਰ ਕੁਮਾਰ ਹੀਓ, ਨਰਿੰਦਰ ਸਿੰਘ ਗੋਸਲ, ਮਾ ਅਸ਼ੋਕ ਕੁਮਾਰ ਹੀਓਂ , ਸਾਬਕਾ ਐਸ ਪੀ ਜਗਤਾਰ ਸਿੰਘ ਕੈਂਥ,ਐਮ ਸੀ ਨਰਿੰਦਰ ਰੱਤੂ ਆਦਿ ਸਾਥੀਆਂ ਨੇ ਕਾਮਰੇਡ ਬਲਵਿੰਦਰ ਪਾਲ ਬੰਗਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।ਸਟੇਜ ਸਕੱਤਰ ਦੀ ਭੂਮਿਕਾ ਰਾਜ ਹੀਓਂ ਨੇ ਨਿਭਾਈ।




# 1500 ਤੋਂ ਵੱਧ ਸ਼ਰਧਾਲੂ ਜਾਣਗੇ ਕਾਸ਼ੀ

**ਜਲੰਧਰ, (ਸੁਰਿੰਦਰ ਕੁਮਾਰ)**-ਸਥਾਨਕ ਜਲੰਧਰ-ਪਠਾਨਕੋਟ ਜੀ ਟੀ ਰੋਡ 'ਤੇ ਸਥਿਤ ਡੇਰਾ ਸੱਚਖੰਡ ਬੱਲਾਂ ਤੋਂ ਸੰਤ ਨਿਰੰਜਣ ਦਾਸ ਦੀ ਰਹਿਨੁਮਾਈ ਹੇਠ ਹਰ ਸਾਲ ਵਾਂਗ ਇਸ ਸਾਲ 9 ਫਰਵਰੀ ਨੂੰ ਸਵੇਰੇ ਦਸ ਵਜੇ ਡੇਰਾਂ ਬੱਲਾਂ ਤੋਂ 1500 ਸ਼ਰਧਾਲੂ ਸੰਤ ਨਿਰੰਜਣ ਦਾਸ ਰਹਿਨੁਮਾਈ ਹੇਠ ਜਲੰਧਰ ਦੇ ਰੇਲਵੇ ਸਟੇਸ਼ਨ ਨੂੰ ਰਵਾਨਾ ਹੋਣਗੇ। ਕੇਂਦਰੀ ਰੇਲਵੇ ਵਿਭਾਗ ਕੋਲ ਰਕਮ ਜਮ੍ਹਾਂ ਕਰਵਾ ਕੇ ਜਲੰਧਰ ਤੋਂ ਬਨਾਰਸ ਤੱਕ 22 ਰੇਲ ਡੱਬਿਆ ਦੀ ਵਿਸ਼ੇਸ਼ ਬੇਗਮਪੁਰਾ ਰੇਲ ਗੱਡੀ ਦੀ ਬੁਕਿੰਗ ਕਰਵਾਈ ਗਈ ਹੈ। ਇਸ ਵਿੱਚ ਕੇਂਦਰ ਸਰਕਾਰ ਵੱਲੋਂ ਸ਼ਰਧਾਲੂਆਂ ਨੂੰ ਰੇਲ ਗੱਡੀ ਰਾਹੀਂ ਕੋਈ ਵੀ ਮੁਫਤ ਲੈ ਕੇ ਜਾਣ ਤੇ ਆਉਣ ਦੀ ਕੋਈ ਵੀ ਸੁਵਿਧਾ ਉਪਲੱਬਧ ਨਹੀ ਕਰਵਾਈ ਗਈ। ਇਸ ਵਾਰ ਕੇਂਦਰ ਸਰਕਾਰ ਵੱਲੋਂ ਕੋਈ ਵੀ ਫਰੀ ਯਾਤਰਾ ਲਈ ਰੇਲ ਗੱਡੀ ਡੇਰਾਂ ਸੱਚਖੰਡ ਪ੍ਰਬੰਧਕਾਂ ਨੂੰ ਨਹੀ ਦਿੱਤੀ। ਇਸ ਵਾਰ ਕੋਈ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਕੋਈ ਵੀ ਫਰੀ ਯਾਤਰਾ ਵਾਲੀ ਰੇਲ ਗੱਡੀ ਨਹੀਂ ਸਰਕਾਰ ਵੱਲੋਂ ਭੇਜੀ ਜਾ ਰਹੀ। ਇਹ ਰੇਲ ਗੱਡੀ 9 ਫਰਵਰੀ ਨੂੰ ਜਲੰਧਰੋਂ ਚੱਲੇਗੀ ਤੇ ਦਸ ਫਰਵਰੀ ਨੂੰ ਬਨਾਰਸ ਪਹੁੰਚੇਗੀ। ਇਹ ਰੇਲ ਗੱਡੀ 13 ਫਰਵਰੀ ਨੂੰ ਬਨਾਰਸ ਤੋਂ ਜਲੰਧਰ ਡੇਰਾਂ ਸੱਚਖੰਡ ਬੱਲਾਂ ਲਈ ਰਵਾਨਾ ਹੋਏਗੀ ਤੇ 14 ਫਰਵਰੀ ਨੂੰ ਜਲੰਧਰ ਦੇ ਰੇਲਵੇ ਸਟੇਸ਼ਨ 'ਤੇ ਸ਼ਰਧਾਲੂਆਂ ਨੂੰ ਲੈ ਕੇ ਵਾਪਸ ਪਹੁੰਚੇਗੀ।

# ਸੜਕ ਸੁਰੱਖਿਆ ਸੰਬੰਧੀ ਐੱਨ ਐੱਸ ਐੱਸ ਬਲੰਟੀਅਰਾਂ ਨੂੰ ਸਹੁੰ ਚੁਕਾਈ

**ਮਾਹਿਲਪੁਰ (ਸਫਰੀ)**- ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਡਾ: ਪਰਵਿੰਦਰ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਐਨ ਐਸ ਐਸ ਯੂਨਿਟ ਵੱਲੋਂ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਨੂੰ ਮੁੱਖ ਰੱਖਦਿਆਂ ਸੜਕ ਸੁਰੱਖਿਆ ਦੇ ਸਬੰਧ ਵਿੱਚ ਐਨ ਐਸ ਐਸ ਵਲੰਟੀਅਰਾਂ ਨੂੰ ਸੜਕ ਸੁਰੱਖਿਆ ਦੀ ਸਹੁੰ ਚੁਕਵਾਈ ਗਈ ।ਇਸ ਮੌਕੇ ਡਾ: ਪਰਮਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਜਾਗਰੂਕ ਕੀਤਾ। ਐਨ ਐਸ ਐਸ ਪ੍ਰੋਗਰਾਮ ਅਫਸਰ ਡਾ: ਬਲਬੀਰ ਕੌਰ ਗੀਹਲ ਵਲੋਂ ਯੂਨਿਟ ਦੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਸਬੰਧੀ ਸਹੁੰ ਚੁਕਾਈ । ਇਸ ਮੌਕੇ ਐਨ ਐਸ ਐਸ ਪ੍ਰੋਗਰਾਮ ਅਫ਼ਸਰ ਡਾ: ਰਜਿੰਦਰ ਪ੍ਰਸਾਦ ਅਤੇ ਡਾਕਟਰ ਰਾਜਕੁਮਾਰ ਵੀ ਹਾਜ਼ਰ ਸਨ।




# 18 ਦੇਸ਼ਾਂ ਤੋਂ 800 ਐੱਨ ਆਰ ਆਈ ਵਿਸ਼ਾਲ ਜਥੇ 'ਚ ਹੋਣਗੇ ਕਾਸ਼ੀ ਲਈ ਰਵਾਨਾ

**ਜਲੰਧਰ, (ਸੁਰਿੰਦਰ ਕੁਮਾਰ)**-12 ਫਰਵਰੀ ਨੂੰ ਪੂਰੇ ਵਿਸ਼ਵ ਵਿੱਚ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ 'ਤੇ ਸੱਚਖੰਡ ਡੇਰਾ ਬੱਲਾਂ ਵਿਖੇ ਪਿਛਲੇ 15 ਦਿਨਾਂ ਤੋਂ ਲਗਾਤਾਰ ਵਿਸ਼ਵ ਦੇ ਲੱਗਭੱਗ 18 ਦੇਸ਼ਾਂ ਤੋਂ ਲੱਗਭੱਗ 800 ਤੋਂ ਵੱਧ ਸ਼ਰਧਾਲੂ ਅਮਰੀਕਾ, ਕੈਨੇਡਾ, ਦੁਬਈ, ਮਸਕਟ, ਇੰਗਲੈਂਡ, ਫਰਾਂਸ, ਇਟਲੀ, ਆਸਟਰੀਆ, ਦੋਹਾ ਕਤਰ. ਨਿਊ ਜ਼ੀਲੈਂਡ, ਜਰਮਨੀ ਸਮੇਤ ਪਹੁੰਚੇ। ਇਹ ਸ਼ਰਧਾਲੂ ਸੰਤ ਨਿਰੰਜਣ ਦਾਸ ਨਾਲ 9 ਫਰਵਰੀ ਨੂੰ ਜਲੰਧਰ ਰੇਲਵੇ ਸ਼ਟੇਸਨ ਤੋਂ ਚੱਲਣ ਵਾਲੀ ਵਿਸ਼ੇਸ਼ ਰੇਲ ਗੱਡੀ ਵਿੱਚ ਸਵਾਰ ਹੋ ਕੇ ਕਾਸ਼ੀ ਲਈ ਰਵਾਨਾ ਹੋਣਗੇ।

# ਗਣਿਤ ਤੇ ਕੰਪਿਊਟਰ ਸਾਇੰਸ ਦੇ ਅਧਿਆਪਕਾਂ ਦੀ ਟ੍ਰੇਨਿੰਗ ਸੰਪਨ

**ਮਾਹਿਲਪੁਰ(ਸਫਰ)**- ਵਿਭਾਗੀ ਨਿਰਦੇਸ਼ਾਂ ਅਨੁਸਾਰ ਬਲਾਕ ਮਾਹਿਲਪੁਰ-1 ਮਾਹਿਲਪਰ-2 ਅਤੇ ਕੋਟ ਫਤੂਹੀ ਦੇ ਗਣਿਤ ਅਤੇ ਕੰਪਿਊਟਰ ਸਾਇੰਸ ਦੇ ਅਧਿਆਪਕਾਂ ਦੀ ਟ੍ਰੇਨਿੰਗ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਲੜਕੇ ਮਾਹਿਲਪੁਰ ਵਿਖੇ ਪ੍ਰਿੰਸੀਪਲ ਗੁਰਾਂ ਦਾਸ ਦੀ ਦੇਖ ਰੇਖ ਹੇਠ ਸੰਪਨ ਹੋਈ।ਇਸ ਮੌਕੇ ਸੈਮੀਨਾਰ ਲਗਾ ਰਹੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਗੁਰਾਂ ਦਾਸ ਨੇ ਆਪਣੇ ਫਰਜ਼ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਉਹਨਾਂ ਨੇ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਚੁੱਕੇ ਜਾ ਰਹੇ ਕਦਮਾਂ ਦੀ ਸ਼ਲਾਗਾ ਕੀਤੀ।ਓਂਕਾਰ ਸਿੰਘ ,ਮਨਜਿੰਦਰ ਸਿੰਘ ,ਗੁਰਸ਼ਰਨ ਸਿੰਘ , ਮਨਜੀਤ ਸਿੰਘ , ਬਲਵੀਰ ਸਿੰਘ , ਦਿਨੇਸ਼ ਕੁਮਾਰ , ਰਣਜੀਤ ਸਿੰਘ , ਗੁਰਦੇਵ ਸਿੰਘ ਅਤੇ ਸਰਿਤਾ ਸ਼ਰਮਾ ਨੇ ਬਤੌਰ ਰਿਸੋਰਸ ਪਰਸਨ ਭੂਮਿਕਾ ਨਿਭਾਈ ।ਇਸ ਟ੍ਰੇਨਿੰਗ ਵਿੱਚ ਨੀਰੂ ਸ਼ਰਮਾ, ਨੀਤੂ ਰਾਣੀ , ਦਿਸ਼ਾ ਦੀਪ ,ਇੰਦਰਪਾਲ ਸਿੰਘ ,ਸਤਵੰਤ ਸਿੰਘ ਆਦਿ ਵੀ ਹਾਜ਼ਰ ਸਨ।



# ਸੰਸਦ ਸੈਸ਼ਨ 'ਚ ਡਾ. ਚੱਬੇਵਾਲ ਨੇ ਭਾਜਪਾ ਦੀਆਂ ਦਲਿਤ ਵਿਰੋਧੀ ਨੀਤੀਆਂ 'ਤੇ ਕੀਤਾ ਤਿੱਖਾ ਹਮਲਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਲੋਕ ਸਭਾ ਸੈਸ਼ਨ ਦੌਰਾਨ ਆਪ ਸਾਂਸਦ ਡਾ. ਰਾਜਕੁਮਾਰ ਚੱਬੇਵਾਲ ਨੇ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਉਸ ਨੂੰ ਦਲਿਤ ਵਿਰੋਧੀ ਅਤੇ ਦਿੱਲੀ ਵਿਰੋਧੀ ਨੀਤੀਆਂ ਲਈ ਘੇਰ ਲਿਆ।ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਨੀਤੀਆਂ ਸਿਰਫ਼ ਦਲਿਤ ਸਮਾਜ ਦੇ ਹਿੱਤਾਂ ਦੇ ਖ਼ਿਲਾਫ਼ ਨਹੀਂ ਹਨ, ਸਗੋਂ ਦਿੱਲੀ ਦੇ ਵਿਕਾਸ ਵਿੱਚ ਵੀ ਵੱਡੀ ਰੁਕਾਵਟ ਬਣ ਰਹੀਆਂ ਹਨ।ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਸਰਕਾਰ ਦਲਿਤਾਂ ਅਤੇ ਪਿੱਛੜੇ ਵਰਗਾਂ ਦੇ ਅਧਿਕਾਰਾਂ ਨੂੰ ਦਬਾਉਣ ਦਾ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਦੀ ਤਰੱਕੀ ਵਿੱਚ ਰੁਕਾਵਟ ਪੈਦਾ ਕਰ ਰਹੀ ਹੈ।ਡਾ. ਚੱਬੇਵਾਲ ਨੇ ਭਾਜਪਾ ਨੇਤਾਵਾਂ ਨੂੰ ਸੰਸਦ ਦੀ ਗਰਿਮਾ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 'ਤੇ ਟਿੱਪਣੀ ਕਰਦਿਆਂ ਸਾਰੇ ਨੇਤਾਵਾਂ ਨੂੰ ਸੰਵੇਦਨਸ਼ੀਲਤਾ ਦਿਖਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਇਤਿਹਾਸਕ ਵਿਰਾਸਤ ਦਾ ਆਦਰ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਭਾਰਤ ਨੂੰ ਇਕ ਮਜ਼ਬੂਤ ਅਤੇ ਸਮਾਵੇਸ਼ੀ ਸੰਵਿਧਾਨ ਦਿੱਤਾ ਹੈ, ਜੋ ਸਾਰੇ ਵਰਗਾਂ ਨੂੰ ਬਰਾਬਰੀ ਦੇ ਅਧਿਕਾਰ ਅਤੇ ਇੱਜ਼ਤ ਦਿੰਦਾ ਹੈ।ਡਾ. ਚੱਬੇਵਾਲ ਨੇ ਸੰਸਦ ਵਿੱਚ ਖ਼ਾਸ ਤੌਰ 'ਤੇ ਐਸ ਸੀ (ਅਨੁਸੂਚਿਤ ਜਾਤੀ) ਵਰਗ ਲਈ ਏ ਜੀ (ਮਹਾਲੇਖਾ ਪਰੀਖਸ਼ਕ) ਦਫ਼ਤਰ ਵਿੱਚ ਰਾਖਵੇਂ ਦੀ ਲੋੜ ਉੱਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਲਈ ਬਰਾਬਰ ਦੇ ਮੌਕੇ ਸੁਨਿਸ਼ਚਿਤ ਕਰਨ ਲਈ ਇਹ ਕਦਮ ਬਹੁਤ ਜ਼ਰੂਰੀ ਹੈ, ਤਾਂ ਜੋ ਉਨ੍ਹਾਂ ਨੂੰ ਸਰਕਾਰੀ ਸੰਸਥਾਵਾਂ ਵਿੱਚ ਵੀ ਯੋਗ ਪ੍ਰਤੀਨਿਧਿਤਾ ਮਿਲ ਸਕੇ।ਡਾ. ਚੱਬੇਵਾਲ ਨੇ ਇਹ ਵੀ ਕਿਹਾ, ਹੁਣ ਤੱਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਰਾਖਵਾ ਨੀਤੀ ਸਿਰਫ਼ ਪੰਜਾਬ ਵਿੱਚ ਲਾਗੂ ਕੀਤੀ ਹੈ, ਪਰ ਇਹਦੇ ਫਾਇਦੇ ਪੂਰੇ ਦੇਸ਼ ਦੇ ਹੋਰ ਰਾਜਾਂ ਤੱਕ ਵੀ ਪਹੁੰਚਣੇ ਚਾਹੀਦੇ ਹਨ, ਤਾਂ ਜੋ ਦਲਿਤ ਭਾਈਚਾਰੇ ਨੂੰ ਬਰਾਬਰੀ ਦੇ ਮੌਕੇ ਮਿਲ ਸਕਣ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰਾਖਵਾਂਕਰਣ ਨੀਤੀਆਂ ਸਿਰਫ਼ ਇਕ ਰਾਜ ਤੱਕ ਸੀਮਿਤ ਨਹੀਂ ਰਹਿਣੀਆਂ ਚਾਹੀਦੀਆਂ, ਸਗੋਂ ਪੂਰੇ ਦੇਸ਼ ਵਿੱਚ ਦਲਿਤਾਂ ਦੇ ਸਸ਼ਕਤੀਕਰਨ ਲਈ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।ਇਸਦੇ ਨਾਲ ਹੀ ਉਨ੍ਹਾਂ ਦਿੱਲੀ ਸਰਕਾਰ ਵਲੋਂ ਕੀਤੇ ਗਏ ਜਨਹਿੱਤਕਾਰੀ ਕੰਮਾਂ ਦੀ ਵੀ ਸ਼ਲਾਘਾ ਕੀਤੀ, ਜਿਸ ਵਿੱਚ ਦਿੱਲੀ ਵਿੱਚ ਮੁਫ਼ਤ ਬਿਜਲੀ ਅਤੇ ਪਾਣੀ ਵਰਗੀਆਂ ਯੋਜਨਾਵਾਂ, ਗਰੀਬਾਂ ਅਤੇ ਦਲਿਤ ਵਰਗ ਦੇ ਕਲਿਆਣ ਲਈ ਚਲਾਈਆਂ ਹੋਰ ਯੋਜਨਾਵਾਂ ਸ਼ਾਮਲ ਹਨ। ਉਨ੍ਹਾਂ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਵਿੱਚ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵਲੋਂ ਦਲਿਤਾਂ ਅਤੇ ਗਰੀਬਾਂ ਦੇ ਉਤਥਾਨ ਲਈ ਕੀਤੇ ਗਏ ਮਹੱਤਵਪੂਰਨ ਕੰਮਾਂ ਦੀ ਵੀ ਪ੍ਰਸ਼ੰਸਾ ਕੀਤੀ।

ਇਸਦੇ ਨਾਲ ਹੀ ਉਨ੍ਹਾਂ ਭਾਜਪਾ ਨੂੰ ਸਲਾਹ ਦਿੱਤੀ ਕਿ ਉਹ ਧਾਰਮਿਕ ਮੁੱਦਿਆਂ ਉੱਤੇ ਧਿਆਨ ਦੇਣ ਦੀ ਬਜਾਏ ਅਰਥਵਿਵਸਥਾ, ਗਰੀਬਾਂ ਦੇ ਕਲਿਆਣ, ਸਮਾਜ ਸੁਧਾਰ ਅਤੇ ਵਧਦੇ ਕਰਜ਼, ਜੋ ਹੁਣ ਲਗਭਗ ?200 ਲੱਖ ਕਰੋੜ ਤੱਕ ਪਹੁੰਚ ਚੁੱਕਾ ਹੈ, ਵਰਗੇ ਮਹੱਤਵਪੂਰਨ ਮੁੱਦਿਆਂ ਉੱਤੇ ਧਿਆਨ ਕੇਂਦਰਿਤ ਕਰੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਬੇਰੁਜ਼ਗਾਰੀ, ਮਹਿੰਗਾਈ ਅਤੇ ਸਿੱਖਿਆ ਵਰਗੇ ਮੁੱਦਿਆਂ ਉੱਤੇ ਢੁਕਵੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਤਾਂ ਜੋ ਦੇਸ਼ ਦਾ ਸਮੁੱਚਾ ਵਿਕਾਸ ਸੰਭਵ ਹੋ ਸਕੇ। ਉਨ੍ਹਾਂ ਦੇ ਇਸ ਪ੍ਰਖਰ ਅਤੇ ਤੱਥਾਤਮਕ ਭਾਸ਼ਣ ਨੇ ਸੰਸਦ ਦੇ ਅੰਦਰ ਇਕ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ, ਜੋ ਆਉਣ ਵਾਲੇ ਦਿਨਾਂ ਵਿੱਚ ਰਾਜਨੀਤਿਕ ਵਿਚਾਰ-ਵਟਾਂਦਰੇ ਦਾ ਕੇਂਦਰ ਬਣ ਸਕਦੀ ਹੈ।

# ਪੰਜਾਬ ਨੇ ਈ-ਸ਼੍ਰਮ ਪੋਰਟਲ 'ਤੇ 57,75,402 ਕਾਮਿਆਂ ਨੂੰ ਕੀਤਾ ਰਜਿਸਟਰ : ਸੌਂਦ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਹੈ ਕਿ ਕਿਰਤ ਵਿਭਾਗ ਨੇ ਭਾਰਤ ਸਰਕਾਰ ਵੱਲੋਂ ਅਸੰਗਠਿਤ ਕਾਮਿਆਂ ਦੀ ਰਜਿਸਟਰੇਸ਼ਨ ਲਈ ਸ਼ੁਰੂ ਕੀਤੇ ਗਏ ਈ-ਸ਼੍ਰਮ ਪੋਰਟਲ 'ਤੇ 57,75,402 ਕਾਮਿਆਂ ਨੂੰ ਰਜਿਸਟਰ ਕੀਤਾ ਹੈ।ਹਾਲ ਹੀ ਵਿੱਚ, ਸੌਂਦ ਨੇ ਨਵੀਂ ਦਿੱਲੀ ਵਿਖੇ ਕਿਰਤ ਮੰਤਰੀਆਂ ਅਤੇ ਕਿਰਤ ਸਕੱਤਰਾਂ ਦੇ ਦੋ-ਰੋਜ਼ਾ ਸੰਮੇਲਨ ਮੌਕੇ ਈ-ਸ਼੍ਰਮ ਅਧੀਨ ਰਜਿਸਟਰਡ ਕਾਮਿਆਂ ਨੂੰ ਮੈਡੀਕਲ ਬੀਮਾ, ਉਨ੍ਹਾਂ ਦੇ ਬੱਚਿਆਂ ਲਈ ਵਜ਼ੀਫ਼ਾ ਅਤੇ ਸੇਵਾਮੁਕਤੀ ਤੋਂ ਬਾਅਦ ਪੈਨਸ਼ਨ ਲਾਭ ਪ੍ਰਦਾਨ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਬਿਲਡਿੰਗ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ ਵੱਲੋਂ ਉਸਾਰੀ ਕਾਮਿਆਂ ਦੀ ਸਹੂਲਤ ਲਈ ਰਜਿਸਟਰੇਸ਼ਨ ਫਾਰਮ ਨੂੰ ਆਸਾਨ ਬਣਾਉਣ ਅਤੇ ਫਾਰਮ ਨੰਬਰ 27 ਦਾ ਪੰਜਾਬੀ ਵਿੱਚ ਅਨੁਵਾਦ ਵਰਗੇ ਕਈ ਸੁਧਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਾਮੇ ਦੀ ਅਰਜ਼ੀ 'ਤੇ ਕੋਈ ਇਤਰਾਜ਼ ਲੱਗਦਾ ਹੈ ਤਾਂ ਸਬੰਧਤ ਉਸਾਰੀ ਕਾਮੇ ਨੂੰ ਇਸ ਸੰਬੰਧੀ ਐਸ.ਐਮ.ਐਸ. ਭੇਜਿਆ ਜਾਂਦਾ ਹੈ। ਇਸ ਦੇ ਨਾਲ ਹੀ ਹੁਣ ਕਿਰਤ ਇੰਸਪੈਕਟਰਾਂ ਨੂੰ ਅਰਜ਼ੀ ਪ੍ਰਾਪਤ ਹੋਣ ਦੇ 14 ਦਿਨਾਂ ਦੇ ਅੰਦਰ ਰਜਿਸਟਰੇਸ਼ਨ/ਨਵੀਨੀਕਰਨ ਅਰਜ਼ੀ 'ਤੇ ਕਾਰਵਾਈ ਕਰਨ ਦੀ ਹਦਾਇਤ ਹੈ।ਸੌਂਦ ਨੇ ਕਿਹਾ ਕਿ ਪੰਜਾਬ ਬਿਲਡਿੰਗ ਅਤੇ ਹੋਰ ਉਸਾਰੀ ਕਿਰਤੀ ਭਲਾਈ ਬੋਰਡ ਨੇ ਵਜ਼ੀਫ਼ਾ ਯੋਜਨਾ, ਐਲ.ਟੀ.ਸੀ. ਯੋਜਨਾ ਅਤੇ ਸ਼ਗਨ ਯੋਜਨਾ ਸਮੇਤ ਵੱਖ-ਵੱਖ ਭਲਾਈ ਯੋਜਨਾਵਾਂ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਵੀ ਆਸਾਨ ਬਣਾਇਆ ਹੈ। ਉਨ੍ਹਾਂ ਅੱਗੇ ਦੱਸਿਆ ਕਿ, ਹੁਣ ਤੱਕ ਵਿੱਤੀ ਸਾਲ 2024-2025 ਦੌਰਾਨ ਵੱਖ-ਵੱਖ ਭਲਾਈ ਯੋਜਨਾਵਾਂ ਤਹਿਤ 19,055 ਕਾਮਿਆਂ ਨੂੰ ਕੁੱਲ 31.71 ਕਰੋੜ ਰੁਪਏ ਵੰਡੇ ਗਏ ਹਨ। ਇਸੇ ਤਰ੍ਹਾਂ ਮੌਜੂਦਾ ਵਿੱਤੀ ਸਾਲ ਦੌਰਾਨ ਉਸਾਰੀ ਕਾਮਿਆਂ ਵਿੱਚ ਕੁੱਲ 19.53 ਕਰੋੜ ਰੁਪਏ ਵੰਡੇ ਗਏ ਹਨ।ਕਿਰਤ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ ਵਿੱਚ ਪੰਜਾਬ ਕਿਰਤ ਭਲਾਈ ਬੋਰਡ ਨੇ 5980 ਲਾਭਪਾਤਰੀਆਂ ਵਿੱਚ ਕੁੱਲ 15.36 ਕਰੋੜ ਰੁਪਏ ਦੀ ਵੰਡ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਭਪਾਤਰੀ ਕਾਰਡਾਂ ਅਤੇ ਭਲਾਈ ਸਕੀਮਾਂ ਦੀ ਰਜਿਸਟਰੇਸ਼ਨ/ਨਵੀਨੀਕਰਨ ਵਿੱਚ ਕਿਰਤੀਆਂ ਦੀਆਂ ਅਰਜ਼ੀਆਂ 'ਤੇ ਲੱਗੇ ਇਤਰਾਜ਼ਾਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਨ ਲਈ ਸਹਾਇਕ ਕਮਿਸ਼ਨਰ/ਕਿਰਤ ਅਧਿਕਾਰੀ ਦੇ ਦਫ਼ਤਰਾਂ ਵਿੱਚ ਹੈਲਪ ਡੈਸਕ ਵੀ ਬਣਾਏ ਗਏ ਹਨ।

# ਕੇਂਦਰੀ ਬਜਟ ਕਿਸਾਨਾਂ ਤੇ ਕਿਰਤੀ ਲੋਕਾਂ 'ਤੇ ਘੋਰ ਹਮਲਾ : ਬੀ ਕੇ ਯੂ ਉਗਰਾਹਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਐਸ ਕੇ ਐਮ ਦੇ ਫੈਸਲੇ ਅਨੁਸਾਰ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਕੇਂਦਰੀ ਬਜਟ 2025-26 ਨੂੰ ਕਿਸਾਨਾਂ, ਮਜ਼ਦੂਰਾਂ ਅਤੇ ਸਮੁੱਚੇ ਕਿਰਤੀ ਲੋਕਾਂ 'ਤੇ ਘੋਰ ਹਮਲਾ ਗਰਦਾਨਿਆ ਹੈ ਅਤੇ ਸਖ਼ਤ ਵਿਰੋਧ ਕੀਤਾ ਹੈ। ਇਸ ਸਬੰਧੀ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੋਸ਼ ਲਾਇਆ ਹੈ ਕਿ ਇਸ ਕੇਂਦਰੀ ਬਜਟ ਵਿੱਚ ਬੀਮਾ ਖੇਤਰ ਦੇ 100% ਨਿੱਜੀਕਰਨ ਦੇ ਠੋਸ ਪ੍ਰਸਤਾਵ ਸਮੇਤ ਹੋਰ ਕਾਰਪੋਰੇਟ ਕਬਜ਼ਿਆਂ ਅਤੇ ਉਦਾਰੀਕਰਨ ਲਈ ਪ੍ਰਸਤਾਵ ਇਸ ਮੌਕੇ ਖ਼ਤਰਨਾਕ ਹਨ, ਜਦੋਂ ਭਾਰਤੀ ਆਰਥਿਕਤਾ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਖੇਤੀਬਾੜੀ, ਨਿਰਮਾਣ, ਸੇਵਾਵਾਂ ਸਮੇਤ ਸਾਰੇ ਖੇਤਰਾਂ 'ਤੇ ਕਾਰਪੋਰੇਟ ਕਬਜ਼ਿਆਂ ਦਾ ਆਧਾਰ ਬਣਾਇਆ ਗਿਆ ਹੈ।ਸਾਰੀਆਂ ਫਸਲਾਂ ਲਈ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐੱਮ ਐੱਸ ਪੀ ਸੀ-2+50% ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਬੇਰਹਿਮੀ ਨਾਲ ਨਜ਼ਰਅੰਦਾਜ਼ ਕੀਤਾ ਹੈ। ਇਸ ਬੇਰਹਿਮੀ ਨੂੰ ਕਾਰਪੋਰੇਟ ਮੁਨਾਫ਼ਿਆਂ ਵਿੱਚ ਲਗਾਤਾਰ ਭਾਰੀ ਵਾਧੇ ਦੇ ਪ੍ਰਸੰਗ ਵਿੱਚ ਦੇਖਣ ਦੀ ਲੋੜ ਹੈ ਜਿਹੜਾ 2022-23 ਵਿੱਚ 10, 88,000 ਕਰੋੜ ਰੁਪਏ ਤੋਂ ਵਧ ਕੇ 2023-24 ਵਿੱਚ 14, 11,000 ਕਰੋੜ ਰੁਪਏ ਹੋ ਗਿਆ ਸੀ। ਕਾਰਪੋਰੇਟ ਕੰਪਨੀਆਂ ਨੂੰ ਆਪਣੇ ਵੱਡੇ ਮੁਨਾਫਿਆਂ ਦਾ ਜਾਇਜ਼ ਹਿੱਸ ਮੁੱਢਲੇ ਉਤਪਾਦਕਾਂ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਤੱਕ ਪਹੁੰਚਾਉਣ ਲਈ ਲਾਭਕਾਰੀ ਫ਼ਸਲੀ ਕੀਮਤਾਂ ਦੇ ਅਧਾਰ 'ਤੇ ਖਰੀਦ ਲਈ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਮਾਰਕੀਟ ਵਿਧੀ ਨਿਰਧਾਰਤ ਕਰਨ ਤੋਂ ਇਹ ਬਜਟ ਭਗੌੜਾ ਹੈ। ਘੱਟੋ-ਘੱਟ ਸ਼ਬਦਾਂ ਵਿੱਚ ਇਹ ਬੇਰਹਿਮ ਅਤੇ ਗੈਰ-ਵਾਜਬ ਹੈ।ਇਸੇ ਤਰ੍ਹਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਕਰਜ਼ਾ ਮੁਕਤੀ ਲਈ ਕੋਈ ਸਕੀਮ ਨਹੀਂ ਹੈ, ਹਾਲਾਂਕਿ ਸੰਸਦੀ ਕਮੇਟੀ ਨੇ ਇਸ ਦੀ ਸਿਫ਼ਾਰਸ਼ ਕੀਤੀ ਹੈ। ਪਿਛਲੇ ਦੋ ਸਾਲਾਂ ਦੌਰਾਨ ਵਪਾਰਕ ਬੈਂਕਾਂ ਨੇ ਕਾਰਪੋਰੇਟਾਂ ਦੇ ਕ੍ਰਮਵਾਰ 2, 09,144 ਕਰੋੜ ਅਤੇ 1, 70,000 ਕਰੋੜ ਰੁਪਏ ਦੇ ਕਰਜ਼ਿਆਂ 'ਤੇ ਕਾਟੇ ਮਾਰੇ ਹਨ, ਜਿਨ੍ਹਾਂ ਕੋਲ ਸਰਮਾਇਆ ਅੱਗ ਲਾਇਆਂ ਨਹੀਂ ਮੁੱਕਦਾ। ਜਦੋਂ ਕਿ ਭਾਰਤ ਵਿੱਚ ਕਰਜ਼ੇ ਕਾਰਨ ਰੋਜ਼ਾਨਾ 31 ਕਿਸਾਨ/ਖੇਤ ਮਜ਼ਦੂਰ ਖੁਦਕੁਸ਼ੀਆਂ ਦਾ ਸ਼ਿਕਾਰ ਬਣ ਰਹੇ ਹਨ। ਵਿੱਤ ਮੰਤਰੀ ਦੇ ਸ਼ਬਦਾਂ ਵਿੱਚ 'ਅਰਥਵਿਵਸਥਾ ਦਾ ਪਹਿਲਾ ਇੰਜਣ' ਖੇਤੀਬਾੜੀ ਅਤੇ ਸਹਾਇਕ ਖੇਤਰ ਲਈ ਅਨੁਮਾਨਤ ਰਕਮ ਵਿੱਚ ਭਾਰੀ ਕਟੌਤੀ ਕੀਤੀ ਗਈ ਹੈ। ਇਸੇ ਤਰ੍ਹਾਂ ਫਸਲ ਬੀਮੇ ਲਈ 'ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ' ਦੇ ਫਲੈਗਸ਼ਿਪ ਪ੍ਰੋਗਰਾਮ ਲਈ ਬਜਟ ਵਿੱਚ ਵੀ ਭਾਰੀ ਕਟੌਤੀ ਕੀਤੀ ਗਈ ਹੈ 2024-25 ਦੇ 16864.00 ਕਰੋੜ ਵਿੱਚ 3621.73 ਕਰੋੜ ਰੁਪਏ ਕਟੌਤੀ ਕਰਕੇ 2025-26 ਵਿੱਚ 12,242.27 ਕਰੋੜ ਰੁਪਏ ਹੀ ਰੱਖੇ ਗਏ ਹਨ। ਮਨਰੇਗਾ ਵਾਸਤੇ 2025-26 ਵਿੱਚ ਮਾਮੂਲੀ ਵਾਧਾ ਸਿਰਫ਼ 148.94 ਕ੍ਰੋੜ ਰੁਪਏ ਹੈ। ਐੱਸ ਕੇ ਐੱਮ ਦੀ ਮੰਗ ਹੈ ਕਿ 600 ਰੁਪਏ ਪ੍ਰਤੀ ਦਿਨ ਦੀ ਉਜਰਤ ਦੇ ਨਾਲ 200 ਕੰਮ ਵਾਲੇ ਦਿਨ ਯਕੀਨੀ ਬਣਾਉਣ ਲਈ 1,70,000 ਕਰੋੜ ਰੁਪਏ ਰੱਖੇ ਜਾਣ।ਐੱਸ ਕੇ ਐੱਮ ਵੱਲੋਂ ਪੂਰੇ ਭਾਰਤ ਵਿੱਚ ਕਿਸਾਨ ਵਿਰੋਧੀ, ਮਜ਼ਦੂਰ ਵਿਰੋਧੀ, ਗਰੀਬ ਵਿਰੋਧੀ ਅਤੇ ਕਾਰਪੋਰੇਟ ਪੱਖੀ ਬਜਟ 2025-26 ਦੀਆਂ ਕਾਪੀਆਂ ਸਾੜਨ ਦੇ ਸੱਦੇ ਨੂੰ ਜਥੇਬੰਦੀ ਵੱਲੋਂ ਪੂਰੇ ਪੰਜਾਬ ਵਿੱਚ ਜ਼ਿਲ੍ਹਾ ਤਹਿਸੀਲ ਬਲਾਕ ਪੱਧਰ 'ਤੇ ਲਾਗੂ ਕੀਤਾ ਜਾਵੇਗਾ।

# ਮੁਲਾਜ਼ਮਾਂ ਨੇ ਯੂ ਪੀ ਐੱਸ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਕੇਂਦਰ ਸਰਕਾਰ ਵਲੋਂ ਏਕੀਕ੍ਰਿਤ ਪੈਨਸ਼ਨ ਯੋਜਨਾ (ਯੂ ਪੀ ਐਸ) ਦਾ ਨੋਟੀਫਿਕੇਸ਼ਨ ਬੀਤੇ 25 ਜਨਵਰੀ ਨੂੰ ਜਾਰੀ ਹੋਣ 'ਤੇ ਕਰਮਚਾਰੀਆਂ ਅੰਦਰ ਰੋਸ ਦੀ ਲਹਿਰ ਫੈਲ ਗਈ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਐਨਪੀਐਸ ਮੁਲਾਜ਼ਮਾਂ ਨਾਲ ਇੱਕ ਹੋਰ ਧੋਖਾ ਕੀਤਾ ਹੈ ਅਤੇ ਇਸ ਨੋਟੀਫਿਕੇਸ਼ਨ ਦੇ ਵਿਰੋਧ ਵਜੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਕਨਵੀਨਰ ਗੁਰਿੰਦਰਪਾਲ ਸਿੰਘ ਖੇੜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਚਮਕੌਰ ਸਾਹਿਬ ਦੇ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਮਾਣੇਮਾਜਰਾ ਵਿਖੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਐਨ ਪੀ ਐੱਸ ਆਗੂਆਂ ਨੇ ਦੱਸਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਤਾਂ ਕਰ ਦਿੱਤਾ ਹੈ ਪਰ ਅਜੇ ਤੱਕ ਪੰਜਾਬ ਸਰਕਾਰ ਨੇ ਇਸ ਨੋਟੀਫਿਕੇਸ਼ਨ ਨੂੰ ਲਾਗੂ ਨਹੀਂ ਕੀਤਾ। ਇਸ ਮੌਕੇ ਦਵਿੰਦਰਪਾਲ ਸਿੰਘ ਬੇਦੀ ਬਲਾਕ ਸਿੱਖਿਆ ਅਫਸਰ, ਗੁਰਚਰਨ ਸਿੰਘ ਆਲੋਵਾਲ, ਦਲਜੀਤ ਸਿੰਘ ਜਟਾਣਾਂ, ਗੁਰਿੰਦਰ ਸਿੰਘ ਗੋਗੀ, ਰਾਜਿੰਦਰਪਾਲ ਸਿੰਘ ਬੈਂਸ, ਹਰਭਜਨ ਸਿੰਘ ਲਾਲੀ, ਕੁਲਵਿੰਦਰ ਸਿੰਘ ਗਾਮੀਵਾਲਾ, ਜਗਵਰਿੰਦਰ ਸਿੰਘ, ਇੰਦਰਜੀਤ ਸਿੰਘ ਨਾਬਰ, ਹਰਿੰਦਰ ਸਿੰਘ ਰੱਕੜ, ਨਿਸ਼ਾਨ ਸਿੰਘ, ਮਨਜੀਤ ਸਿੰਘ, ਬਲਜੀਤ ਸਿੰਘ, ਰਮਨ ਕੁਮਾਰ, ਦੁਪਿੰਦਰਜੀਤ ਕੌਰ, ਹਰਿੰਦਰ ਕੌਰ, ਚਰਨਜੀਤ ਕੌਰ, ਸੀਮਾ ਕਸ਼ਿਅਪ, ਹਰਜੀਤ ਕੌਰ ਕੋਟਲੀ, ਰੁਪਿੰਦਰ ਸਿੰਘ ਰੂਪਾ, ਪਲਵਿੰਦਰ ਸਿੰਘ ਪਨੈਚਾ, ਰਾਕੇਸ਼ ਜਾਖੜ ਅਤੇ ਨਰਿੰਦਰ ਕੌਰ ਆਦਿ ਐਨ ਪੀ ਐੱਸ ਮੁਲਾਜ਼ਮ ਹਾਜ਼ਰ ਸਨ।

# ਚਾਰ-ਮਾਰਗੀ ਸੜਕ ਨੇ ਧਾਰਿਆ ਛੱਪੜ ਦਾ ਰੂਪ

## ਸੜਕ 'ਤੇ ਖੜ੍ਹਾ ਗੰਦਾ ਪਾਣੀ ਆਵਾਜਾਈ ਲਈ ਬਣਿਆ ਮੁਸੀਬਤ

**ਤਲਵੰਡੀ ਚੌਧਰੀਆਂ (ਨਵ ਕਿਰਨ/ ਭੋਲਾ)**

ਸੁਲਤਾਨਪੁਰ ਲੋਧੀ ਤੋਂ ਮੁੰਡੀ ਮੋੜ ਤੱਕ ਬਣੀ ਚਾਰ ਮਾਰਗੀ ਸੜਕ ਨੇ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਸਗੋਂ ਲੋਕਾਂ ਲਈ ਵੱਡੀ ਮੁਸੀਬਤ ਬਣੀ ਹੋਈ ਹੈ।ਪਹਿਲਾਂ ਤਾਂ ਸੜਕ ਡਿਵਾਈਡਰ ਲੋਕਾਂ ਦੀ ਜਾਨ ਦਾ ਖੌਫ ਬਣਿਆ ਹੋਇਆ ਸੀ। ਹਨੇਰੇ ਸਵੇਰੇ ਆਉਣ ਜਾਣ ਵਾਲੇ ਵਾਹਨ ਰਿਫਲੈਕਟਰ ਨਾ ਲੱਗੇ ਹੋਣ ਕਰਕੇ ਡਿਵਾਈਡਰ ਵਿੱਚ ਵੱਜ ਜਾਂਦੇ, ਕਿਸੇ ਦੀ ਜਾਨ ਚਲੀ ਜਾਂਦੀ, ਕੋਈ ਅਪਾਹਜ ਹੋ ਜਾਂਦਾ ਤੇ ਕਈਆਂ ਦੇ ਵਾਹਨ ਟੁੱਟ ਜਾਂਦੇ। ਮੀਡੀਏ ਤੇ ਲੋਕਾਂ ਦੇ ਰੌਲੇ ਨੇ ਵਿਭਾਗ ਨੂੰ ਡਿਵਾਈਡਰ ਉੱਪਰ ਰੰਗ ਕਰਨ ਅਤੇ ਰਿਫਲੈਕਟਰ ਲਾਉਣ ਲਈ ਮਜ਼ਬੂਰ ਕੀਤਾ, ਜਿਸ ਕਰਕੇ ਹਾਦਸਿਆਂ ਦੀ ਗਿਣਤੀ ਘਟ ਗਈ। ਪਰ ਹੁਣ ਪਿੰਡ ਡੌਲੇ ਦੇ ਟੀ ਪੁਆਇੰਟ 'ਤੇ ਠੇਕੇਦਾਰਾਂ ਨੇ ਸੜਕ 'ਤੇ ਮਿੱਟੀ ਨਹੀਂ ਪਾਈ ਅਤੇ ਸੜਕ ਦਾ ਲਹਿੰਦਾ ਪਾਸਾ ਡੇਢ ਦੋ ਫੁੱਟ ਲਗਭਗ 400 ਮੀਟਰ ਤਕ ਨੀਵਾਂ ਰਹਿ ਗਿਆ। ਪੰਜਾਬ ਦੇ ਪੀ ਡਬਲਯੂ ਵਿਭਾਗ ਦੇ ਅਧਿਕਾਰੀਆਂ ਨੇ ਵੀ ਇਸ ਨੀਵੀਂ ਸੜਕ ਵੱਲ ਅੱਖ ਪੱਟ ਕੇ ਨਹੀਂ ਦੇਖਿਆ ਅਤੇ ਠੇਕੇਦਾਰ ਕਮਾਈ ਕਰ ਗਿਆ। ਪਹਿਲੀ ਸੜਕ ਦੇ ਬਾਹਰ ਵਾਰ ਪਿੰਡ ਦੇ ਸੀਵਰੇਜ ਲਈ ਇੱਕ ਹੋਦੀ ਬਣੀ ਹੋਈ ਸੀ।ਸੜਕ ਚੌੜੀ ਹੋਣ ਨਾਲ ਉਹ ਹੋਦੀ ਸੜਕ ਦੇ ਵਿਚਕਾਰ ਆ ਗਈ। ਸੀਵਰੇਜ ਦਾ ਪਾਣੀ ਸੜਕ ਦੇ ਹੇਠੋਂ ਦੀ ਛੱਪੜ ਨੂੰ ਜਾਂਦਾ ਸੀ। ਭਾਰੀ ਵਾਹਨਾ ਕਾਰਨ ਪਾਏ ਪਾਈਪ ਟੁੱਟ ਗਏ ਤੇ ਸੀਵਰੇਜ ਬੰਦ ਹੋ ਗਿਆ।ਪੰਚਾਇਤ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਾਣੀ ਦਾ ਨਿਕਾਸ ਨਾ ਹੋ ਸਕਿਆ।ਪ੍ਰਸ਼ਾਸਨ ਨੂੰ ਵਾਰ-ਵਾਰ ਬੇਨਤੀ ਕੀਤੀ ਅਤੇ ਰਾਜਸੀ ਦਬਾਅ ਕਾਰਨ ਵੀ ਇਹ ਕੰਮ ਸਿਰੇ ਨਾ ਚੜ੍ਹ ਸਕਿਆ। ਅਖੀਰ ਡੀ ਡੀ ਪੀ ਓ ਕਪੂਰਥਲਾ ਨੂੰ ਮੌਕਾ ਦਿਖਾਇਆ ਗਿਆ ਅਤੇ ਐਸ ਡੀ ਐਮ ਨੂੰ ਵੀ ਬੇਨਤੀ ਕੀਤੀ ਗਈ। ਉਹਨਾਂ ਮਾਨਯੋਗ ਡੀਸੀ ਸਾਹਿਬ ਨੂੰ ਬੇਨਤੀ ਕੀਤੀ ਕਿ ਇੱਥੇ ਪੁਲੀ ਬਣਵਾਈ ਜਾਵੇ।ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਕਪੂਰਥਲਾ ਸਾਹਿਬ ਨਾਲ ਇਸ ਸਬੰਧੀ ਗੱਲਬਾਤ ਹੋ ਚੁੱਕੀ ਹੈ, ਪਰ ਅਜੇ ਤੱਕ ਵਿਭਾਗ ਨੇ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਸ਼ੁਰੂ ਨਹੀਂ ਕੀਤੀ। ਜਦ ਕਿ ਸੜਕ ਦੇ ਉੱਪਰ ਗੰਦੇ ਪਾਣੀ ਦਾ ਛੱਪੜ ਬਣਿਆ ਹੋਇਆ ਹੈ। ਜੋ ਕਿਸੇ ਵੇਲੇ ਵੀ ਕਿਸੇ ਦਰਦਨਾਕ ਹਾਦਸੇ ਨੂੰ ਜਨਮ ਦੇ ਸਕਦਾ ਹੈ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਹੈ ਕਿ ਪੁਲੀ ਦਾ ਨਿਰਮਾਣ ਜਲਦੀ ਕਰਵਾਇਆ ਜਾਵੇ।



# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਬੀਜ ਤੇ ਕੀਟਨਾਸ਼ਕ ਦਵਾਈਆਂ ਦੇ ਡੀਲਰਾਂ ਦੀ ਅਚਨਚੇਤ ਚੈਕਿੰਗ

**ਮੋਹਾਲੀ (ਗੁਰਜੀਤ ਬਿੱਲਾ)**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਐਸ ਏ ਐਸ ਨਗਰ ਦੀ ਜ਼ਿਲ੍ਹਾ ਪੱਧਰੀ ਟੀਮ ਵੱਲੋਂ ਕਿਸਾਨਾਂ ਨੂੰ ਉੱਚ ਗੁਣਵੱਤਾ ਦੇ ਬੀਜ ਅਤੇ ਖੇਤੀ ਸੰਮਗਰੀ ਉਪਲੱਬਧ ਕਰਵਾਉਣ ਲਈ ਜ਼ਿਲ੍ਹੇ ਦੇ ਬਲਾਕ ਖਰੜ, ਮਾਜਰੀ ਅਤੇ ਡੇਰਾਬਸੀ ਟੀਮਾਂ ਵੱਲੋਂ ਖਾਦ, ਬੀਜ ਅਤੇ ਕੀਟਨਾਸ਼ਕ ਦਵਾਈਆਂ ਦੇ ਡੀਲਰਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਖਾਸ ਤੌਰ 'ਤੇ ਮੱਕੀ ਦੀ ਫਸਲ ਲਈ ਬੀਜ ਉਪਲਬਧ ਕਰਵਾਉਣ ਵਾਲੀਆਂ ਕੰਪਨੀਆਂ ਪਾਇਓਨਿਰ, ਬਾਇਰ, ਸ੍ਰੀ ਸੀਡਜ਼, ਨਿਜ਼ੂਵਿਡੂ, ਕਾਵੇਰੀ ਅਤੇ ਹੋਰ ਬੀਜ ਕੰਪਨੀਆਂ ਦੇ ਡੀਲਰਾਂ ਕੋਲ ਪਏ ਸਟਾਕ ਦਾ ਵਿਸ਼ੇਸ਼ ਤੌਰ 'ਤੇ ਨਿਰੀਖਣ ਕੀਤਾ ਗਿਆ।ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਮੇਲ ਸਿੰਘ ਨੇ ਦੱਸਿਆ ਕਿ ਬਹਾਰ ਰੁੱਤ ਦੀ ਮੱਕੀ ਲਈ ਬੀਜ ਦੇ ਡੀਲਰਾਂ ਕੋਲ ਲੋੜੀਂਦਾ ਸਟਾਕ ਮੌਜੂਦ ਹੈ।ਕਿਸਾਨਾ ਵੱਲੋਂ ਜ਼ਿਆਦਾਤਰ ਬਹਾਰ ਰੁੱਤ ਦੀ ਮੱਕੀ ਦੀ ਬਾਜ਼ਾਰ ਵਿੱਚ ਇੱਕ ਵਿਸ਼ੇਸ਼ ਕਿਸਮ ਦੀ ਹੀ ਮੰਗ ਕੀਤੀ ਜਾ ਰਹੀ ਹੈ, ਜਿਸ ਕਾਰਨ ਕਿਸਾਨਾਂ ਵੱਲੋਂ ਬੀਜ ਨਾ ਮਿਲਣ ਦਾ ਖਦਸ਼ਾ ਜਾਹਰ ਕੀਤਾ ਜਾ ਰਿਹਾ ਹੈ। ਖੇਤੀਬਾੜੀ ਅਧਿਕਾਰੀਆਂ ਵੱਲੋਂ ਇਸ ਸਬੰਧੀ ਕੰਪਨੀ ਦੇ ਨੁਮਾਇੰਦਿਆਂ ਨਾਲ ਗੱਲ ਕਰਨ 'ਤੇ ਉਹਨਾਂ ਵੱਲੋ ਦੱਸਿਆ ਗਿਆ ਕਿ ਮੰਗੇ ਜਾ ਰਹੇ ਬੀਜ ਦੀ ਸਪਲਾਈ ਦੱਖਣੀ ਰਾਜਾਂ ਤੋਂ ਹੁੰਦੀ ਹੈ ਅਤੇ 10 ਫਰਵਰੀ ਤੋਂ ਬਾਅਦ ਉਕਤ ਕਿਸਮ ਦਾ ਲੋੜੀਂਦਾ ਸਟਾਕ ਡੀਲਰਾਂ ਕੋਲ ਉਪਲਬਧ ਹੋ ਜਾਵੇਗਾ। ਉਹਨਾਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਲਗਭਗ 5000 ਹੈਕਟੇਅਰ ਰਕਬੇ ਵਿੱਚ ਸਾਉਣੀ ਦੀ ਮੱਕੀ ਦੀ ਫਸਲ ਦੀ ਕਾਸ਼ਤ ਹੋਣ ਦਾ ਅਨੁਮਾਨ ਹੈ ਅਤੇ ਲੋੜੀਂਦੇ ਬੀਜ ਲਈ ਯੋਗ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਡੀਲਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਵੱਲੋਂ ਸਖ਼ਤ ਆਦੇਸ਼ ਜਾਰੀ ਕੀਤੇ ਹੋਏ ਹਨ ਕਿ ਜੇਕਰ ਕੋਈ ਵੀ ਦੁਕਾਨਦਾਰ ਕਿਸੇ ਵੀ ਪ੍ਰਕਾਰ ਦੀ ਡੁਪਲੀਕੇਟ/ ਘਟੀਆ ਖੇਤੀ ਸਮੱਗਰੀ ਵੇਚਦਾ ਫੜਿਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਡਾ. ਸ਼ੁਭਕਰਨ ਸਿੰਘ ਏ.ਓ ਖਰੜ ਨੇ ਡੀਲਰਾਂ ਨੂੰ ਕਿਹਾ ਕਿ ਪੀ.ਏ.ਯੂ ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਵੇਚਣ ਨੂੰ ਤਰਜੀਹ ਦਿੱਤੀ ਜਾਵੇ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਰੀਦੀ ਖੇਤੀ ਸਮੱਗਰੀ ਦਾ ਬਿੱਲ ਲਿਆ ਜਾਵੇ, ਅਗਰ ਕੋਈ ਦੁਕਾਨਦਾਰ ਬਿੱਲ ਨਹੀ ਦਿੰਦਾ ਤਾਂ ਖੇਤੀਬਾੜੀ ਵਿਭਾਗ ਦੇ ਦਫਤਰ ਵਿੱਚ ਸੰਪਰਕ ਕੀਤਾ ਜਾਵੇ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਦੇ ਨਾਲ ਡਾ. ਗੁਰਦਿਆਲ ਕੁਮਾਰ, ਡਾ. ਜਸਵਿੰਦਰ ਸਿੰਘ ਅਤੇ ਡਾ. ਜਸਪ੍ਰੀਤ ਸਿੰਘ ਹਾਜ਼ਰ ਸਨ।



# ਬੀਮਾ ਖੇਤਰ ਦੇ ਮੈਂਬਰਾਂ ਨੇ ਬ੍ਰਾਂਚ 'ਚ ਕੀਤਾ ਰੋਸ ਪ੍ਰਦਰਸ਼ਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਬੀਮਾ ਖੇਤਰ ਦੇ ਮੈਂਬਰਾਂ ਨੇ ਐਲ.ਆਈ.ਸੀ ਦੀ ਬਰਾਂਚ ਵਿੱਚ ਰੋਸ ਪ੍ਰਦਰਸ਼ਨ ਕਰਦਿਆਂ ਵਿੱਤ ਮੰਤਰੀ ਨੇ ਜੋ ਬਜਟ ਪੇਸ਼ਕਾਰੀ ਦੌਰਾਨ ਬੀਮਾ ਖੇਤਰ ਵਿੱਚ ਐਫ.ਡੀ. ਆਈ. ਸੀਮਾ ਨੂੰ 74% ਤੋਂ ਵਧਾ ਕੇ 100% ਕਰਨ ਦਾ ਐਲਾਨ ਕੀਤਾ ਜੋ ਗੈਰ-ਵਾਜਬ ਹੈ ਅਤੇ ਇਸਦੇ ਭਾਰਤੀ ਅਰਥਵਿਵਸਥਾ ਦੇ ਵਿਕਾਸ ਲਈ ਕੀਮਤੀ ਸਰੋਤਾਂ ਨੂੰ ਜੁਟਾਉਣ ਅਤੇ ਰਾਜ ਦੇ ਆਪਣੇ ਨਾਗਰਿਕਾਂ ਪ੍ਰਤੀ ਫਰਜਾਂ ਨੂੰ ਪੂਰਾ ਕਰਨ ਲਈ ਗੰਭੀਰ ਨਤੀਜੇ ਹਨ। ਮੈਂਬਰਾਂ ਨੇ ਕਿਹਾ ਕਿ ਬਿਲ 1999 ਦੇ ਪਾਸ ਹੋਣ ਨਾਲ ਬੀਮਾ ਖੇਤਰ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ ਸੀ । ਇਸ ਐਕਟ ਨੇ ਭਾਰਤੀ ਪੂੰਜੀ ਨੂੰ ਵਿਦੇਸ਼ੀ ਕੰਪਨੀਆਂ ਨਾਲ ਸਾਂਝੇਦਾਰੀ ਵਿਚ ਬੀਮਾ ਉਦਯੋਗ ਵਿੱਚ ਕੰਮ ਕਰਨ ਦੀ ਇਜਾਜਤ ਦਿੱਤੀ । ਐਫ.ਡੀ.ਆਈ. ਨੂੰ 26 ਪ੍ਰਤੀਸ਼ਤ ਤੱਕ ਸੀਮਤ ਕਰ ਦਿੱਤਾ ਗਿਆ ਸੀ, ਉਸ ਸਮੇਂ ਤੋਂ ਇਸਨੂੰ 74 ਪ੍ਰਤੀਸ਼ਤ ਤੱਕ ਵਧਾ ਦਿੱਤਾ ਗਿਆ ਹੈ । ਵਿਦੇਸ਼ੀ ਭਾਈਵਾਲਾਂ ਵਾਲੀਆਂ ਵੱਡੀ ਗਿਣਤੀ ਵਿਚ ਨਿੱਜੀ ਬੀਮਾ ਕੰਪਨੀਆਂ ਜੀਵਨ ਅਤੇ ਗੈਰ ਜੀਵਨ ਬੀਮਾ ਉਦਯੋਗ ਦੋਵਾਂ ਵਿੱਚ ਕੰਮ ਕਰ ਰਹੀਆਂ ਹਨ । ਸ਼ਤੀਸ਼ ਮਹਿਤਾ ਨੇ ਕਿਹਾ ਕਿ ਕੋਈ ਵੀ ਬੀਮਾ ਕੰਪਨੀ 74 ਪ੍ਰਤੀਸ਼ਤ ਸੀਮਾ ਨੂੰ ਪਾਰ ਕਰਨ ਦੇ ਨੇੜੇ ਨਹੀਂ ਹੈ । ਦਰਅਸਲ, ਬੀਮੇ ਵਿੱਚ ਕੁਲ ਜੁਟਾਈ ਪ੍ਰਾਪਤ ਪੂੰਜੀ ਦਾ ਸਿਰਫ 32 ਪ੍ਰਤੀਸ਼ਤ ਹੈ । ਇਹ ਮਾਮਲਾ ਹੈਰਾਨੀਜਨਕ ਹੈ ਕਿ ਸਰਕਾਰ ਨੇ ਵਿਦੇਸ਼ੀ ਪੂੰਜੀ ਨੂੰ ਭਾਰਤ ਵਿੱਚ ਕੰਮ ਕਰਨ ਦੀ ਪੂਰੀ ਆਜ਼ਾਦੀ ਦੇਣ ਲਈ ਕਦਮ ਕਿਉਂ ਚੁੱਕਿਆ ਹੈ। ਇਸ ਫੈਸਲੇ ਦੇ ਭਾਰਤੀ ਕੰਪਨੀਆਂ ਅਤੇ ਭਾਰਤੀ ਅਰਥਵਿਵਸਥਾ ਲਈ ਵੀ ਗੰਭੀਰ ਨਤੀਜੇ ਹੋਣਗੇ। ਸਰਕਾਰ ਮੌਜੂਦਾ ਬੀਮਾ ਕਾਨੂੰਨਾਂ ਵਿਚ ਸੋਧ ਕਰਨ ਵਾਲਾ ਇੱਕ ਵਿਆਪਕ ਕਾਨੂੰਨ ਲਿਆਉਣ ਦਾ ਇਰਾਦਾ ਰੱਖਦੀ ਹੈ । ਇਹ ਸੋਧਾਂ ਦੇਸ਼ ਨੂੰ 1956 ਤੋਂ ਪਹਿਲਾਂ ਦੀ ਸਥਿਤੀ ਵਿੱਚ ਵਾਪਸ ਲੈ ਜਾਣਗੀਆਂ ਜਿਸਨੇ ਸਰਕਾਰ ਨੂੰ ਜੀਵਨ ਬੀਮਾ ਕਾਰੋਬਾਰ ਦਾ ਰਾਸ਼ਟਰੀਕਰਨ ਕਰਨ ਲਈ ਮਜਬੂਰ ਕੀਤਾ ਸੀ । ਅਸੀਂ ਬੀਮੇ ਵਿੱਚ ਐਫ.ਡੀ.ਆਈ. ਸੀਮਾ ਵਧਾਉਣ ਦੇ ਫੈਸਲੇ ਦਾ ਸਖਤ ਵਿਰੋਧ ਕਰਦੇ ਹਾਂ ਉਤੇ ਇਸ ਕਦਮ ਨੂੰ ਵਾਪਸ ਲੈਣ ਦੀ ਮੰਗ ਕਰਦੇ ਹਾਂ । ਇਸ ਮੌਕੇ ਸਤੀਸ਼ ਮਹਿਤਾ, ਅਜੇ ਕੁਮਾਰ, ਜਤਿੰਦਰ ਕੁਮਾਰ, ਨੇਹਾ, ਤੋਨੀਕਾ, ਸੰਚਿਤ ਜਾਖੜ ,ਮਨੀ,ਹਰਵੀਰ ਸਿੰਘ,ਗੁਰਮੁੱਖ ਸਿੰਘ ਅਤੇ ਹੋਰ ਮੈਂਬਰ ਹਾਜਰ ਸਨ।

# ਟਰਾਂਸਪੋਰਟ ਵਿਭਾਗ ਦੇ ਦੋ ਮੁਲਾਜ਼ਮ ਮੁਅੱਤਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਨਿਰਦੇਸ਼ਾਂ ਤੇ ਟਰਾਂਸਪੋਰਟ ਵਿਭਾਗ ਦੇ ਦੋ ਮੁਲਾਜ਼ਮਾਂ ਨੂੰ ਨਸ਼ਾ ਤਸ਼ਕਰੀ ਵਿੱਚ ਲਿਪਤ ਪਾਏ ਜਾਣ ਕਾਰਨ ਮੁਅੱਤਲ ਕੀਤਾ ਗਿਆ ਹੈ ਅਤੇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰਨ ਲਈ ਕਾਰਵਾਈ ਆਰੰਭੀ ਜਾ ਚੁੱਕੀ ਹੈ। ਭੁੱਲਰ ਨੇ ਦੱਸਿਆ ਕਿ ਨਸ਼ਾ ਤਸ਼ਕਰੀ ਵਿੱਚ ਇੱਕ ਇੰਸਪੈਕਟਰ ਅਤੇ ਇੱਕ ਕੰਡਕਟਰ ਲਿਪਤ ਪਾਏ ਗਏ ਹਨ। ਇਨ੍ਹਾਂ ਦੋਨਾਂ ਨੂੰ ਜਲੰਧਰ ਪੁਲਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ, ਅਤੇ ਉਨ੍ਹਾਂ ਵਿਰੁੱਧ ਸਪੈਸ਼ਲ ਸੈੱਲ, ਕਮਿਸ਼ਨਰੇਟ, ਜਲੰਧਰ ਵੱਲੋਂ ਕੇਸ ਦਰਜ ਕੀਤਾ ਗਿਆ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਪੰਜਾਬ ਰੋਡਵੇਜ਼ ਜਲੰਧਰ-2 ਦੇ ਇੰਸਪੈਕਟਰ ਕੀਰਤ ਸਿੰਘ ਅਤੇ ਕੰਡਕਟਰ ਦੀਪਕ ਸ਼ਰਮਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਦੋਨਾਂ ਮੁਲਾਜ਼ਮਾਂ ਦੇ ਮੁਅੱਤਲੀ ਸਬੰਧੀ ਵਿਭਾਗ ਵੱਲੋਂ ਦਫ਼ਤਰੀ ਹੁਕਮ ਜਾਰੀ ਕਰ ਦਿੱਤੇ ਗਏ ਹਨ।ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਹਨਾਂ ਦੋਨੋ ਮੁਲਾਜ਼ਮਾਂ ਨਾਲ ਤੀਜਾ ਵਿਅਕਤੀ ਅਜੀਤ ਸਿੰਘ ਰਾਜੂ, ਜੋ ਨਸ਼ਾ ਤਸ਼ਕਰੀ ਵਿੱਚ ਫੜਿਆ ਗਿਆ ਹੈ, ਉਸ ਦਾ ਟਰਾਂਸਪੋਰਟ ਵਿਭਾਗ ਨਾਲ ਕੋਈ ਸਬੰਧ ਨਹੀਂ ਹੈ।

# ਮਾਣਮੱਤਾ ਪੱਤਰਕਾਰ ਪੁਰਸਕਾਰ ਇਸ ਵਰ੍ਹੇ ਡਾ. ਘੁੰਮਣ ਤੇ ਚਨਾਰਥਲ ਨੂੰ





**ਫਗਵਾੜਾ, (ਡਾ. ਰਮਨ)**- ਪੰਜਾਬੀ ਵਿਰਸਾ ਟਰੱਸਟ (ਰਜਿ:) ਵੱਲੋਂ ਨੌਵਾਂ-2024 ਮਾਣਮੱਤਾ ਪੱਤਰਕਾਰ ਪੁਰਸਕਾਰ ਇਸ ਵਰ੍ਹੇ ਪ੍ਰਸਿੱਧ ਅਰਥ ਸ਼ਾਸ਼ਤਰੀ ਅਤੇ ਕਾਲਮਨਵੀਸ ਡਾ. ਰਣਜੀਤ ਸਿੰਘ ਘੁੰਮਣ ਅਤੇ ਪ੍ਰਸਿੱਧ ਫੀਲਡ ਪੱਤਰਕਾਰ ਦੀਪਕ ਸ਼ਰਮਾ ਚਨਾਰਥਲ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਪੰਜਾਬੀ ਵਿਰਸਾ ਟਰੱਸਟ ਵੱਲੋਂ ਬਣਾਈ ਚੋਣ ਕਮੇਟੀ, ਜਿਸ ਵਿੱਚ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ, ਲੇਖਕ ਡਾ. ਲਖਵਿੰਦਰ ਸਿੰਘ ਜੌਹਲ, ਲੇਖਕ ਪ੍ਰੋ. ਜਸਵੰਤ ਸਿੰਘ ਗੰਡਮ, ਕਾਲਮਨਵੀਸ ਪ੍ਰਿੰ. ਗੁਰਮੀਤ ਸਿੰਘ ਪਲਾਹੀ ਸ਼ਾਮਲ ਸਨ, ਵੱਲੋਂ ਕੀਤਾ ਗਿਆ। ਇਸ ਸੰਬੰਧੀ ਸਮਾਗਮ 23 ਫਰਵਰੀ ਨੂੰ ਫਗਵਾੜਾ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਪੁਰਸਕਾਰ ਵਿੱਚ ਮਾਣ ਪੱਤਰ, ਮੋਮੈਂਟੋ, ਦੁਸ਼ਾਲਾ ਤੇ ਨਕਦ ਰਾਸ਼ੀ ਦਿੱਤੀ ਜਾਵੇਗੀ।

# ਜਤਿੰਦਰ ਪਾਲ ਪਦਉਨਤ ਹੋ ਕੇ ਬਣੇ ਏ ਐੱਸ ਆਈ



**ਬਲਾਚੌਰ (ਜਸਵਿੰਦਰ ਬੈਂਸ)**- ਜਤਿੰਦਰ ਪਾਲ ਪੁੱਤਰ ਚਮਨ ਲਾਲ ਵਾਸੀ ਬਲਾਚੌਰ ਨੂੰ ਪੰਜਾਬ ਪੁਲਿਸ ਵਿਭਾਗ ਅੰਦਰ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਐਸ ਐਸ ਪੀ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਮਹਿਤਾਬ ਸਿੰਘ ਆਈ ਪੀ ਐਸ ਵੱਲੋਂ ਪਦਉਨਤ ਕਰਕੇ ਏ ਐਸ ਆਈ ਦਾ ਸਟਾਰ ਲਗਾਇਆ ਗਿਆ। ਪਦਉਨਤ ਹੋਣ ਉਪਰੰਤ ਜਤਿੰਦਰ ਪਾਲ ਬਾਬਾ ਬਲਰਾਜ ਮੰਦਿਰ ਬਲਾਚੌਰ ਵਿਖੇ ਨਤਮਸਤਕ ਹੋਏ।ਉਨ੍ਹਾਂ ਨਤਮਸਤਕ ਹੋਣ ਉਪਰੰਤ ਖੁਸ਼ੀ ਜ਼ਾਹਿਰ ਕਰਦਿਆਂ ਹੋਇਆਂ ਜਿੱਥੇ ਸਮੁੱਚੇ ਪੰਜਾਬ ਪੁਲਿਸ ਵਿਭਾਗ ਦਾ ਧੰਨਵਾਦ ਕੀਤਾਇਸ ਮੌਕੇ ਪੰਡਿਤ ਯੋਗੇਸ਼, ਲਲਿਤ ਰਾਣਾ ਪ੍ਰਧਾਨ, ਨੀਲ ਕਾਂਤ, ਰਮੇਸ਼ ਰਾਣਾ, ਵਿਸ਼ੂ ਰਾਣਾ, ਅਭਿਸ਼ੇਕ ਰਾਣਾ, ਰਿੱਕੀ ਰਾਣਾ, ਵਿਵੇਕ ਰਾਣਾ, ਰਵੀ ਰਾਣਾ, ਸੋਮ ਨਾਥ ਇਟਲੀ, ਸ਼ੰਮੀ ਰਾਣਾ ਅਤੇ ਹੋਰ ਵੱਖ-ਵੱਖ ਸ਼ਖਸੀਅਤਾਂ ਹਾਜ਼ਰ ਸਨ।

# ਮਲਾਜ਼ਮ ਤੇ ਪੈਨਸ਼ਨਰ ਦੇਣਗੇ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਮੰਗ ਪੱਤਰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਬਲਾਕ ਗੜ੍ਹਸ਼ੰਕਰ ਦੀ ਮੀਟਿੰਗ ਸ਼ਾਮ ਸੁੰਦਰ ਕਪੂਰ ਦੀ ਪ੍ਰਧਾਨਗੀ ਹੇਠ ਗਾਂਧੀ ਪਾਰਕ ਵਿਖੇ ਹੋਈ। ਮੀਟਿੰਗ ਵਿੱਚ ਸੂਬਾਈ ਆਗੂ ਮੱਖਣ ਸਿੰਘ ਵਾਹਿਦਪੁਰੀ ਅਤੇ ਅਮਰੀਕ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਭ ਤੋਂ ਪਹਿਲਾਂ ਪੰਚਾਇਤ ਸਕੱਤਰ ਮੱਖਣ ਸਿੰਘ ਟੋਰੋਵਾਲ ਹੋਈ ਮੌਤ 'ਤੇ ਸ਼ੋਕ ਮਤਾ ਰੱਖਿਆ ਗਿਆ ਤੇ ਵਿਛੜੇ ਸਾਥੀ ਨੂੰ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਦੇ ਫੈਸਲਿਆਂ ਬਾਰੇ ਸਕੱਤਰ ਜੀਤ ਸਿੰਘ ਬਗਵਾਈ ਨੇ ਦੱਸਿਆ ਕਿ ਆਲ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸ਼ਨ ਵਲੋਂ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਦੀਆਂ ਮਾਰੂ ਨੀਤੀਆਂ ਵਿਰੁੱਧ ਦੇਸ ਭਰ ਵਿਚ ਕੀਤੇ ਜਾ ਰਹੇ ਜ਼ਿਲ੍ਹਾ ਪੱਧਰੀ ਮੁਜਾਹਰਿਆਂ ਦੀ ਕੜੀ ਵਿਚ ਪੰਜਾਬ ਸੁਬਾਰੀਨੇਟ ਸਰਵਿਸੀਜ ਫੈਡਰੇਸ਼ਨ ਵਲੋਂ ਜ਼ਿਲ੍ਹਾ ਸਕੱਤਰੇਤ ਹੁਸ਼ਿਆਰਪੁਰ ਵਿਖੇ ਮਿਤੀ 7-8 ਫਰਵਰੀ ਨੂੰ ਲਗਾਤਾਰ ਦੋ ਦਿਨ ਭੁੱਖ ਹੜਤਾਲ ਅਤੇ ਰੋਸ ਮੁਜਾਹਰੇ ਕਰਨ ਉਪਰੰਤ ਡਿਪਟੀ ਕਮਿਸ਼ਨਰ ਰਾਹੀਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ। ਇਸੇ ਤਰ੍ਹਾਂ ਪੰਜਾਬ ਮੁਲਾਜਮ ਤੇ ਪੈਨਸ਼ਨਰ ਫਰੰਟ ਵੱਲੋਂ ਪੰਜਾਬ ਸਰਕਾਰ ਵਲੋਂ ਮੁਲਾਜਮਾਂ ਤੇ ਪੈਨਸ਼ਨਾਂ ਦੀਆਂ ਜਾਇਜ ਮੰਗਾਂ ਦੀ ਲਗਾਤਾਰ ਅਣਦੇਖੀ ਕਰਨ ਦੇ ਵਿਰੁੱਧ ਸਮੁੱਚੇ ਪੰਜਾਬ ਵਿਚ ਸਮੂਹ ਵਿਧਾਇਕਾਂ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ। ਸਤਾਰਾਂ ਫਰਵਰੀ ਨੂੰ ਹਲਕਾ ਵਿਧਾਇਕ ਜੈ ਕ੍ਰਿਸ਼ਨ ਰੋੜੀ ਨੂੰ ਗੜ੍ਹਸ਼ੰਕਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਮਾਸ ਡੈਪੂਟੇਸ਼ਨ ਰਾਹੀਂ ਆਪਣਾ ਮੰਗ ਪੱਤਰ ਦੇਣਗੇ। ਪੰਜਾਬ ਸਰਕਾਰ ਦੇ ਬਜਟ ਸੈਸ਼ਨ ਦੌਰਾਨ ਵੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਚੰਡੀਗੜ੍ਹ ਵਿੱਚ ਚਾਰ ਵੱਡੀਆਂ ਰੈਲੀਆਂ ਕੀਤੀਆਂ ਜਾਣਗੀਆਂ ਤਾਂ ਕਿ ਪੰਜਾਬ ਸਰਕਾਰ ਨੂੰ ਮੁਲਾਜਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾ ਸਕੇ। ਇਸ ਸਮੇਂ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਦੀ ਪੁਰਜੋਰ ਹਮਾਇਤ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹਨਾਂ ਅਧਿਆਪਕਾਂ ਨੂੰ ਤੁਰੰਤ ਸਿੱਖਿਆ ਵਿਭਾਗ ਵਿਚ ਸ਼ਾਮਿਲ ਕੀਤਾ ਜਾਵੇ ਅਤੇ ਆਪਣੇ ਕੀਤੇ ਵਾਅਦੇ ਅਨੁਸਾਰ ਪੁਰਾਣੀ ਵੀ ਤੁਰੰਤ ਬਹਾਲ ਕੀਤੀ ਜਾਵੇ। ਮੀਟਿੰਗ ਵਿੱਚ ਪਵਨ ਕੁਮਾਰ, ਜਗਦੀਸ਼ ਪੱਖੋਵਾਲ,ਹਰਪਾਲ ਕੌਰ,ਹਰਜਿੰਦਰ ਸੂਨੀ,ਨਰੇਸ਼ ਬੱਗਾ,ਸ਼ਰਮੀਲਾ ਰਾਣੀ, ਜਸਵਿੰਦਰ ਕੌਰ, ਗੁਰਨਾਮ ਹਾਜੀਪੁਰ,ਨਿਰਮਲ ਕੌਰ ,ਕਸਮੀਰ ਕੌਰ, ਬਾਬੂ ਪਰਮਾਨੰਦ,ਬਲਵੰਤ ਰਾਮ, ਸ਼ਿੰਗਾਰਾ ਰਾਮ ਭੱਜਲ,ਬਲਵਿੰਦਰ ਕੌਰ ਸੁਨੀਤਾ ਰਾਣੀ ਹਾਜਰ ਸਨ।

# ਕੁਦਰਤੀ ਆਫ਼ਤ ਤੇ ਐਮਰਜੈਂਸੀ ਉਪਾਵਾਂ ਲਈ ਸਕੂਲਾਂ ਨੂੰ 4 ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ : ਬੈਂਸ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਐਮਰਜੈਂਸੀ ਜਾਂ ਕੁਦਰਤੀ ਆਫ਼ਤਾਂ ਨਾਲ ਸਬੰਧਤ ਘਟਨਾਵਾਂ ਦੌਰਾਨ ਪ੍ਰਤੀਕਿਰਿਆ ਕਰਨ ਦੇ ਢੰਗ-ਤਰੀਕਿਆਂ ਬਾਰੇ ਜਾਗਰੂਕ ਕਰਨ ਅਤੇ ਬਿਜਲੀ ਦੇ ਕਰੰਟ ਜਾਂ ਅੱਗ ਲੱਗਣ ਵਰਗੀ ਕਿਸੇ ਵੀ ਐਮਰਜੈਂਸੀ ਹਾਲਾਤ ਤੋਂ ਬਚਣ ਸਬੰਧੀ ਪ੍ਰਬੰਧ ਕਰਨ ਵਾਸਤੇ 4 ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ ਕੀਤੇ ਗਏ ਹਨ।ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿੱਚ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਨੂੰ ਪੁਲਸ-112, ਫਾਇਰ-101, ਐਂਬੂਲੈਂਸ-108, ਮਹਿਲਾ ਹੈਲਪਲਾਈਨ-1091, ਟਰੈਫਿਕ ਹੈਲਪਲਾਈਨ-1073 ਅਤੇ ਚਾਈਲਡ ਹੈਲਪਲਾਈਨ-1098 ਆਦਿ ਵਰਗੇ ਐਮਰਜੈਂਸੀ ਹੈਲਪਲਾਈਨ ਨੰਬਰ ਵਾਲੇ ਡਿਸਪਲੇਅ ਬੋਰਡ ਲਗਾਉਣ ਲਈ ਫੰਡਾਂ ਦੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਸਕੂਲ ਸਿੱਖਿਆ ਮੰਤਰੀ ਨੇ ਦੱਸਿਆ ਕਿ ਸਕੂਲ ਮੁਖੀਆਂ ਨੂੰ ਸਕੂਲ ਵਿੱਚ ਅੱਗ ਲੱਗਣ ਦੀ ਘਟਨਾ ਜਾਂ ਕੁਦਰਤੀ ਆਫ਼ਤ ਦੀ ਸਥਿਤੀ ਵਿੱਚ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਨਿਕਾਸੀ ਯੋਜਨਾ ਤਿਆਰ ਕਰਨ ਅਤੇ ਲੋੜ ਮੁਤਾਬਕ ਐਮਰਜੈਂਸੀ ਪੈਨਿਕ ਅਲਾਰਮ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਸਟਾਫ ਨੂੰ ਸਕੂਲ ਦੀਆਂ ਇਮਾਰਤਾਂ ਦੀ ਨਿਯਮਤ ਜਾਂਚ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਿਜਲੀ ਦੇ ਉਪਕਰਨ ਅਤੇ ਤਾਰਾਂ ਠੀਕ ਸਥਿਤੀ ਵਿੱਚ ਹਨ।ਕਿਸੇ ਵੀ ਸੰਕਟ ਨਾਲ ਨਜਿੱਠਣ ਲਈ ਸਿਖਲਾਈ ਦੀ ਲੋੜ 'ਤੇ ਜ਼ੋਰ ਦਿੰਦਿਆਂ ਸਕੂਲ ਸਿੱਖਿਆ ਮੰਤਰੀ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਮਾਹਿਰਾਂ ਨੂੰ ਬੁਲਾ ਕੇ ਸਕੂਲਾਂ ਵਿੱਚ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਇਸ ਸਬੰਧੀ ਖਰਚੇ ਪਬਲਿਕ ਫਾਈਨੈਂਸ਼ੀਅਲ ਮੈਨੇਜਮੈਂਟ ਸਿਸਟਮ (ਪੀ.ਐਫ.ਐਮ.ਐਸ.) ਪੋਰਟਲ ਦੇ ਈ.ਏ.ਟੀ. ਮਾਡਿਊਲ ਰਾਹੀਂ ਕੀਤੇ ਜਾਣ ਅਤੇ ਫੰਡਾਂ ਦੀ ਆਨਲਾਈਨ ਨਿਗਰਾਨੀ ਲਈ ਇਸ ਸਬੰਧੀ ਪ੍ਰਬੰਧ ਪੋਰਟਲ 'ਤੇ ਸਮੇਂ ਸਿਰ ਅਪਡੇਟ ਕੀਤਾ ਜਾਣਾ ਚਾਹੀਦਾ ਹੈ।



# ਰਿਆਤ-ਬਾਹਰਾ ਇੰਸਟੀਟਿਊਟ ਆਫ਼ ਫਾਰਮੇਸੀ ਵਿਖੇ ਬਸੰਤ ਪੰਚਮੀ ਮੌਕੇ ਵੱਖ-ਵੱਖ ਮੁਕਾਬਲੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਇੰਸਟੀਟਿਊਟ ਆਫ਼ ਫਾਰਮੇਸੀ ਵਿੱਚ ਬਸੰਤ ਪੰਚਮੀ ਮੌਕੇ ਵੱਖ-ਵੱਖ ਮੁਕਾਬਲਿਆਂ ਦਾ ਆਯੋਜਨ ਡਾਇਰੈਕਟਰ ਪ੍ਰਿੰਸੀਪਲ ਡਾ. ਮਨਿੰਦਰ ਸਿੰਘ ਗ੍ਰੋਵਰ ਦੀ ਅਗਵਾਈ ਵਿੱਚ ਹੋਇਆ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬਸੰਤ ਪੰਚਮੀ ਗਿਆਨ, ਕਲਾ ਅਤੇ ਵਿਦਿਆ ਦੀ ਦੇਵੀ ਮਾਤਾ ਸਰਸਵਤੀ ਦੀ ਉਪਾਸਨਾ ਦਾ ਤਿਉਹਾਰ ਹੈ। ਉਨ੍ਹਾਂ ਨੇ ਕਿਹਾ ਕਿ ਵਿਦਿਆ ਖੇਤਰ ਵਿੱਚ ਵਿਦਿਆਰਥੀ ਜਿਸ ਤਰ੍ਹਾਂ ਨਵੀਆਂ ਉਚਾਈਆਂ ਨੂੰ ਛਹੂ ਰਹੇ ਹਨ, ਉਸ ਵਿੱਚ ਮਾਤਾ ਸਰਸਵਤੀ ਦੀ ਕਿਰਪਾ ਅਤੇ ਗੁਰੂਜਨਾਂ ਦਾ ਮਾਰਗਦਰਸ਼ਨ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਪੱਗ ਬੰਨ੍ਹਣ ਦੇ ਮੁਕਾਬਲੇ ਵਿੱਚ ਭਵਨੀਦੀਪ ਸਿੰਘ (ਡੀ. ਫਾਰਮੇਸੀ) ਨੇ ਪਹਿਲਾ, ਜੋਬਨਪ੍ਰੀਤ ਸਿੰਘ (ਡੀ. ਫਾਰਮੇਸੀ) ਨੇ ਦੂਜਾ ਅਤੇ ਸਹਜਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਪਤੰਗ ਬਣਾਉਣ ਦੇ ਮੁਕਾਬਲੇ ਵਿੱਚ ਜਯੋਤੀ ਅਤੇ ਕੋਮਲ (ਬੀ. ਫਾਰਮੇਸੀ, ਚੌਥਾ ਸਮੈਸਟਰ) ਨੇ ਪਹਿਲਾ, ਖੁਸ਼ਦਿਲ ਚੱਡਾ ਅਤੇ ਮੀਨਾਖ਼ਸ਼ੀ (ਬੀ. ਫਾਰਮੇਸੀ, ਚੌਥਾ ਸਮੈਸਟਰ) ਨੇ ਦੂਜਾ, ਜਸਨੂਰ ਕੌਰ ਸੈਣੀ, ਮਾਨਿਆ ਅਤੇ ਕਮਲਪ੍ਰੀਤ (ਬੀ. ਫਾਰਮੇਸੀ, ਚੌਥਾ ਸਮੈਸਟਰ) ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਡਾ. ਮੀਨਾਖ਼ਸ਼ੀ, ਕੁਲਦੀਪ ਰਾਣਾ ਅਤੇ ਪੂਰਾ ਕਾਲਜ ਸਟਾਫ ਮੌਜੂਦ ਰਿਹਾ।




# ਸਿਵਲ ਹਸਪਤਾਲ ਵਿਖੇ ਵਿਸ਼ਵ ਕੈਂਸਰ ਦਿਵਸ ਜਾਗਰੂਕਤਾ ਸਮਾਗਮ ਕਰਵਾਇਆ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿਵਲ ਹਸਪਤਾਲ ਨਵਾਂਸ਼ਹਿਰ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰ ਪਾਲ ਬਿੱਟੂ ਤੇ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਵਿਸ਼ਵ ਕੈਂਸਰ ਦਿਵਸ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਇਸ ਵਿੱਚ ਵਿਸਵ ਕੈਂਸਰ ਦਿਵਸ ਦਾ ਵਿਸ਼ਾ "ਯੂਨਾਈਟਿਡ ਬਾਈ ਯੂਨੀਕ" ਹੈ। ਇਸ ਥੀਮ ਦਾ ਉਦੇਸ਼ ਲੋਕਾਂ ਨੂੰ ਇਹ ਸਮਝਾਉਣਾ ਹੈ ਕਿ ਕੈਂਸਰ ਨੂੰ ਸਿਰਫ ਇਲਾਜ ਨਾਲ ਹਰਾਇਆ ਨਹੀਂ ਜਾ ਸਕਦਾ, ਸਗੋਂ ਇਹ ਇੱਕ ਅਜਿਹੀ ਲੜਾਈ ਹੈ ਜੋ ਲੋਕਾਂ ਨਾਲ ਮਿਲ ਕੇ ਲੜੀ ਜਾਣੀ ਹੈ ਅਤੇ ਇਸ ਨੂੰ ਜੜ੍ਹ ਤੋਂ ਉਖਾੜਨਾ ਹੈ। ਇਹ ਥੀਮ ਇਸ ਗੱਲ 'ਤੇ ਜੋਰ ਦਿੰਦਾ ਹੈ ਕਿ ਹਰ ਵਿਅਕਤੀ ਕੈਂਸਰ ਵਿਰੁੱਧ ਲੜਾਈ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰ ਪਾਲ ਬਿੱਟੂ ਨੇ ਆਪਣੇ ਸੰਬੋਧਨ ਵਿੱਚ ਆਮ ਲੋਕਾਂ ਨੂੰ ਕੈਂਸਰ ਦੇ ਲੱਛਣ, ਸਾਵਧਾਨੀਆਂ ਤੇ ਮੁੱਖ ਜੋਖਮ ਕਾਰਕਾਂ ਬਾਰੇ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਕੈਂਸਰ ਦੇ ਬਹੁਤ ਸਾਰੇ ਮਾਮਲੇ ਰੋਕੇ ਜਾ ਸਕਦੇ ਹਨ। ਇਹ ਜਾਗਰੂਕਤਾ ਮੁਹਿੰਮ ਲੋਕਾਂ ਨੂੰ ਕੈਂਸਰ ਦੇ ਜੋਖਮ ਨੂੰ ਘਟਾਉਣ ਲਈ ਸਿਹਤਮੰਦ ਭੋਜਨ ਖਾਣ, ਨਿਯਮਤ ਸਰੀਰਕ ਗਤੀਵਿਧੀਆਂ ਕਰਨ, ਤੰਬਾਕੂ ਅਤੇ ਸਰਾਬ ਤੋਂ ਪ੍ਰਹੇਜ ਕਰਨ ਅਤੇ ਸੰਤੁਲਿਤ ਜੀਵਨਸੈਲੀ ਬਣਾਈ ਰੱਖਣ ਬਾਰੇ ਜਾਗਰੂਕ ਕਰਦੀ ਹੈ। ਮੈਡੀਸਨ ਸਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ ਨੇ ਕਿਹਾ ਕਿ ਕੈਂਸਰ ਤੋਂ ਬਚਾਅ ਲਈ ਸਿਹਤਮੰਦ ਜੀਵਨ ਸ਼ੈਲੀ ਅਪਣਾਉਣੀ ਚਾਹੀਦੀ ਹੈ। ਪੌਸ਼ਟਿਕ ਆਹਾਰ ਲੈਣ ਦੇ ਨਾਲ-ਨਾਲ ਰੋਜਾਨਾ ਕਸਰਤ ਵੀ ਕਰਨੀ ਚਾਹੀਦੀ ਹੈ। ਐਨ ਸੀ ਡੀ ਰਾਜਵੀਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੈਂਸਰ ਰਾਹਤ ਕੋਸ਼ ਫੰਡ ਤਹਿਤ ਕੈਂਸਰ ਦੇ ਮਰੀਜਾਂ ਲਈ 1.50 ਲੱਖ ਰੁਪਏ ਦੀ ਰਾਸ਼ੀ ਰਹਿਤ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕੈਂਸਰ ਮਰੀਜਾਂ ਨੂੰ ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਮੁਫਤ ਸਫਰ ਕਰਨ ਦੀ ਸਹੂਲਤ ਵੀ ਉਪਲੱਬਧ ਹੈ।

# ਕਰਤਾਰਪੁਰ ਵਿਖੇ ਮਨਾਇਆ ਵਿਸ਼ਵ ਕੈਂਸਰ ਜਾਗਰੂਕਤਾ ਦਿਵਸ

**ਕਰਤਾਰਪੁਰ (ਹਰਮੇਸ਼ ਦੱਤ)**

ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਸਰਬਜੀਤ ਸਿੰਘ ਦੀ ਅਗਵਾਈ ਹੇਠ ਸੀ ਐਚ ਸੀ ਕਰਤਾਰਪੁਰ ਅਤੇ ਅਧੀਨ ਅਯੁਸ਼ਮਾਨ ਆਰੋਗਿਆ ਕੇਂਦਰਾਂ ਵਲੋਂ ਵਿਸ਼ਵ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਗਿਆ।ਇਸ ਮੌਕੇ ਡਾ. ਵਿਕ੍ਰਾਂਤ ਸ਼ਰਮਾ, ਡਾ. ਹਰਪ੍ਰੀਤ ਸਿੰਘ, ਬੀ ਈ ਈ ਰਾਕੇਸ਼ ਸਿੰਘ, ਫਾਰਮੇਸੀ ਅਫਸਰ ਸਰਨਜੀਤ ਬਾਵਾ, ਅਮੀਤ ਸ਼ਰਮਾ, ਸੰਦੀਪ ਕੁਮਾਰ, ਜਤਿੰਦਰ ਕੁਮਾਰ ਅਤੇ ਹੋਰ ਮੌਜੂਦ ਸਨ। ਸੀਨੀਅਰ ਮੈਡੀਕਲ ਅਫਸਰ ਡਾ. ਸਰਬਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਕੈਂਸਰ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਹਰ ਸਾਲ ਵਿਸ਼ਵ ਵਿੱਚ ਕੈਂਸਰ ਜਾਗਰੂਕਤਾ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਆਮ ਤੌਰ 'ਤੇ ਕੈਂਸਰ ਦੀ ਪਛਾਣ ਸਰੀਰ ਵਿੱਚ ਗਿਲਟੀ, ਲਗਾਤਾਰ ਖੰਘ ਅਤੇ ਆਵਾਜ਼ ਵਿਚ ਭਾਰੀਪਣ, ਮੂੰਹ ਵਿੱਚ ਨਾਂ ਠੀਕ ਹੋਣ ਵਾਲੇ ਛਾਲੇ ਅਤੇ ਮਹਾਂਮਾਰੀ ਤੋਂ ਇਲਾਵਾ ਖ਼ੂਨ ਪੈਣਾ ਆਦਿ ਲੱਛਣ ਹੋਣ 'ਤੇ ਤੁਰੰਤ ਹਸਪਤਾਲ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਵੱਲੋਂ ਲੋਕਾਂ ਨੂੰ ਸੰਤੁਲਤ ਖੁਰਾਕ ਲੈਣ ਅਤੇ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਸੁਧਾਰ ਕਰਨ ਅਤੇ ਸ਼ਰਾਬ, ਸਿਗਰਟ ਅਤੇ ਤੰਬਾਕੂ ਦੀ ਵਰਤੋਂ ਤੋਂ ਪ੍ਰਹੇਜ਼ ਕਰਨ ਲਈ ਪ੍ਰੇਰਿਤ ਕੀਤਾ ਗਿਆ। ਬੀ ਈ ਈ ਰਾਕੇਸ਼ ਸਿੰਘ ਨੇਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਮੈਡੀਕਲ ਕਾਲਜਾਂ ਅਤੇ ਸੂਚੀਬੱਧ ਹਸਪਤਾਲਾਂ ਵਿੱਚ ਕੈਂਸਰ ਦੀ ਬਿਮਾਰੀ ਦੇ ਇਲਾਜ ਲਈ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਤਹਿਤ ਡੇਢ ਲੱਖ ਤੱਕ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ।



# ਸਰਕਾਰੀ ਹਸਪਤਾਲ ਤੇ ਸਿਹਤ ਕੇਂਦਰਾਂ ਵਿਖੇ ਵਿਸ਼ਵ ਕੈਂਸਰ ਦਿਵਸ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਸਿਵਲ ਸਰਜਨ ਡਾ: ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ: ਕਰਨ ਕੁਮਾਰ ਸੈਣੀ ਸੀਨੀਅਰ ਮੈਡੀਕਲ ਅਫਸਰ ਟਾਂਡਾ ਦੀ ਅਗਵਾਈ ਹੇਠ ਸਿਵਲ ਹਸਪਤਾਲ ਟਾਂਡਾ ਅਤੇ ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਵਿਸ਼ਵ ਕੈਂਸਰ ਦਿਵਸ ਮਨਾਇਆ ਗਿਆ। ਡਾਕਟਰ ਸੈਣੀ ਨੇ ਦੱਸਿਆ ਕਿ ਹਰ ਸਾਲ 4 ਫਰਵਰੀ ਨੂੰ ਇਹ ਦਿਹਾੜਾ ਲੋਕਾਂ ਵਿੱਚ ਕੈਂਸਰ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਕੈਂਸਰ ਪੂਰੇ ਵਿਸ਼ਵ ਲਈ ਇੱਕ ਗੰਭੀਰ ਸਮੱਸਿਆ ਬਣਿਆ ਹੋਇਆ ਹੈ । ਉਹਨਾਂ ਦੱਸਿਆ ਕਿ ਗਲਤ ਜੀਵਨ ਸ਼ੈਲੀ ਅਤੇ ਗਲਤ ਖਾਣ ਪੀਣ ਇਸ ਬਿਮਾਰੀ ਦੇ ਮੁੱਖ ਕਾਰਨ ਹਨ । ਹਰ ਮਨੁੱਖ ਨੂੰ ਇਸ ਤੋਂ ਬਚਣ ਲਈ ਸਰੀਰਕ ਕਸਰਤ ਹਰੇ ਪੱਤੇਦਾਰ ਸਬਜੀਆਂ ਫਲਾਂ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ । ਪਾਣੀ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ, ਸਮੇਂ ਸਮੇਂ 'ਤੇ ਸਰੀਰਕ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਕਿਸੇ ਤਰ੍ਹਾਂ ਦੇ ਕੈਂਸਰ ਦੇ ਲੱਛਣ ਆਉਣ 'ਤੇ ਸਮੇਂ ਸਿਰ ਇਲਾਜ ਕਰਵਾਇਆ ਜਾ ਸਕੇ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਵਿੱਚੋਂ ਡੇਢ ਲੱਖ ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਇਸ ਮੌਕੇ ਡਾ: ਬਲਜੀਤ ਕੌਰ ,ਡਾਕਟਰ ਸਗੁਨ ,ਡਾ: ਹਰਪ੍ਰੀਤ ,ਡਾ: ਕਰਨ ਸਿੰਘ ਵਿਰਕ ,ਗੁਰਜੀਤ, ਜਤਿੰਦਰ, ਗੁਰਪ੍ਰੀਤ ,ਬਲਜੀਤ ਸਿੰਘ, ਹਰਜਿੰਦਰ ਆਦਿ ਹਾਜਰ ਸਨ।

# ਪੰਜਾਬ ਨੇ ਗ੍ਰੀਨ ਸਕੂਲ ਪ੍ਰੋਗਰਾਮ ਅਧੀਨ 'ਬੈੱਸਟ ਸਟੇਟ' ਤੇ 'ਬੈੱਸਟ ਡਿਸਟ੍ਰਿਕਟ' ਪੁਰਸਕਾਰ ਕੀਤੇ ਹਾਸਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਨੇ ਵਾਤਾਵਰਣ ਸਿੱਖਿਆ ਅਤੇ ਸਥਿਰਤਾ ਦੇ ਖੇਤਰ ਵਿੱਚ ਮਹੱਤਵਪੂਰਨ ਮੀਲ ਪੱਥਰ ਸਥਾਪਤ ਕਰਦਿਆਂ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ (ਸੀ.ਐਸ.ਈ.) ਵੱਲੋਂ ਨਵੀਂ ਦਿੱਲੀ ਦੇ ਇੰਡੀਆ ਹੈਬੀਟੇਟ ਸੈਂਟਰ ਵਿਖੇ ਕਰਵਾਏ ਗਏ ਗ੍ਰੀਨ ਸਕੂਲਜ਼ ਅਵਾਰਡਜ਼ 2025 ਵਿੱਚ ਵੱਕਾਰੀ 'ਬੈਸਟ ਗ੍ਰੀਨ ਸਟੇਟ' ਅਤੇ 'ਬੈਸਟ ਗ੍ਰੀਨ ਡਿਸਟ੍ਰਿਕਟ' ਪੁਰਸਕਾਰ ਹਾਸਲ ਕੀਤਾ ਹੈ। ਇਹ ਪੁਰਸਕਾਰ ਪ੍ਰਸਿੱਧ ਵਾਤਾਵਰਣ ਵਿਗਿਆਨੀ ਸੋਨਮ ਵਾਂਗਚੁਕ ਅਤੇ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਦੀ ਮੁਖੀ ਸੁਨੀਤਾ ਨਰਾਇਣ ਨੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀ.ਐਸ.ਸੀ.ਐਸ.ਟੀ.) ਦੇ ਕਾਰਜਕਾਰੀ ਡਾਇਰੈਕਟਰ ਇੰਜੀਨੀਅਰ ਪ੍ਰਿਤਪਾਲ ਸਿੰਘ ਅਤੇ ਜੁਆਇੰਟ ਡਾਇਰੈਕਟਰ ਡਾ. ਕੁਲਬੀਰ ਸਿੰਘ ਬਾਠ ਨੂੰ ਸੌਂਪੇ।ਸੀ.ਐਸ.ਈ. ਦੀ ਵਿਲੱਖਣ ਪਹਿਲਕਦਮੀ ਗ੍ਰੀਨ ਸਕੂਲਜ਼ ਪ੍ਰੋਗਰਾਮ (ਜੀ.ਐਸ.ਪੀ.) ਨੂੰ ਪੀ.ਐਸ.ਸੀ.ਐਸ.ਟੀ. ਵੱਲੋਂ ਆਪਣੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਅਧੀਨ ਪੰਜਾਬ ਵਿੱਚ ਸਰਗਰਮੀ ਨਾਲ ਲਾਗੂ ਕੀਤਾ ਗਿਆ ਹੈ। ਇਹ ਪ੍ਰੋਗਰਾਮ ਸਕੂਲਾਂ ਨੂੰ ਹਵਾ, ਊਰਜਾ, ਭੋਜਨ, ਜ਼ਮੀਨ, ਪਾਣੀ ਅਤੇ ਰਹਿੰਦ-ਖੂੰਹਦ ਵਰਗੇ ਛੇ ਮੁੱਖ ਖੇਤਰਾਂ ਵਿੱਚ ਜ਼ਰੂਰੀ ਮਾਪਦੰਡਾਂ ਲਈ ਸਖ਼ਤ ਆਡਿਟ ਕਰਵਾ ਕੇ ਸਰੋਤ ਪ੍ਰਬੰਧਨ ਨੂੰ ਅਨੁਕੂਲ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ। ਇਹ ਪੁਰਸਕਾਰ ਵਿਦਿਆਰਥੀਆਂ ਅਤੇ ਸਕੂਲਾਂ ਵਿੱਚ ਵਾਤਾਵਰਣ ਦੀ ਸਥਿਰਤਾ ਅਤੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਵਿੱਚ ਪੰਜਾਬ ਦੀ ਅਗਵਾਈ ਨੂੰ ਮਾਨਤਾ ਦਿੰਦੇ ਹਨ।ਦੇਸ਼ ਭਰ ਵਿੱਚ ਰਜਿਸਟਰਡ 11,917 ਸਕੂਲਾਂ ਵਿੱਚੋਂ, ਪੰਜਾਬ ਦੇ 7406 ਸਕੂਲਾਂ ਨੇ ਵਾਤਾਵਰਣ ਆਡਿਟ ਪੂਰੇ ਕੀਤੇ ਹਨ, ਜੋ ਕਿ ਦੇਸ਼ ਭਰ ਵਿੱਚ ਕੀਤੇ ਗਏ ਸਾਰੇ ਆਡਿਟ ਦਾ 84 ਫੀਸਦ ਬਣਦਾ ਹੈ। ਪੰਜਾਬ ਦੇ 196 ਸਕੂਲਾਂ ਨੂੰ ਗ੍ਰੀਨ ਸਕੂਲ ਦਾ ਦਰਜਾ ਦਿੱਤਾ ਗਿਆ, ਜਿਸ ਵਿੱਚ 171 ਸਰਕਾਰੀ ਅਤੇ 25 ਪ੍ਰਾਈਵੇਟ ਸਕੂਲ ਸ਼ਾਮਲ ਹਨ। ਹੁਸ਼ਿਆਰਪੁਰ ਜ਼ਿਲ੍ਹੇ ਨੂੰ ਸਰਵੋਤਮ ਜ਼ਿਲ੍ਹਾ ਪੁਰਸਕਾਰ ਦਿੱਤਾ ਗਿਆ। ਹੁਸ਼ਿਆਰਪੁਰ ਜ਼ਿਲ੍ਹੇ ਨੇ 1,945 ਸਕੂਲਾਂ ਦਾ ਆਡਿਟ ਪੂਰਾ ਕਰਕੇ ਰਾਸ਼ਟਰੀ ਰਿਕਾਰਡ ਕਾਇਮ ਕੀਤਾ, ਜੋ ਭਾਰਤ ਦੇ ਕਿਸੇ ਵੀ ਜ਼ਿਲ੍ਹੇ ਵਿੱਚੋਂ ਸਭ ਤੋਂ ਵੱਧ ਹੈ।ਇਹ ਮੀਲ ਪੱਥਰ ਵਾਤਾਵਰਣ ਸਿੱਖਿਆ ਵਿੱਚ ਪੰਜਾਬ ਦੀ ਮੋਹਰੀ ਭੂਮਿਕਾ ਦੀ ਗਵਾਹੀ ਭਰਦੇ ਹਨ ਅਤੇ ਬਿਹਤਰ ਭਵਿੱਖ ਦੀ ਸਿਰਜਣਾ ਲਈ ਸੂਬੇ ਦੀ ਵਚਨਬੱਧਤਾ ਨੂੰ ਉਜਾਗਰ ਕਰਦੇ ਹਨ। ਪੰਜਾਬ ਵਿੱਚ ਗ੍ਰੀਨ ਸਕੂਲ ਪ੍ਰੋਗਰਾਮ ਦੀ ਸਫਲਤਾ ਦੂਜੇ ਸੂਬਿਆਂ ਲਈ ਇੱਕ ਮਾਡਲ ਵਜੋਂ ਕੰਮ ਕਰਦੀ ਹੈ, ਜੋ ਸਿੱਖਿਆ ਪ੍ਰਣਾਲੀ ਵਿੱਚ ਵਾਤਾਵਰਣ ਚੇਤਨਾ ਨੂੰ ਸ਼ਾਮਲ ਕਰਨ ਦੀ ਮਹੱਤਤਾ ਨੂੰ ਦਰਸਾਉਂਦੀ ਹੈ।



# ਬੀ ਐੱਡ ਅਧਿਆਪਕ ਫਰੰਟ ਹੁਸ਼ਿਆਰਪੁਰ ਨੇ ਯੂ ਪੀ ਐੱਸ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

**ਹੁਸ਼ਿਆਰਪੁਰ (ਓ ਪੀ ਰਾਣਾ)**

ਕੇਂਦਰ ਸਰਕਾਰ ਵੱਲੋਂ ਏਕੀਕਿਰਤ ਪੈਨਸ਼ਨ ਯੋਜਨਾ ( ਯੂਨੀਫਾਈਡ ਪੈਨਸ਼ਨ ਸਕੀਮ) ਦਾ ਨੋਟੀਫਿਕੇਸ਼ਨ ਬੀਤੇ 25 ਜਨਵਰੀ ਨੂੰ ਜਾਰੀ ਹੋਣ ਤੇ ਬੀ ਐੱਡ ਅਧਿਆਪਕ ਫਰੰਟ ਦੇ ਅਧਿਆਪਕਾਂ ਨੇ ਇਸ ਨੂੰ ਕੇਂਦਰ ਸਰਕਾਰ ਦਾ ਇੱਕ ਹੋਰ ਵੱਡਾ ਧੋਖਾ ਕਰਾਰ ਦਿੱਤਾ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੀ ਐੱਡ ਅਧਿਆਪਕ ਫਰੰਟ ਦੇ ਜਿਲ੍ਹਾ ਪ੍ਰਧਾਨ ਮਾਸਟਰ ਸੁਰਜੀਤ ਰਾਜਾ ਜੀ ਟੀ ਯੂ ਵਿਗਿਆਨਿਕ ਦੇ ਜਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਸੋਨੀ ਅਤੇ ਗੌਰਮੈਂਟ ਸੀ ਐੱਡ ਵੀ ਕੇਡਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਨੇ ਕੀਤਾ।ਉਕਤ ਆਗੂਆਂ ਨੇ ਇਸ ਮੌਕੇ ਕਿਹਾ ਕਿ ਬੀਤੇ ਦਿਨੀ ਕੇਂਦਰ ਸਰਕਾਰ ਨੇ ਯੂਨੀਫਾਈਡ ਪੈਨਸ਼ਨ ਸਕੀਮ ਦਾ ਜੋ ਐਸ ਓ ਪੀ ਜਾਰੀ ਕੀਤਾ ਹੈ ਉਹ ਬਹੁਤ ਹੀ ਘਾਤਕ ਹੈ। ਕਿਉਂਕਿ ਉਪਰੋਕਤ ਸਕੀਮ ਦੇ ਅਨੁਸਾਰ ਸਰਕਾਰ ਮੁਲਾਜ਼ਮਾਂ ਦਾ ਪੈਸਾ ਹੜੱਪ ਕੇ ਉਸ ਦੀ ਹੀ ਮੁਲਾਜ਼ਮਾਂ ਨੂੰ ਪੈਨਸ਼ਨ ਦੇਣਾ ਚਾਹੁੰਦੀ ਹੈ, ਕਿਉਂਕਿ ਮੁਲਾਜਮਾਂ ਦੀ ਤਨਖਾਹ ਚੋਂ ਜੋ ਦਸ ਪਰਸੈਂਟ ਕਟੌਤੀ ਕੀਤੀ ਜਾਂਦੀ ਹੈ ਅਤੇ 14% ਸਰਕਾਰ ਆਪਣਾ ਹਿੱਸਾ ਪਾਉਂਦੀ ਹੈ ਉਹ ਜੋ ਪੈਸਾ ਇਕੱਠਾ ਹੋਇਆ ਹੈ ਉਹ ਇਸ ਪੈਨਸ਼ਨ ਸਕੀਮ ਅਨੁਸਾਰ ਵਾਪਸ ਨਹੀਂ ਕੀਤਾ ਜਾਵੇਗਾ। ਅਤੇ ਉਹ ਸਾਰਾ ਪੈਸਾ ਸਰਕਾਰ ਹੜੱਪਣਾ ਚਾਹੁੰਦੀ ਹੈ।ਇਸ ਮੌਕੇ ਲੈਕਚਰਾਰ ਪੂਰਨ ਸਿੰਘ ਅਤੇ ਮਾਸਟਰ ਹਰਕਮਲ ਸਿੰਘ ਨੇ ਕਿਹਾ ਕਿ ਇਸ ਪੈਨਸ਼ਨ ਦੇ ਨਾਂਅ 'ਤੇ ਸਰਕਾਰ ਕਰਮਚਾਰੀਆਂ ਦੀ ਖ਼ੂਨ ਪਸੀਨੇ ਦੀ ਕਮਾਈ ਖੋਣ ਦੀ ਪੂਰੀ ਤਿਆਰੀ ਕਰੀ ਬੈਠੀ ਹੈ ਜੋ ਕਿ ਮੁਲਾਜ਼ਮਾਂ ਨਾਲ ਬਹੁਤ ਵੱਡਾ ਧੋਖਾ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਇਸ ਪੈਨਸ਼ਨ ਦਾ ਪੰਜਾਬ ਵਿੱਚ ਡੱਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਮੈਡਮ ਕਮਲਜੀਤ, ਮੈਡਮ ਮਨਦੀਪ ਕੌਰ, ਮੈਡਮ ਸਤਿੰਦਰ ਕੌਰ ਅਤੇ ਮੈਡਮ ਪੂਜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਦਾ ਜੋ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਉਹ ਉਸ ਨੂੰ ਆਪਣੇ ਵਾਅਦਿਆਂ ਅਨੁਸਾਰ ਪੂਰਾ ਕਰੇ ਅਤੇ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਬਹਾਲ ਕਰੇ।ਇਸ ਮੌਕੇ ਅਧਿਆਪਕਾਂ ਨੇ ਯੂਨੀਫਾਈਡ ਪੈਨਸ਼ਨ ਸਕੀਮ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਇਸ ਦਾ ਵਿਰੋਧ ਕੀਤਾ। ਇਸ ਮੌਕੇ ਪੂਰਨ ਸਿੰਘ, ਮਾਸਟਰ ਹਰਕਮਲ ਸਿੰਘ, ਮਾਸਟਰ ਜਸਬੀਰ ਸਿੰਘ, ਸ਼੍ਰੀਮਤੀ ਕਮਲਜੀਤ ਕੌਰ, ਸ਼੍ਰੀਮਤੀ ਪੂਜਾ ਰਾਣੀ, ਸ਼੍ਰੀਮਤੀ ਮਨਦੀਪ ਕੌਰ, ਸ਼੍ਰੀਮਤੀ ਸਤਿੰਦਰ ਕੌਰ, ਮਾਸਟਰ ਰਵੀ ਕੁਮਾਰ, ਮਾਸਟਰ ਭੁਪਿੰਦਰ ਸਿੰਘ, ਅਤੇ ਮਾਸਟਰ ਜਤਿੰਦਰ ਸਿੰਘ ਵੀ ਹਾਜ਼ਰ ਸਨ।



## ਆਬਾਨ ਪਬਲਿਕ ਸਕੂਲ 'ਚ ਲੇਖ ਮੁਕਾਬਲੇ ਕਰਵਾਏ



ਮਾਲੇਰਕੋਟਲਾ (ਅਸਗਰ ਪਰਿਹਾਰ)-ਆਬਾਨ ਪਬਲਿਕ ਸਕੂਲ ਮਾਨਾਂ ਰੋਡ ਮਾਲੇਰਕੋਟਲਾ ਵਿਖੇ ਵਿਦਿਆਰਥੀਆਂ ਦੇ ਲੇਖ ਲਿਖਣ ਦੇ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ 'ਚ ਤੀਜੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਨੇ ਭਾਗ ਲਿਆ।ਇਨ੍ਹਾਂ ਮੁਕਾਬਲਿਆਂ ਦਾ ਮੁੱਖ ਮਕਸਦ ਵਿਦਿਆਰਥੀਆਂ 'ਚ ਲਿਖਣ ਦੀ ਭਾਵਨਾ 'ਚ ਵਾਧਾ ਕਰਨਾ ਸੀ। ਇਸ ਮੁਕਾਬਲੇ 'ਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਸਕੂਲ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ 'ਤੇ ਲੇਖ ਲਿਖਣ ਨੂੰ ਕਿਹਾ ਗਿਆ। ਜਮਾਤ ਵਿੱਚੋਂ ਸਭ ਤੋਂ ਵਧੀਆ ਲੇਖ ਲਿਖਣ ਵਾਲੇ ਵਿਦਿਆਰਥੀ ਮਰੀਅਮ, ਜ਼ੀਨਤ, ਸਾਹਿਬਦੀਨ, ਅਬਦੁਲ ਰਹਿਮਾਨ, ਸਹਿਨਾਜ਼, ਸਮੀਰ, ਫੈਜ਼ਲ, ਅਕਸ਼ਾ, ਸੁਫਰੀਨਾ, ਤਨਵੀਰ ਜੇਤੂ ਰਹੇ। ਵੱਖ-ਵੱਖ ਜਮਾਤ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਮੁਹੰਮਦ ਅਸ਼ਫਾਕ ਨੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਮੁਕਾਬਲਿਆਂ 'ਚ ਭਾਗ ਲੈਣਾ ਚਾਹੀਦਾ ਹੈ।

## ਪ੍ਰਨੀਤ ਕੌਰ ਤੇ ਜੈ ਇੰਦਰ ਕੌਰ ਵੱਲੋਂ ਕੇਂਦਰ ਸਰਕਾਰ ਦਾ ਧੰਨਵਾਦ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਦੇ ਸੀਨੀਅਰ ਭਾਜਪਾ ਆਗੂ ਸ੍ਰੀਮਤੀ ਪ੍ਰਨੀਤ ਕੌਰ ਤੇ ਸ੍ਰੀਮਤੀ ਜੈ ਇੰਦਰ ਕੌਰ ਨੇ ਕੇਂਦਰੀ ਬਜਟ 2025-26 ਦੇ ਹਿੱਸੇ ਵਜੋਂ ਰਾਜ ਦੇ ਰੇਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਨੂੰ 5,421 ਕਰੋੜ ਰੁਪਏ ਅਲਾਟ ਕਰਨ ਲਈ ਰੇਲਵੇ ਮੰਤਰਾਲੇ ਤੇ ਕੇਂਦਰ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸ੍ਰੀਮਤੀ ਪ੍ਰਨੀਤ ਕੌਰ ਨੇ ਕਿਹਾ, 'ਅਸੀਂ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਤੇ ਕੇਂਦਰ ਸਰਕਾਰ ਦੇ ਇਸ ਸਾਲ ਦੇ ਰੇਲ ਬਜਟ ਵਿੱਚ ਪੰਜਾਬ ਨੂੰ ਵੱਡ ਲਈ ਧੰਨਵਾਦੀ ਹਾਂ, ਜੋ ਯੂ.ਪੀ.ਏ-2 ਦੌਰਾਨ ਪੰਜਾਬ ਨੂੰ ਮਿਲੇ ਬੈਜਟ ਨਾਲੋਂ 24 ਗੁਣਾ ਜ਼ਿਆਦਾ ਹੈ, ਜੋ ਸਿਰਫ 225 ਕਰੋੜ ਸੀ।' ਉਨ੍ਹਾਂ ਕਿਹਾ, 'ਪਟਿਆਲਾ ਰੇਲਵੇ ਸਟੇਸ਼ਨ ਦਾ 47.51 ਕਰੋੜ ਰੁਪਏ ਦਾ ਪੁਨਰ ਵਿਕਾਸ ਇਸ ਗੱਲ ਦੀ ਇੱਕ ਪ੍ਰਮੁੱਖ ਉਦਾਹਰਣ ਹੈ ਕਿ ਕਿਸ ਤਰ੍ਹਾਂ ਕੇਂਦਰ ਸਰਕਾਰ ਪੰਜਾਬ ਦੇ ਰੇਲ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰ ਰਹੀ ਹੈ। ਇਹ ਸਟੇਸ਼ਨ ਬਹੁਤ ਜਲਦ ਪੂਰਾ ਹੋਣ ਦੇ ਨੇੜੇ ਹੈ ਤੇ ਇੱਥੇ ਯਾਤਰੀਆਂ ਨੂੰ ਜਲਦੀ ਹੀ ਵਿਸ਼ਵ ਪੱਧਰੀ ਸਹੂਲਤਾਂ ਦਾ ਅਨੁਭਵ ਹੋਵੇਗਾ। ਇਸ ਤੋਂ ਇਲਾਵਾ, 1,122 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਭਰ ਵਿੱਚ 30 ਅੰਮ੍ਰਿਤ ਭਾਰਤ ਸਟੇਸ਼ਨਾਂ ਦਾ ਵਿਕਾਸ, ਲੋਕਾਂ ਲਈ ਆਧੁਨਿਕੀਕਰਨ ਤੇ ਬਿਹਤਰ ਕਨੈਕਟੀਵਿਟੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ।'

## ਚੱਕ ਸਾਹੂ 'ਚ ਬੀ ਕੇ ਯੂ ਏਕਤਾ ਸਿੱਧੂਪੁਰ ਇਕਾਈ ਦਾ ਗਠਨ



ਫਰੀਦਕੋਟ (ਐਲਗਜੈਂਡਰ ਡਿਸੂਜ਼ਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਸਾਦਿਕ ਦੇ ਪਿੰਡ ਚੱਕ ਸਾਹੂ ਵਿਖੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਇੱਕ ਇਕੱਠ ਕੀਤਾ ਗਿਆ, ਜਿਸ ਵਿੱਚ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਇਸ ਪਿੰਡ ਦੀ ਇਕਾਈ ਤਿਆਰ ਕੀਤੀ ਗਈ, ਜੋ ਨਿਰੋਲ ਗ਼ੈਰ ਰਾਜਨੀਤਕ ਹੈ, ਜਿਸ ਦਾ ਮਕਸਦ ਸਿੱਧੂਪੁਰ ਗ਼ੈਰ ਰਾਜਨੀਤਕ ਦੇ ਸਹਿਯੋਗ ਨਾਲ ਕਿਸਾਨੀ ਮੰਗਾਂ ਦੀ ਪੂਰਤੀ ਲਈ ਲੜੇ ਜਾ ਰਹੇ ਘੋਲ ਵਿੱਚ ਆਪਣਾ ਬਣਦਾ ਹਿਸਾ ਪਾਇਆ ਜਾ ਸਕੇ।ਸਾਦਿਕ ਬਲਾਕ ਦੇ ਦੂਜੇ ਪਿੰਡਾਂ ਦੀਆਂ ਇਕਾਈਆਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਕਿਸਾਨਾਂ ਦੀਆਂ ਬਣਦੀਆਂ ਹੱਕੀ ਮੰਗਾਂ ਲਈ ਲੜਿਆ ਜਾ ਸਕੇ, ਜਿਵੇਂ ਪਹਿਲਾਂ ਤੋਂ ਹੀ ਜਗਜੀਤ ਸਿੰਘ ਡੱਲੇਵਾਲ ਪਿਛਲੇ 70 ਦਿਨਾਂ ਤੋਂ ਹਰਿਆਣੇ ਦੇ ਬਾਰਡਰ ਤੇ ਖਨੌਰੀ ਵਿਖੇ ਮਰਨ ਵਰਤ 'ਤੇ ਹਨ।ਉਨ੍ਹਾਂ ਤੇ ਯੂਨੀਅਨ ਦੇ ਸਹਿਯੋਗ ਲਈ ਪਿੰਡ ਦੀ ਇਕਾਈ ਦਾ ਸੰਗਠਨ ਕੀਤਾ ਗਿਆ।ਇਕੱਠ ਨੇ ਸਾਰੇ ਪਿੰਡ ਦੀ ਸਹਿਮਤੀ ਨਾਲ ਲਵਪ੍ਰੀਤ ਸਿੰਘ ਨੂੰ ਇਕਾਈ ਪ੍ਰਧਾਨ ਚੁਣਿਆ ਗਿਆ, ਸਕੱਤਰ ਮਨਪ੍ਰੀਤ ਸਿੰਘ ਨੂੰ ਚੁਣਿਆ ਗਿਆ, ਖ਼ਜ਼ਾਨਚੀ ਦੀ ਜ਼ਿੰਮੇਵਾਰੀ ਨੱਥਾ ਸਿੰਘ ਨੂੰ ਦਿੱਤੀ ਗਈ ਤੇ ਹੋਰ ਵੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ।ਇਕਾਈ ਦੇ ਸਰਪ੍ਰਸਤ ਪਰ ਗੁਰਮੇਜ ਸਿੰਘ ਨੂੰ ਥਾਪਿਆ ਗਿਆ। ਇਕਾਈ ਨੇ ਮੁੱਢਲੇ ਫ਼ੈਸਲਿਆਂ ਵਿੱਚ ਇਥੋਂ ਤੱਕ ਆਖਿਆ ਕਿ ਇਹ ਇਕਾਈ ਨਿਰੋਲ ਗ਼ੈਰ ਰਾਜਨੀਤਕ ਹੋਵੇਗੀ।

## ਕੈਂਸਰ ਦੀ ਜਲਦ ਪਛਾਣ ਹੋਣ 'ਤੇ ਇਲਾਜ ਸੰਭਵ : ਡਾ. ਸੰਜੇ ਕਾਮਰਾ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਸੰਜੇ ਕਾਮਰਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਰਕਾਰੀ ਨਰਸਿੰਗ ਸਕੂਲ ਵਿਖੇ ਵਿਸ਼ਵ ਕੈਂਸਰ ਦਿਵਸ ਮਨਾਇਆ ਗਿਆ।ਡਾ. ਸੰਜੇ ਕਾਮਰਾ ਨੇ ਦੱਸਿਆ ਕਿ ਛਾਤੀ ਵਿੱਚ ਹੋਣ ਵਾਲੀਆਂ ਗਿਲਟੀਆਂ, ਨਾ ਠੀਕ ਹੋਣ ਵਾਲਾ ਮੂੰਹ ਦਾ ਛਾਲਾ, ਭੁੱਖ ਨਾ ਲੱਗਣਾ, ਲਗਾਤਾਰ ਵਜ਼ਨ ਦਾ ਘੱਟ ਹੋਣਾ, ਪਾਚਨ ਸ਼ਕਤੀ ਤੇ ਪਖਾਨਾ ਕਿਰਿਆ ਵਿੱਚ ਅਚਾਨਕ ਬਦਲਾਓ ਆਉਣਾ, ਬਿਨਾਂ ਕਾਰਨ ਸਰੀਰ ਵਿੱਚ ਕਮਜ਼ੋਰੀ ਮਹਿਸੂਸ ਹੋਣਾ ਆਦਿ ਲੱਛਣ ਨਜ਼ਰ ਆਉਣ 'ਤੇ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਖਾਣ-ਪੀਣ ਵਾਲੀਆਂ ਚੀਜ਼ਾਂ 'ਤੇ ਕੀਟਨਾਸ਼ਕ ਦਵਾਈਆਂ ਦਾ ਛਿੜਕਾਓ ਕਰਨ, ਤੰਬਾਕੂ ਤੇ ਸ਼ਰਾਬ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਣਾ ਚਾਹੀਂਦਾ ਹੈ।ਜੇਕਰ ਪਰਵਾਰ ਵਿੱਚ ਕਿਸੇ ਮੈਂਬਰ ਨੂੰ ਕੈਂਸਰ ਹੋਵੇ ਤਾਂ ਪਰਵਾਰਕ ਮੈਂਬਰਾਂ ਨੂੰ ਸਮੇਂ-ਸਮੇਂ ਸਿਹਤ ਦੀ ਜਾਂਚ ਕਰਾਉਂਦੇ ਰਹਿਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਕੈਂਸਰ ਦੀ ਜਲਦ ਪਛਾਣ ਹੋਣ 'ਤੇ ਇਲਾਜ ਸੰਭਵ ਹੈ।ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ ਨੇ ਦੱਸਿਆ ਕਿ 35 ਸਾਲ ਦੀ ਉਮਰ ਤੋਂ ਬਾਅਦ ਹਰ ਔਰਤ ਨੂੰ ਆਪਣੀ ਮੈਡੀਕਲ ਜਾਂਚ ਜ਼ਰੂਰ ਕਰਾਉਣੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਚੱਲ ਰਹੀ ਹੈ, ਜਿਸ ਤਹਿਤ ਕੈਂਸਰ ਤੋਂ ਪੀੜਤ ਵਿਅਕਤੀ ਨੂੰ ਇਲਾਜ ਲਈ 1 ਲੱਖ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਾਈ ਜਾਂਦੀ ਹੈ, ਜੋ ਉਸ ਵੱਲੋਂ ਇਲਾਜ ਕਰਾਏ ਜਾ ਰਹੇ ਹਸਪਤਾਲ ਦੇ ਖਾਤੇ ਵਿੱਚ ਜਮ੍ਹਾਂ ਹੁੰਦੀ ਹੈ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਦੀ ਜਾਣਕਾਰੀ ਲਈ ਵਿਅਕਤੀ ਟੋਲ ਫ੍ਰੀ ਮੈਡੀਕਲ ਹੈਲਪਲਾਈਨ ਨੰਬਰ 104 ਡਾਇਲ ਕਰਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

## 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ



ਜਗਰਾਉਂ (ਸੰਜੀਵ ਅਰੋੜਾ)-ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ, ਜੋ ਸਿੱਖਿਆ ਦੇ ਨਾਲ-ਨਾਲ ਧਾਰਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਵੀ ਕਰਾਉਂਦੀ ਰਹਿੰਦੀ ਹੈ। ਇਸੇ ਲੜੀ ਤਹਿਤ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਫੇਅਰਵੈੱਲ ਪਾਰਟੀ ਦਿੱਤੀ ਗਈ। ਸਭ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਸਕੂਲ ਦੇ ਚੇਅਰਮੈਨ, ਮੈਨੇਜਮੈਂਟ ਮੈਂਬਰਜ਼ ਤੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਦੁਆਰਾ ਰੀਬਨ ਕਟਿੰਗ ਕਰਕੇ ਆਗਾਜ਼ ਕੀਤਾ ਗਿਆ। ਉਸ ਤੋਂ ਬਾਅਦ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਵੱਲੋਂ ਆਪਣੇ ਸੀਨੀਅਰਜ਼ ਲਈ ਵੈਲਕਮ ਸਪੀਚ ਬੋਲੀ ਗਈ। ਫਿਰ ਗਿਆਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਬੜੀ ਹੀ ਖੂਬਸੂਰਤ ਕੋਰੀਓਗ੍ਰਾਫ਼ੀ ਪੇਸ਼ ਦਿੱਤੀ ਗਈ। ਉਸ ਤੋਂ ਬਾਅਦ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰਜ ਨੂੰ ਵੱਖ-ਵੱਖ ਗਾਣਿਆਂ ਤੇ ਡਾਂਸ ਅਤੇ ਹੋਰ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਨ ਲਈ ਕਿਹਾ ਗਿਆ, ਜੋ ਉਨ੍ਹਾਂ ਨੇ ਬੜੀ ਹੀ ਲਿਆਕਤ ਤੇ ਅਨੁਸ਼ਾਸ਼ਨ 'ਚ ਰਹਿ ਕੇ ਕੀਤੀਆਂ। ਉਸ ਤੋਂ ਬਾਅਦ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਮੂਹ ਅਧਿਆਪਕਾਂ ਤੇ ਉਨ੍ਹਾਂ ਦੀ ਪ੍ਰਸਨੈਲਟੀ ਮੁਤਾਬਕ ਕੁਮੈਂਟ ਕਰਕੇ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਜਿਵੇਂ ਗਾਣਾ, ਡਾਂਸ, ਗਿੱਧਾ, ਭੰਗੜਾ ਤੇ ਹੋਰ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਾਈਆਂ ਗਈਆਂ, ਜੋ ਅਧਿਆਪਕਾ ਨੇ ਬਿਨਾਂ ਕਿਸੇ ਝਿਜਕ ਤੋਂ ਬੜੀ ਹੀ ਖੂਬਸੂਰਤੀ ਨਾਲ ਬੱਚਿਆਂ ਦੀ ਖੁਸ਼ੀ ਲਈ ਕੀਤੀਆਂ। ਇਸ ਤੋਂ ਬਾਅਦ ਸਕੂਲ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਨੇ ਆਪਣੇ ਭਾਸ਼ਣ ਵਿੱਚ ਬੱਚਿਆਂ ਦੀ ਪ੍ਰਫਾਰਮੈਂਸ ਤੇ ਬੜੀ ਹੀ ਅੱਛੇ ਤਰੀਕੇ ਨਾਲ ਸਮਾਗਮ ਕਰਨ ਤੇ ਸਭ ਨੂੰ ਵਧਾਈਆਂ ਦਿੱਤੀਆਂ। ਬਾਰ੍ਹਵੀ ਜਮਾਤ ਦੇ ਬੱਚਿਆਂ ਨੇ ਸਕੂਲ ਦੀ ਰੀਤ ਅਨੁਸਾਰ ਮੋਮਬੱਤੀਆਂ ਜਗਾ ਕੇ ਗਿਆਰ੍ਹਵੀਂ ਜਮਾਤ ਦੇ ਬੱਚਿਆਂ ਨੂੰ ਦਿੱਤੀਆਂ ਗਈਆਂ ਤਾਂ ਜੁ ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚੱਲਦਾ ਰਹੇ।

## ਐੱਨ ਸੀ ਸੀ ਕੈਡਿਟਾਂ ਵੱਲੋਂ ਪੋਲੀਓ ਨੂੰ ਰੋਕਣ ਦੇ ਉਪਾਵਾਂ ਦਾ ਪ੍ਰਦਰਸ਼ਨ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿਖੇ 3 ਪੀ ਬੀ ਨੇਵਲ ਯੂਨਿਟ ਐਨ ਸੀ ਸੀ ਬਠਿੰਡਾ ਦੇ ਕਮਾਂਡਿੰਗ ਅਫ਼ਸਰ ਈਸ਼ਰਾਜ ਸਿੰਘ ਦੇ ਮਾਰਗਦਰਸ਼ਨ ਅਨੁਸਾਰ ਸੰਗਠਿਤ ਪਲਸ ਪੋਲੀਓ ਮੁਹਿੰਮ ਦੇ ਤਹਿਤ, ਐਨ ਸੀ ਸੀ ਕੈਡਿਟਾਂ ਨੇ ਪੋਲੀਓ ਖਾਤਮੇ ਬਾਰੇ ਜਾਗਰੂਕਤਾ ਫੈਲਾਉਣ ਲਈ ਪੋਸਟਰ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਐਨ ਸੀ ਸੀ ਕੈਡਿਟਾਂ ਨੇ ਪੋਲੀਓ ਦੇ ਖ਼ਤਰੇ ਅਤੇ ਇਸ ਦੇ ਖਾਤਮੇ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਸ਼ਾਨਦਾਰ ਪੋਸਟਰ ਤਿਆਰ ਕੀਤੇ।ਇਸ ਪੋਸਟਰ ਵਿੱਚ ਪੋਲੀਓ ਦੀ ਗੰਭੀਰਤਾ, ਬੱਚਿਆਂ ਦੀ ਸਿਹਤ ਲਈ ਇਸ ਦੀ ਖੁਰਾਕ ਦੀ ਮਹੱਤਤਾ ਅਤੇ ਸਮਾਜ ਦੇ ਸਾਰੇ ਵਰਗਾਂ ਵਿੱਚ ਇਸ ਦਿਸ਼ਾ ਵਿੱਚ ਜਾਗਰੂਕਤਾ ਪੈਦਾ ਕਰਨ ਦਾ ਸੰਦੇਸ਼ ਦਿੱਤਾ ਗਿਆ ਸੀ। ਐਨ ਸੀ ਸੀ ਕੈਡਿਟਾਂ ਨੇ ਪੋਲੀਓ ਨੂੰ ਰੋਕਣ ਦੇ ਉਪਾਵਾਂ ਦਾ ਪ੍ਰਦਰਸ਼ਨ ਕੀਤਾ।ਵਿੱਦਿਆ ਮੰਦਰ ਦੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਕਿਹਾ ਕਿ ਐਨ.ਸੀ.ਸੀ. ਕੈਡਿਟਾਂ ਦਾ ਇਹ ਯਤਨ ਇਸ ਗੱਲ ਦਾ ਸਬੂਤ ਹੈ ਕਿ ਨੌਜਵਾਨ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਸਰਗਰਮੀ ਨਾਲ ਕੰਮ ਕਰ ਸਕਦੇ ਹਨ।ਇਸ ਗਤੀਵਿਧੀ ਵਿੱਚ ਐਨ ਸੀ ਸੀ ਕੈਡਿਟਾਂ ਦੇ ਨਾਲ ਉਨ੍ਹਾਂ ਦੀ ਸੀ ਟੀ ਓ ਮੋਹਦੀਪ ਕੌਰ ਵੀ ਸ਼ਾਮਲ ਸਨ।

# ਸ਼ਾਰਟ ਸਰਕਟ ਨਾਲ ਘਰ ਦਾ ਸਾਮਾਨ ਸੜ ਕੇ ਸੁਆਹ

### ਵਿਧਾਇਕ ਰਾਏ ਨੇ ਪਰਵਾਰ ਦਾ ਜਾਣਿਆ ਹਾਲ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਨਗਰ ਕੌਂਸਲ ਸਰਹੰਦ ਅਧੀਨ ਆਉਂਦੇ ਵਾਰਡ ਨੰਬਰ ਇੱਕ ਤਲਾਨੀਆਂ ਵਿਖੇ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਘਰ ਦਾ ਸਾਮਾਨ ਸੜ ਕੇ ਸਵਾਹ ਹੋ ਗਿਆ।ਵਿਧਾਇਕ ਲਖਬੀਰ ਸਿੰਘ ਰਾਏ ਪਰਵਾਰ ਦਾ ਹਾਲ ਜਾਨਣ ਲਈ ਉਨ੍ਹਾਂ ਦੇ ਘਰ ਪਹੁੰਚੇ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਿਜਲੀ ਦਾ ਸ਼ਾਰਟ ਸਰਕਟ ਹੋਣ ਕਾਰਨ ਗਰੀਬ ਪਰਵਾਰ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ, ਪਰ ਪਰਵਾਰ ਦਾ ਜਾਨ ਮਾਲ ਦਾ ਨੁਕਸਾਨ ਹੋਣੋਂ ਬਚ ਗਿਆ।ਵਿਧਾਇਕ ਲਖਵੀਰ ਵਿਧਾਇਕ ਰਾਏ ਵੱਲੋਂ ਪਰਵਾਰ ਨੂੰ ਪੂਰਾ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

ਕਿਰਨਦੀਪ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਵਾਰਡ ਨੰਬਰ ਇੱਕ ਤਲਾਨੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਤ ਕਰੀਬ 3 ਵਜੇ ਜਦੋਂ ਟੈਲੀਵਿਜ਼ਨ ਦੀ ਸਕਰੀਨ ਦਾ ਪਟਾਕਾ ਪਿਆ ਤਾਂ ਉਨ੍ਹਾਂ ਦੀ ਅੱਖ ਖੁੱਲ੍ਹ ਗਈ, ਉਦੋਂ ਉਨ੍ਹਾਂ ਨੇ ਦੇਖਿਆ ਕਿ ਘਰ ਦੇ ਅੰਦਰ ਚਾਰੇ ਪਾਸੇ ਅੱਗ ਲੱਗੀ ਹੋਈ ਹੈ।ਉਹ ਫਟਾਫਟ ਉੱਥੋਂ ਉੱਠੇ ਤੇ ਬੱਚਿਆਂ ਨੂੰ ਬਾਹਰ ਕੱਢਿਆ, ਪਰ ਉਦੋਂ ਤੱਕ ਕਰਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ ਸੀ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਰਵਾਰ ਵਿੱਚ ਉਨ੍ਹਾਂ ਦੀ ਪਤਨੀ ਰਵਿੰਦਰ ਕੌਰ, ਬੇਟਾ ਸਾਹਿਬਪ੍ਰੀਤ ਸਿੰਘ (12), ਗੁਰਮਾਣ ਸਿੰਘ (11), ਖੁਸ਼ਪ੍ਰੀਤ ਕੌਰ (10) ਸਾਲਾ ਹਨ।ਉਨ੍ਹਾਂ ਦੱਸਿਆ ਕਿ ਉਹ ਮਿਹਨਤ ਮਜ਼ਦੂਰੀ ਦਾ ਕੰਮ ਕਰਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਸਿੰਘ ਜੋਨੀ, ਜਗਜੀਤ ਸਿੰਘ, ਸਰਬਜੀਤ ਸਿੰਘ, ਡਿੰਪੀ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ, ਨਾਜਰ ਸਿੰਘ, ਕਾਲਾ ਬਾਬਾ ਆਦਿ ਹਾਜ਼ਰ ਸਨ।

## ਸਮੇਂ ਸਿਰ ਜਾਂਚ ਕਰਕੇ ਕੈਂਸਰ ਤੋਂ ਹੋ ਸਕਦਾ ਹੈ ਬਚਾਅ : ਡਾ. ਰੌਬਿਨ

ਦੋਦਾ (ਸ਼ਮਿੰਦਰਪਾਲ/ਪੁਜਾ)-4 ਫਰਵਰੀ ਦਾ ਦਿਨ ਸਾਰੇ ਸੰਸਾਰ ਵਿੱਚ ਵਿਸ਼ਵ ਕੈਂਸਰ ਦਿਵਸ ਦੇ ਰੂਪ ਵਿੱਚ ਜਾਗਰੂਕਤਾ ਦਿਨ ਵਜੋਂ ਮਨਾਇਆ ਗਿਆ। ਡਾ. ਰੌਬਿਨ ਨੇ ਦੱਸਿਆ ਕਿ ਇਸ ਦਿਨ ਦਾ ਮੁੱਖ ਮਕਸਦ ਕੈਂਸਰ ਦੀ ਜਲਦੀ ਪਹਿਚਾਣ ਕਰਕੇ ਜਲਦੀ ਇਲਾਜ ਕਰਨਾ ਅਤੇ ਕੈਂਸਰ ਨਾਲ ਹੋ ਰਹੀਆਂ ਮੌਤਾਂ ਨੂੰ ਘਟਾਉਣ ਤੋਂ ਹੈ।ਅਜੋਕੇ ਸਮੇਂ ਬਦਲ ਰਹੀ ਜੀਵਨ ਸ਼ੈਲੀ ਅਤੇ ਸਾਡੇ ਰੋਜ਼ਾਨਾ ਦੇ ਖਾਣ ਪੀਣ ਦੇ ਲਾਈਫ ਸਟਾਈਲ ਵਿੱਚ ਤਬਦੀਲੀ ਆਉਣ ਨਾਲ ਕੈਂਸਰ ਵਰਗੀਆਂ ਬਿਮਾਰੀਆਂ 'ਚ ਵਾਧਾ ਹੋ ਰਿਹਾ ਹੈ। ਤੰਬਾਕੂ, ਬੀੜੀ, ਸਿਗਰਟ ਦੇ ਸੇਵਨ ਕਾਰਨ ਮੂੰਹ, ਫੇਫੜੇ ਅਤੇ ਪੇਟ ਦਾ ਕੈਂਸਰ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਔਰਤਾਂ ਤੇ ਮਰਦਾਂ ਵਿੱਚ ਕਿਸੇ ਵੀ ਕਿਸਮ ਦਾ ਕੈਂਸਰ ਹੋ ਸਕਦਾ ਹੈ, ਪਰ ਔਰਤਾਂ ਵਿੱਚ ਜ਼ਿਆਦਾਤਰ ਛਾਤੀ, ਬੱਚੇਦਾਨੀ ਦਾ ਕੈਂਸਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਛਾਤੀ ਜਾਂ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਗਿਲਟੀ ਦਾ ਹੋਣਾ, ਪਾਚਨ ਸ਼ਕਤੀ ਤੇ ਪਖਾਨਾ ਕਰਨ ਦੀ ਕਿਰਿਆ ਵਿੱਚ ਬਦਲਾਉ, ਲਗਾਤਾਰ ਖੰਘ ਤੇ ਆਵਾਜ਼ ਵਿੱਚ ਭਾਰੀਪਣ, ਮਾਹਵਾਰੀ ਵਿੱਚ ਜ਼ਿਆਦਾ ਖੂਨ ਪੈਣਾ ਅਤੇ ਮਾਹਵਾਰੀ ਤੋਂ ਇਲਾਵਾ ਖੂਨ ਪੈਣਾ ਆਦਿ ਕੈਂਸਰ ਦੇ ਲੱਛਣ ਹੋ ਸਕਦੇ ਹਨ।ਜੇਕਰ ਇਸ ਦਾ ਸਹੀ ਸਮੇਂ ਸਿਰ ਚੈਕਅੱਪ ਕਰਵਾ ਲਿਆ ਜਾਵੇ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ।ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਲੱਛਣ ਨਜ਼ਰ ਆਉਣ ਤਾਂ ਤੁਰੰਤ ਨੇੜੇ ਦੇ ਹਸਪਤਾਲ ਵਿੱਚ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਟੋਲ ਫਰੀ ਨੰਬਰ 104 ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

# ਕਰਮਚਾਰੀਆਂ ਮੀਟਿੰਗ ਕਰਕੇ ਲਏ ਫੈਸਲੇ, ਹੋਵੇਗਾ ਸੰਘਰਸ਼ : ਪ੍ਰਧਾਨ ਅਰੁਣ ਗਿੱਲ



ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਸਫਾਈ ਸੇਵਕ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਦੀ ਅਗਵਾਈ ਹੇਠ ਨਗਰ ਕੌਂਸਲ ਜਗਰਾਉਂ ਦੇ ਸਮੂਹ ਕਲੈਰੀਕਲ ਸਟਾਫ, ਫਾਇਰ ਬ੍ਰਿਗੇਡ, ਇਲੈਕਟ੍ਰੀਸ਼ੀਅਨ ਪੰਪ ਓਪਰੇਟਰ ਸੀਵਰਮੈਨ, ਬੇਲਦਾਰ, ਮਾਲੀ ਅਤੇ ਸਮੂਹ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਇਕ ਅਹਿਮ ਮੀਟਿੰਗ ਕੀਤੀ ਗਈ।ਜਿਸ ਵਿੱਚ ਮੁੱਖ ਮੰਗਾਂ ਕਲੈਰੀਕਲ ਸਟਾਫ ਅਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਦਾ ਈ ਪੀ ਐਫ ਖਾਤਿਆਂ ਵਿਚ ਜਮ੍ਹਾਂ ਕਰਵਾਉਣਾ, ਕਰਮਚਾਰੀਆਂ ਦੀਆਂ ਸਰਵਿਸ ਬੁੱਕਾਂ ਕੰਪਲੀਟ ਕਰਨੀਆਂ, ਸਫਾਈ ਸੇਵਕਾਂ/ਸੀਵਰਮੈਨਾਂ ਦੀ ਭਰਤੀ ਕਰਨਾ, ਸਵੱਛ ਭਾਰਤ ਅਭਿਆਨ ਤਹਿਤ ਕੂੜੇ ਦੀ ਸੈਗਰੀਗੇਸ਼ਨ ਅਤੇ ਸਾਂਭ ਸੰਭਾਲ ਲਈ ਜਗ੍ਹਾ ਮੁਹੱਈਆ ਕਰਵਾਉਣਾ, ਮੁਲਾਜ਼ਮਾਂ ਦਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗਰੁੱਪ ਬੀਮਾ ਈ ਪੀ ਐਫ ਖਾਤਿਆਂ ਦੀਆਂ ਕਾਪੀਆਂ ਬਣਾਉਣੀਆਂ ਅਤੇ ਕਈ ਹੋਰ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਕਈ ਵਾਰ ਨਗਰ ਕੌਂਸਲ ਜਗਰਾਉਂ ਦੇ ਉੱਚ-ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਦਿੱਤਾ ਗਿਆ, ਪ੍ਰੰਤੂ ਅੱਜ ਤੱਕ ਇਨ੍ਹਾਂ ਮਸਲਿਆਂ ਦਾ ਹੱਲ ਨਾ ਹੋ ਸਕਿਆ, ਜਿਸ ਦੇ ਸਿੱਟੇ ਵਜੋਂ ਇਹ ਮੀਟਿੰਗ ਕੀਤੀ ਗਈ। 5 ਫਰਵਰੀ ਨੂੰ ਮੰਗਾਂ ਸਬੰਧੀ ਯਾਦ ਪੱਤਰ ਅਤੇ ਮੰਗ ਪੱਤਰ ਸੌਂਪਿਆ ਜਾਵੇਗਾ। ਇਨ੍ਹਾਂ ਮੰਗਾਂ ਦਾ ਆਉਣ ਵਾਲੇ 7 ਦਿਨਾਂ ਦੇ ਅੰਦਰ ਅੰਦਰ ਹੱਲ ਨਾ ਹੋਇਆ ਤਾਂ ਯੂਨੀਅਨ ਅਗਲੇਰੀ ਕਾਰਵਾਈ ਕਰਕੇ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਕਲੈਰੀਕਲ ਸਟਾਫ ਰੈਗੂਲਰ ਕਰਮਚਾਰੀਆਂ ਦੇ ਪ੍ਰਧਾਨ ਅਰਯਾਮ ਸਿੰਘ, ਆਉਟ ਸੋਰਸ ਕਲੈਰੀਕਲ ਪ੍ਰਧਾਨ ਜਸਪ੍ਰੀਤ ਸਿੰਘ, ਦਵਿੰਦਰ ਸਿੰਘ, ਨਵਜੀਤ ਕੌਰ, ਗਗਨ ਖੁੱਲਰ, ਵਿਸ਼ਾਲ ਟੰਡਨ, ਹਰਦੀਪ ਢੋਲਣ, ਗੁਰਪ੍ਰੀਤ ਸਿੰਘ, ਰਜਿੰਦਰ ਕੁਮਾਰ, ਬਲਵੀਰ ਕੁਮਾਰ, ਰਾਜ ਕੁਮਾਰ, ਸਤਦੀਪ ਕੁਮਾਰ, ਜਗਮੋਹਨ ਸਿੰਘ, ਰਵੀ ਗਿੱਲ, ਸੰਤੋਖ ਰਾਮ ਅਤੇ ਸਮੂਹ ਅਹੁਦੇਦਾਰ ਆਗੂ ਪ੍ਰਧਾਨ ਹਾਜ਼ਰ ਰਹੇ।

# ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੀ ਦਸਵੀਂ ਸੂਚੀ ਜਾਰੀ

ਸੰਗਰੂਰ (ਪ੍ਰਵੀਨ ਸਿੰਘ)-ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੀ ਅਨੁਮਤੀ ਸਾਲ 2025 ਲਈ ਪੰਜਾਬ ਮਹਿਲਾ ਵਿੰਗ ਦੀਆਂ ਸੂਬੇ ਅੰਦਰ 33 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੀਆਂ ਗਈਆਂ। ਜਸਨੀ ਬੁਲਾਨ ਸੁਨਾਮ (ਸੰਗਰੂਰ), ਰੇਖਾ ਰਾਣੀ (ਰੋਪੜ), ਕਮਲਜੀਤ ਕੌਰ (ਪਟਿਆਲਾ ਦਿਹਾਤੀ), ਸੋਨੀਆ ਦਾਸ ਕੌਂਸਲਰ (ਪਟਿਆਲਾ ਸ਼ਹਿਰੀ), ਜਸਵੰਤ ਕੌਰ ਅਹਿਮਦਗੜ੍ਹ (ਮਲੇਰਕੋਟਲਾ), ਗੁਰਜੀਤ ਕੌਰ ਬਖਤਗੜ੍ਹ (ਬਰਨਾਲਾ ਦਿਹਾਤੀ), ਰਣਜੀਤ ਕੌਰ (ਬਰਨਾਲਾ ਸ਼ਹਿਰੀ), ਰੁਪਿੰਦਰ ਕੌਰ ਮੰਡੇਰ (ਐਸ ਬੀ ਐਸ ਨਗਰ ਨਵਾਂਸ਼ਹਿਰ), ਕਮਲ ਰਾਜ (ਪਠਾਨਕੋਟ), ਅਮਨਦੀਪ ਕੌਰ (ਗੁਰਦਾਸਪੁਰ), ਨਜ਼ੀਰਾਂ ਬੇਗਮ (ਪੁਲਸ ਜ਼ਿਲ੍ਹਾ ਖੰਨਾ), ਕਿਰਨਦੀਪ ਕੌਰ (ਫਰੀਦਕੋਟ ਸ਼ਹਿਰੀ), ਮੰਜੂ ਰਾਣੀ (ਫਰੀਦਕੋਟ ਦਿਹਾਤੀ), ਮਨਦੀਪ ਕੌਰ (ਮੋਗਾ), ਬਲਜੀਤ ਕੌਰ (ਤਰਨਤਾਰਨ), ਚਰਨਜੀਤ ਕੌਰ (ਸ੍ਰੀ ਫਤਿਹਗੜ੍ਹ ਸਾਹਿਬ), ਪ੍ਰਿਯੰਕਾ ਆਨੰਦ (ਲੁਧਿਆਣਾ ਸ਼ਹਿਰੀ 1), ਬਲਵੀਰ ਕੌਰ (ਲੁਧਿਆਣਾ ਸ਼ਹਿਰੀ 2), ਸਰਬਜੀਤ ਕੌਰ ਚੀਮਾ (ਲੁਧਿਆਣਾ ਦਿਹਾਤੀ), ਪਰਮਜੀਤ ਕੌਰ ਬਨੂੜ (ਐਸ ਏ ਐਸ ਨਗਰ ਮੋਹਾਲੀ), ਹਰਜੀਤ ਕੌਰ (ਮਾਨਸਾ), ਜਸਬੀਰ ਕੌਰ (ਬਠਿੰਡਾ ਸ਼ਹਿਰੀ), ਅਮਨਦੀਪ ਕੌਰ ਢੁੱਖਾ (ਬਠਿੰਡਾ ਦਿਹਾਤੀ), ਨੀਲਮ ਰਾਣੀ (ਹੁਸ਼ਿਆਰਪੁਰ ਦਿਹਾਤੀ), ਮਨਜੀਤ ਕੌਰ (ਹੁਸ਼ਿਆਰਪੁਰ ਸ਼ਹਿਰੀ), ਲੱਖੇ ਕੌਰ (ਫ਼ਿਰੋਜ਼ਪੁਰ), ਪੂਰਵਾ (ਸ਼੍ਰੀ ਅੰਮ੍ਰਿਤਸਰ ਸਹਿਬ ਸ਼ਹਿਰੀ), ਜਸਬੀਰ ਕੌਰ (ਸ਼੍ਰੀ ਅੰਮ੍ਰਿਤਸਰ ਸਹਿਬ ਦਿਹਾਤੀ), ਪਿੰਦਰਪਾਲ ਕੌਰ ਧਾਲੀਵਾਲ (ਸ਼੍ਰੀ ਮੁਕਤਸਰ ਸਾਹਿਬ), ਸ਼ਮਾ ਹੰਸ ਕੌਂਸਲਰ (ਕਪੂਰਥਲਾ), ਡਾ ਹਰਵਿੰਦਰ ਕੌਰ ਬਿੰਦੂ (ਜਲੰਧਰ ਦਿਹਾਤੀ), ਸਲੋਚਨਾ (ਫ਼ਾਜ਼ਿਲਕਾ ਸ਼ਹਿਰੀ) ਤੇ ਵੀਰਪਾਲ ਕੌਰ ਚੁੱਕਦੁਮਾਲ (ਫ਼ਾਜ਼ਿਲਕਾ ਦਿਹਾਤੀ) ਨਿਯੁਕਤ ਕੀਤਾ ਗਿਆ।

# ਬਲਵਿੰਦਰ ਭੁੱਲਰ ਦਾ ਕਹਾਣੀ ਸੰਗ੍ਰਹਿ 'ਪੱਖੀ ਵਾਲੀ ਸ਼ਲਮਾ' ਲੋਕ ਅਰਪਣ



ਬਠਿੰਡਾ (ਬਖ਼ਤੌਰ ਢਿੱਲੋਂ)-ਸਥਾਨਕ ਟੀਚਰਜ਼ ਹੋਮ ਵਿਖੇ ਹੋਏ ਸਾਹਿਤਕ ਸਮਾਗਮ ਦੌਰਾਨ ਸ੍ਰੀ ਬਲਵਿੰਦਰ ਸਿੰਘ ਭੁੱਲਰ ਦੀ ਪੁਸਤਕ ਕਹਾਣੀ ਸੰਗ੍ਰਹਿ 'ਪੱਖੀ ਵਾਲੀ ਸ਼ਲਮਾ' ਨੂੰ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਿੰ: ਬੱਗਾ ਸਿੰਘ, ਕਹਾਣੀਕਾਰ ਅਤਰਜੀਤ, ਗ਼ਜ਼ਲਗੋ ਸੁਰਿੰਦਰਪ੍ਰੀਤ ਘਣੀਆ ਤੇ ਟੀਚਰਜ਼ ਹੋਮ ਟਰੱਸਟ ਦੇ ਜਨਰਲ ਸਕੱਤਰ ਲਛਮਣ ਮਲੂਕਾ ਸ਼ਾਮਲ ਸਨ। ਸ੍ਰੀ ਭੁੱਲਰ ਦਾ ਇਹ ਦੂਜਾ ਕਹਾਣੀ ਸੰਗ੍ਰਹਿ ਹੈ, ਜਿਸ ਵਿੱਚ ਵੱਖ ਵੱਖ ਵਿਸ਼ਿਆਂ ਦੀਆਂ ਕੁੱਲ ਤੇਰਾਂ ਕਹਾਣੀਆਂ ਹਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਅਤਰਜੀਤ ਨੇ ਕਿਹਾ ਕਿ ਲੇਖਕ ਕੋਲ ਕਹਾਣੀ ਦਾ ਹੋਣਾ ਹੀ ਵੱਡੀ ਗੱਲ ਹੁੰਦੀ ਹੈ ਤੇ ਬਲਵਿੰਦਰ ਭੁੱਲਰ ਕੋਲ ਕਹਾਣੀ ਹੈ ਅਤੇ ਕਹਾਣੀਆਂ ਦੇ ਵਿਸ਼ੇ ਕਮਾਲ ਦੇ ਹਨ। ਕਹਾਣੀਆਂ ਵਿੱਚ ਦਰਦ, ਮੁਹੱਬਤ, ਤਰਕ ਤੇ ਮਨੋਰੰਜਨ ਹੈ, ਪਰ ਕਈ ਥਾਵੀਂ ਲੇਖਕ ਦਾ ਪੱਤਰਕਾਰ ਹੋਣਾ ਵੀ ਝਲਕਦਾ ਹੈ। ਸ੍ਰੀ ਮਲੂਕਾ ਨੇ ਕਿਹਾ ਕਿ ਕਹਾਣੀ ਦਾ ਮੂਲ ਆਧਾਰ ਆਦਰਸ਼ਵਾਦ, ਦੇਸ਼ ਭਗਤੀ ਤੇ ਵਿਗਿਆਨ ਹੋਣਾ ਚਾਹੀਦਾ ਹੈ, ਜੋ ਭੁੱਲਰ ਦੀਆਂ ਕਹਾਣੀਆਂ ਵਿੱਚ ਵੇਖਣ ਨੂੰ ਮਿਲਦਾ ਹੈ। ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਕਿਹਾ ਕਿ ਸ੍ਰੀ ਭੁੱਲਰ ਦੀਆਂ ਕਹਾਣੀਆਂ ਲੋਕ ਦਰਦਾਂ ਤੇ ਲੋਕ ਮੁੱਦਿਆਂ ਨਾਲ ਜੁੜੀਆਂ ਹੋਈਆਂ ਹਨ। ਉੱਘੇ ਗ਼ਜ਼ਲਗੋ ਸੁਰਿੰਦਰਪ੍ਰੀਤ ਘਣੀਆ ਨੇ ਕਿਹਾ ਕਿ ਅਨੁਭਵ ਲੇਖਕ ਨੂੰ ਪ੍ਰਭਾਵਿਤ ਕਰਦੇ ਹਨ ਤੇ ਲੋਕ ਪੱਖੀ ਲੇਖਕ ਦੇ ਅਨੁਭਵ ਵੀ ਲੋਕ ਹਿੱਤਾਂ ਦੀ ਗੱਲ ਕਰਦੇ ਹਨ, ਭਾਵੇਂ ਉਹ ਕਿਸੇ ਵੀ ਵਿਧਾ ਵਿੱਚ ਰਚਨਾ ਕਰੇ। ਸ੍ਰੀ ਭੁੱਲਰ ਦੀਆਂ ਲਿਖਤਾਂ ਲੋਕ ਹਿੱਤਾਂ ਦੀ ਬਾਤ ਪਾਉਂਦੀਆਂ ਹਨ। ਪ੍ਰਿੰ: ਬੱਗਾ ਸਿੰਘ ਨੇ ਕਿਹਾ ਕਿ ਸ੍ਰੀ ਭੁੱਲਰ ਦੀ ਕਹਾਣੀ ਪੜ੍ਹ ਕੇ ਤਸੱਲੀ ਪ੍ਰਗਟ ਹੁੰਦੀ ਹੈ, ਕਿਉਂਕਿ ਉਹ ਲੋਕ ਪੱਖ ਤੇ ਤਰਕ ਦੇ ਧਾਰਨੀ 'ਤੇ ਹਨ। ਕਹਾਣੀਕਾਰ ਆਗਾਜਵੀਰ, ਰਣਜੀਤ ਗੌਰਵ, ਦਮਜੀਤ ਦਰਸ਼ਨ, ਅਮਰਜੀਤ ਜੀਤ, ਅਮਰਜੀਤ ਸਿੰਘ ਸਿੱਧੂ ਤੇ ਕਮਲ ਬਠਿੰਡਾ ਨੇ ਵੀ ਸ੍ਰੀ ਭੁੱਲਰ ਨੂੰ ਵਧਾਈ ਦਿੰਦਿਆਂ ਕਹਾਣੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਰਵਸ੍ਰੀ ਭੁਪਿੰਦਰ ਸਿੰਘ ਮਾਨ, ਹਰਭੁਪਿੰਦਰ ਸਿੰਘ, ਲਾਲ ਚੰਦ ਸਿੰਘ, ਅਮਰਜੀਤ ਜੀਤ, ਮਨਜੀਤ ਬਠਿੰਡਾ, ਜਸਵਿੰਦਰ ਜਸ, ਜਰਨੈਲ ਭਾਈਰੂਪਾ, ਅਮਰਜੀਤ ਸਿੰਘ ਮਾਨ, ਦਿਲਜੀਤ ਸਿੰਘ ਬੰਗੀ ਆਦਿ ਮੌਜੂਦ ਸਨ।

## ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਨਗਰ ਕੀਰਤਨ 8, 9 ਨੂੰ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-1762 ਈਸਵੀ ਦੇ ਵੱਡੇ ਘੱਲੂਘਾਰੇ 'ਚ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨਾਲ ਲੋਹਾ ਲੈਂਦਿਆਂ ਸ਼ਹਾਦਤ ਦਾ ਜਾਮ ਪੀ ਗਏ 35000 ਮਹਾਨ ਸ਼ਹੀਦ ਸਿੰਘਾਂ ਦੀ ਪਵਿੱਤਰ ਯਾਦ ਨੂੰ ਸਮਰਪਤ ਸਾਲਾਨਾ ਮਹਾਨ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ 8 ਅਤੇ 9 ਫਰਵਰੀ ਨੂੰ ਗੁਰਦੁਆਰਾ ਸਾਹਿਬ ਸਿੱਧਸਰ ਕਾਲਾਮਾਲਾ ਛਾਪਾ ਦੀ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ, ਇਲਾਕੇ ਦੀਆਂ ਨਗਰ ਪੰਚਾਇਤਾਂ, ਯੂਥ ਕਲੱਬਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਹ ਨਗਰ ਕੀਰਤਨ (ਸ਼ਹੀਦੀ ਮਾਰਚ) 8 ਫਰਵਰੀ ਨੂੰ ਸਵੇਰੇ 8 ਵਜੇ ਵੱਡੇ ਘੱਲੂਘਾਰੇ ਦੇ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਕੁਤਬਾ ਤੋਂ ਅਰਦਾਸ ਉਪਰੰਤ ਅਰੰਭ ਹੋ ਕੇ ਬੀਹਲਾ, ਬੀਹਲੀ ਕਲਾਂ, ਕੰਗਣਵਾਲ, ਧਲੇਰ ਖੁਰਦ, ਧਲੇਰ ਕਲਾਂ, ਭੂਨੇਰ, ਸੰਦੌੜ, ਮਾਣਕੀ, ਕਸਬਾ ਭਰਾਲ, ਲੋਹਗੜ੍ਹ, ਦਸੌਂਦਾ ਸਿੰਘ ਵਾਲਾ ਵਿਖੇ ਪੜਾਅ ਕਰਦਾ ਹੋਇਆ ਗੁਰਦੁਆਰਾ ਕਾਲਾਮਾਲਾ ਸਾਹਿਬ ਛਾਪਾ ਵਿਖੇ ਪਹੁੰਚ ਕੇ ਰਾਤ ਨੂੰ ਵਿਸ਼ਰਾਮ ਕਰੇਗਾ। ਦੂਸਰੇ ਦਿਨ 9 ਫਰਵਰੀ ਨੂੰ ਸਵੇਰ ਵੇਲੇ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ ਤੋਂ ਅਰਦਾਸ ਉਪਰੰਤ ਅਰੰਭ ਹੋ ਕੇ ਪਿੰਡ ਹਰਦਾਸਪੁਰਾ, ਵੱਡਾ ਘੱਲੂਘਾਰਾ ਕੁਤਬਾ-ਬਾਹਮਣੀਆਂ, ਨਿਹਾਲੂਵਾਲ, ਪੰਡੋਰੀ, ਮਹਿਲ ਖੁਰਦ, ਮਹਿਲ ਕਲਾਂ, ਛੀਨੀਵਾਲ ਕਲਾਂ, ਅਤੇ ਚੰਨਣਵਾਲ ਵਿਖੇ ਹੁੰਦਾ ਹੋਇਆ ਸ਼ਾਮ ਨੂੰ ਇਤਿਹਾਸਕ ਨਗਰ ਗਹਿਲ ਦੇ ਗੁਰਦੁਆਰਾ ਭਾਈ ਭਗਤੂਆਣਾ ਸਾਹਿਬ ਪਹੁੰਚ ਕੇ ਸਮਾਪਤ ਹੋਵੇਗਾ।

# ਦੌਲਤਪੁਰ ਨੇ ਕਾਂਗਰਸ ਦੇ ਦਿੱਗਜ਼ ਨੇਤਾਵਾਂ ਨਾਲ ਕੀਤੀ ਮੁਲਾਕਾਤ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਕਾਂਗਰਸ ਦੇ ਮੈਂਬਰ ਅਤੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਆਲ ਇੰਡੀਆ ਕਾਂਗਰਸ ਦੇ ਮੁੱਖ ਦਫਤਰ ਵਿਖੇ ਕਾਂਗਰਸ ਦੇ ਕੌਮੀ ਸੈਕਟਰੀ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਇੰਚਾਰਜ ਰਵਿੰਦਰ ਉੱਤਮ ਰਾਉ ਡਾਲਵੀ ਅਤੇ ਅਲੋਕ ਸ਼ਰਮਾ ਨੈਸਨਲ ਸੈਕਟਰੀ ਕਾਂਗਰਸ ਅਤੇ ਸਪੋਕਸਪਰਸਨ ਪੰਜਾਬ ਕਾਂਗਰਸ ਨਾਲ ਮੁਲਾਕਾਤ ਕੀਤੀ।ਇਸ ਮੁਲਾਕਾਤ ਦੇ ਵੇਰਵੇ ਪ੍ਰੈਸ ਨੂੰ ਜਾਰੀ ਕਰਦਿਆਂ ਦੌਲਤਪੁਰ ਨੇ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਜਿੱਥੇ ਹਲਕਾ ਧੂਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ, ਉਥੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਬਾਰੇ ਵੀ ਗੱਲਬਾਤ ਕੀਤੀ ਹੈ।ਧੂਰੀ ਪਰਤਣ 'ਤੇ ਹਰਦੀਪ ਦੌਲਤਪੁਰ ਨੇ ਕਿਹਾ ਕਿ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੀ ਨਾਕਾਮ ਅਤੇ ਭ੍ਰਿਸ਼ਟਾਚਾਰ 'ਚ ਲਿਪਤ ਸਰਕਾਰ ਤੋਂ ਉੱਥੇ ਦੇ ਲੋਕ ਹੁਣ ਛੁਟਕਾਰਾ ਚਾਹੁੰਦੇ ਹਨ। ਲੋਕਾਂ ਨਾਲ ਝੂਠੇ ਵਾਅਦੇ ਅਤੇ ਸਬਜ਼ਬਾਗ ਵਿਖਾ ਕੇ ਸੱਤਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਹੁਣ ਲੋਕ ਭਲੀਭਾਂਤੀ ਜਾਣੂ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਲੋਕ ਹੁਣ ਇਨ੍ਹਾਂ ਦੇ ਧੋਖੇ 'ਚ ਨਹੀ ਆਉਣਗੇ। ਉਨ੍ਹਾਂ ਦੱਸਿਆ ਕਿ ਲੋਕ ਦਿੱਲੀ ਦੀ ਮਰਹੂਮ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਵੱਲੋਂ ਕਰਵਾਏ ਗਏ ਰਿਕਾਰਡ ਤੋੜ ਵਿਕਾਸ ਕਾਰਜਾਂ ਨੂੰ ਅੱਜ ਵੀ ਯਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਵਾਰ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰ ਮੁੜ ਦਿੱਲੀ ਵਿਖੇ ਸਰਕਾਰ ਬਣਾਏਗੀ। ਇਸ ਮੌਕੇ ਉਨ੍ਹਾਂ ਨਾਲ ਸਰਪੰਚ ਮਿੱਠੂ ਲੱਡਾ ਸਮੇਤ ਹੋਰ ਕਾਂਗਰਸੀ ਆਗੂ ਮੌਜੂਦ ਸਨ।

## ਪੁਲਸ ਮੁਲਾਜ਼ਮਾਂ ਨੂੰ ਤਰੱਕੀਆਂ ਦੇਣਾ ਸ਼ਲਾਘਾਯੋਗ ਕਦਮ : ਖੰਗੂੜਾ

ਨਾਭਾ (ਵਰਿੰਦਰ ਵਰਮਾ)-ਡੀ ਆਈ ਜੀ ਰੇਂਜ ਪਟਿਆਲਾ ਪੰਜਾਬ ਪੁਲਸ ਦੇ 4 ਜ਼ਿਲ੍ਹਿਆਂ ਵਿੱਚ 727 ਪੁਲਸ ਮੁਲਾਜ਼ਮਾਂ ਨੂੰ ਤਰੱਕੀਆਂ ਦੇਣਾ ਸ਼ਲਾਘਾਯੋਗ ਕਦਮ ਹੈ। ਇਹ ਵਿਚਾਰ ਸਮਾਜ ਕਲਿਆਣ ਜਾਗ੍ਰਿਤੀ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਰਣਧੀਰ ਸਿੰਘ ਖੰਗੂੜਾ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਰਣਧੀਰ ਸਿੰਘ ਖੰਗੂੜਾ ਨੇ ਦੱਸਿਆ ਕਿ ਪੰਜਾਬ ਪੁਲਸ ਜ਼ਿਲ੍ਹਾ ਪਟਿਆਲਾ ਡੀ.ਆਈ.ਜੀ. ਰੇਂਜ ਦੇ ਚਾਰ ਜ਼ਿਲ੍ਹਿਆਂ ਪਟਿਆਲਾ, ਮਲੇਰਕੋਟਲਾ, ਸੰਗਰੂਰ ਤੇ ਬਰਨਾਲਾ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ, ਜ਼ਿਲ੍ਹਾ ਪਟਿਆਲਾ ਦੇ ਐਸ.ਐਸ.ਪੀ. ਨਾਨਕ ਸਿੰਘ ਦੇ ਉਦਮ ਸਦਕਾ ਪੰਜਾਬ ਪੁਲਸ ਦੇ ਮੁਲਾਜ਼ਮਾਂ ਦੀਆਂ ਰੁਕੀਆਂ ਹੋਈਆ ਤਰੱਕੀਆਂ ਨੂੰ ਮੁਲਾਜ਼ਮਾਂ ਦੀਆਂ ਰਿਕਾਰਡ ਫਾਇਲਾਂ ਬਹੁਤ ਘੱਟ ਸਮੇਂ ਵਿੱਚ ਜਾਂਚ-ਪੜਤਾਲ ਕਰਕੇ ਜਿੱਥੇ ਨਵੇਂ ਸਾਲ ਤੇ 126 ਮੁਲਾਜ਼ਮਾਂ ਨੂੰ ਤਰੱਕੀ ਦਿੱਤੀ, ਉੱਥੇ ਹੀ ਬਸੰਤ ਪੰਚਮੀ ਦੇ ਸ਼ੁੱਭ ਦਿਹਾੜੇ 'ਤੇ ਚਾਰ ਜ਼ਿਲ੍ਹਿਆ ਦੇ 727 ਮੁਲਾਜ਼ਮਾਂ ਨੂੰ ਉਨ੍ਹਾਂ ਦੀ ਬਣਦੀ ਤਰੱਕੀ ਨਵੇਂ ਸਾਲ ਦੇ 33 ਦਿਨਾਂ ਅੰਦਰ ਹੀ 853 ਪੁਲਸ ਮੁਲਾਜ਼ਮਾਂ ਨੂੰ ਤਰੱਕੀਆਂ ਦੇ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਖੰਗੂੜਾ ਨੇ ਦੱਸਿਆ ਕਿ ਮਨਦੀਪ ਸਿੰਘ ਸਿੱਧੂ ਇਸ ਤੋਂ ਪਹਿਲਾ ਪਟਿਆਲਾ ਜ਼ਿਲ੍ਹੇ ਦੇ ਐਸ.ਐਸ.ਪੀ. ਵੱਜੋਂ ਆਪਣੀਆਂ ਸੇਵਾਵਾ ਨਿਭਾ ਚੁੱਕੇ ਹਨ। ਖੰਗੂੜਾ ਨੇ ਕਿਹਾ ਮਨਦੀਪ ਸਿੰਘ ਸਿੱਧੂ, ਨਾਨਕ ਸਿੰਘ ਕਿਸੇ ਜਾਣ-ਪਹਿਚਾਣ ਦੇ ਮੁਹਤਾਜ ਨਹੀਂ।ਕਿਉਕਿ ਇਨ੍ਹਾ ਦਾ ਕੰਮ ਬੋਲਦਾ ਹੈ, ਇਨ੍ਹਾਂ ਨੇ ਆਪਣੀ ਡਿਊਟੀ ਦੌਰਾਨ ਕਿਸੇ ਵੀ ਤਰ੍ਹਾਂ ਦੇ ਨਸ਼ਾਂ ਤਸਕਰਾ, ਚੋਰਾਂ, ਠੱਗਾ, ਭੂ-ਮਾਫੀਆ, ਦੇਸ਼ ਵਿਰੋਧੀ ਅਨਸਰਾਂ ਨੂੰ ਪਨਪਣ ਨਹੀਂ ਦਿੱਤਾ।

## ਭਾਈ ਬਹਿਲੋ ਪਬਲਿਕ ਸੈਕੰਡਰੀ ਸਕੂਲ 'ਚ ਇਨਾਮ ਵੰਡ ਸਮਾਰੋਹ



ਬਠਿੰਡਾ (ਰਾਜੀਵ ਗੋਇਲ)-ਜ਼ਿਲ੍ਹੇ ਦੇ ਕਸਬਾ ਭਗਤਾ ਸ਼ਹਿਰ ਅਤੇ ਇਲਾਕੇ ਦੀ ਮਸ਼ਹੂਰ ਵਿੱਦਿਅਕ ਸੰਸਥਾ, ਜਿਸ ਦਾ ਬੂਟਾ ਸਵ. ਮੋਹਨ ਸਿੰਘ ਬਰਾੜ ਵੱਲੋਂ ਲਗਾਇਆ ਗਿਆ ਸੀ, ਅੱਜ ਵੀ ਵਧਦਾ ਫੁੱਲਦਾ ਹੋਇਆ ਤਰੱਕੀਆਂ ਦੇ ਰਾਹ 'ਤੇ ਹੈ। ਇਸ ਵਾਰ ਵੀ ਸਕੂਲ ਵਿੱਚ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਹਲਕਾ ਬਾਘਾਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਵਿਸ਼ੇਸ ਹਾਜ਼ਰੀ ਭਰਦੇ ਹੋਏ ਪ੍ਰੋਗਰਾਮ ਦਾ ਅਨੰਦ ਮਾਣਿਆ ਗਿਆ। ਵਿਧਾਇਕ ਸੁਖਾਨੰਦ ਵੀ ਇਸ ਸਕੂਲ ਦੇ ਵਿਦਿਆਰਥੀ ਰਹੇ ਹਨ। ਇਸ ਮੌਕੇ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਆਪਣੀ ਕਲਾ ਦੇ ਜੌਹਰ ਦਿਖਾਏ ਗਏ ਅਤੇ ਮਾਪਿਆਂ ਇਸ ਪ੍ਰੋਗਰਾਮ ਦਾ ਖੂਬ ਅਨੰਦ ਮਾਣਿਆ । ਇਸ ਮੌਕੇ ਸਕੂਲ ਪ੍ਰਿੰਸੀਪਲ ਜਸਮੀਤ ਸਿੰਘ ਬਰਾੜ, ਮੈਨੇਜਰ ਕੁਲਦੀਪ ਸਿੰਘ ਬਰਾੜ, ਹਰਿੰਦਰ ਸਿੰਘ ਬਰਾੜ ਸਮੇਤ ਸਮੂਹ ਸਕੂਲ ਸਟਾਫ, ਬੱਚੇ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ। ਅਖੀਰ ਵਿੱਚ ਸਕੂਲ ਕਮੇਟੀ ਵੱਲੋਂ ਆਏ ਹੋਏ ਪਤਵੰਤਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।

# ਕੇਂਦਰੀ ਸਕੀਮਾਂ ਦਾ ਲਾਭ ਲੋਕਾਂ ਨੂੰ ਪਹੁੰਚਾਉਣ ਲਈ ਸੇਵਾ ਜਲਦ ਸ਼ੁਰੂ ਕੀਤੀ ਜਾਵੇਗੀ : ਮਨੋਰੰਜਨ ਕਾਲੀਆ

### 8 ਫਰਵਰੀ ਦੇ ਨਤੀਜਿਆਂ 'ਚ ਭਾਜਪਾ ਬਹੁਮੱਤ ਨਾਲ ਦਿੱਲੀ 'ਚ ਸਰਕਾਰ ਬਣਾਏਗੀ : ਡਾ. ਸੀਮਾਂਤ ਗਰਗ



ਮੋਗਾ (ਇਕਬਾਲ ਸਿੰਘ ਖਹਿਰਾ)-ਭਾਜਪਾ ਦੇ ਦਫਤਰਾਂ ਵਿੱਚ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ 'ਤੇ ਪਹੁੰਚਾਉਣ ਲਈ ਜਲਦੀ ਸੇਵਾ ਸ਼ੁਰੂ ਕੀਤੀ ਜਾਵੇਗੀ, ਕਿਉਂਕਿ ਭਾਜਪਾ ਵਿਰੋਧੀ ਸੂਬਾ ਸਰਕਾਰਾਂ ਵੱਲੋਂ ਕੇਂਦਰ ਦੀਆਂ ਸਕੀਮਾਂ ਦਾ ਪੂਰੀ ਤਰ੍ਹਾਂ ਲਾਭ ਨਹੀਂ ਪਹੁੰਚਾਉਣ ਦਿੱਤਾ ਜਾ ਰਿਹਾ।ਇਹ ਵਿਚਾਰ ਭਾਜਪਾ ਦੇ ਸਾਬਕਾ ਮੰਤਰੀ ਤੇ ਭਾਜਪਾ ਜ਼ਿਲ੍ਹੇ ਦੇ ਪ੍ਰਭਾਰੀ ਮਨੋਰੰਜਨ ਕਾਲੀਆ ਨੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਵੱਲੋਂ ਬਿਗਬੈਨ ਹੋਟਲ ਵਿੱਚ ਕੋਰ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ, ਜ਼ਿਲ੍ਹਾ ਜਨਰਲ ਸੱਕਤਰ ਮੁਖਤਿਆਰ ਸਿੰਘ, ਜ਼ਿਲ੍ਹਾ ਜਨਰਲ ਸੱਕਤਰ ਵਿੱਕੀ ਸਿਤਾਰਾ, ਜ਼ਿਲ੍ਹਾ ਜਨਰਲ ਸੱਕਤਰ ਰਾਹੁਲ ਗਰਗ, ਸਾਬਕਾ ਪ੍ਰਧਾਨ ਵਿਨੇ ਸ਼ਰਮਾ, ਸਾਬਕਾ ਪ੍ਰਧਾਨ ਤ੍ਰਿਲੋਚਨ ਸਿੰਘ ਗਿੱਲ, ਸਾਬਕਾ ਪ੍ਰਧਾਨ ਵਿਜੇ ਸ਼ਰਮਾ, ਸਾਬਕਾ ਪ੍ਰਧਾਨ ਰਾਕੇਸ਼ ਸ਼ਰਮਾ, ਸੀਨੀਅਰ ਆਗੂ ਰਾਕੇਸ਼ ਭੱਲਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਨਿਲ ਬਾਂਸਲ, ਸੀਨੀਅਰ ਆਗੂ ਭਜਨ ਲਾਲ ਸਿਤਾਰਾ, ਰਾਜਿੰਦਰ ਗਾਬਾ, ਜਤਿੰਦਰ ਚੱਢਾ ਮੌਜੂਦ ਸਨ।ਇਸ ਮੌਕੇ ਮੋਗਾ ਜ਼ਿਲ੍ਹੇ ਦੇ ਪ੍ਰਭਾਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਭਾਜਪਾ ਦਾ ਜੋ ਮੈਂਬਰਸ਼ਿਪ ਅਭਿਆਨ ਚੱਲ ਰਿਹਾ ਹੈ, ਉਹ ਬਹੁਤ ਹੀ ਇਤਿਹਾਸਕ ਆਂਕੜਿਆਂ ਨੂੰ ਛੂਹਣ ਵਾਲਾ ਹੈ, ਜਿਸ ਵਿੱਚ ਮੋਗਾ ਜ਼ਿਲ੍ਹਾ ਵੀ ਆਪਣਾ ਅਹਿਮ ਯੋਗਦਾਨ ਪਾਵੇਗਾ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਕਿਹਾ ਕਿ ਕੇਂਦਰ ਦੀਆਂ ਸਕੀਮਾਂ, ਸਿਹਤ ਸਹੂਲਤਾਂ ਲਈ ਲੋੜਵੰਦਾਂ ਨੂੰ ਪੰਜ ਲੱਖ ਰੁਪਏ ਦੀ ਰਾਸ਼ੀ ਦੇ ਕਾਰਡ, ਬੁਢਾਪਾ ਪੈਨਸ਼ਨ, ਉੱਜਵਲਾ ਸਕੀਮ, ਪ੍ਰਧਾਨ ਮੰਤਰੀ ਅਵਾਸ ਯੋਜਨਾ ਸਕੀਮ ਤੇ ਹੋਰਨਾਂ ਸਕੀਮਾਂ ਦੇ ਲਾਭ ਦੁਆਉਣ ਲਈ ਭਾਜਪਾ ਦੇ ਦਫਤਰਾਂ ਵਿੱਚ ਲੋਕਾਂ ਨੂੰ ਸਹੂਲਤ ਮੁਹਈਆ ਕਰਵਾਈ ਜਾਵੇਗੀ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ 2022 ਵਿੱਚ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ, ਪਰ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਹੁਣ ਤੱਕ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਕ ਹਜ਼ਾਰ ਰੁਪਏ ਪੈਨਸ਼ਨ ਵਿੱਚ ਵਾਧਾ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਮੁਲਾਜ਼ਮਾਂ ਦੀ ਰੈਗੂਲਰ ਭਰਤੀ ਕਰਨ, ਕਿਸਾਨਾਂ ਦੀ ਕਰਜ਼ਾ ਮਾਫੀ ਤੇ ਕਿਸਾਨਾਂ ਦੀ ਸਾਰੀ ਫਸਲਾਂ ਨੂੰ ਖਰੀਦਣ ਦੇ ਲਈ ਕੀਤੇ ਵਾਅਦਿਆਂ ਵਿੱਚ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਭਾਜਪਾ ਇਸ ਵਾਰ ਭਾਰੀ ਬਹੁਮੱਤ ਨਾਲ ਦਿੱਲੀ ਵਿੱਚ 8 ਫਰਵਰੀ ਨੂੰ ਸਰਕਾਰ ਬਣਾਵੇਗੀ।ਅਖੀਰ ਵਿੱਚ ਡਾ. ਸੀਮਾਂਤ ਗਰਗ ਨੇ ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦਾ ਮੋਗਾ ਆਉਣ 'ਤੇ ਉਨ੍ਹਾਂ ਦਾ ਸੁਆਗਤ ਕੀਤਾ।

# ਡਾਕਟਰ ਢਿੱਲੋਂ ਨੇ ਮੁੜ ਜਿੱਤਿਆ ਗੋਲਡ ਮੈਡਲ



ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)-ਸੰਯੁਕਤ ਭਾਰਤੀਆ ਖੇਡ ਫਾਊਂਡੇਸ਼ਨ ਐੱਸ ਬੀ ਕੇ ਐੱਫ ਵੱਲੋਂ ਗਿਆਰਵੀਂ ਨੈਸ਼ਨਲ ਗੇਮਜ਼-2025 ਦਾ ਆਯੋਜਨ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਖੇ ਕੀਤਾ ਗਿਆ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਖ ਵੱਖ ਸੂਬਿਆਂ ਦੇ ਖਿਡਾਰੀਆਂ ਵੱਲੋਂ ਭਾਗ ਲਿਆ ਗਿਆ, ਉਥੇ ਹੀ ਪੰਜਾਬ ਵੱਲੋਂ ਫਿਰੋਜ਼ਪੁਰ ਦੇ ਚਮੜੀ ਰੋਗਾਂ ਦੇ ਮਾਹਰ ਤੇ ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ ਤੇ ਪ੍ਰਧਾਨ ਜ਼ਿਲ੍ਹਾ ਮਾਸਟਰ ਅਥਲੈਟਿਕ ਐਸੋਸੀਏਸ਼ਨ ਫਿਰੋਜ਼ਪੁਰ ਡਾਕਟਰ ਗੁਰਿੰਦਰਜੀਤ ਸਿੰਘ ਢਿੱਲੋਂ ਵੱਲੋਂ 70 ਤੋਂ ਵੱਧ ਉਮਰ ਦੀ ਕੈਟਾਗਰੀ ਵਿੱਚ ਭਾਗ ਲੈਂਦਿਆਂ ਜੈਵਲੀਨ ਹੈਮਰਥਰੋ 'ਚ ਦੋ ਸੋਨੇ ਦੇ ਤੇ ਸ਼ੋਰਟਪੁਟ ਵਿੱਚ ਇੱਕ ਚਾਂਦੀ ਦਾ ਮੈਡਲ ਹਾਸਲ ਕਰਕੇ ਪੰਜਾਬ ਤੇ ਫਿਰੋਜ਼ਪੁਰ ਜ਼ਿਲ੍ਹੇ ਦਾ ਫਿਰ ਤੋਂ ਨਾਮ ਰੋਸ਼ਨ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਜਿੱਤਣ ਵਾਲੇ ਖਿਡਾਰੀਆਂ ਲਈ ਕੈਸ਼ ਅਵਾਰਡ ਦੀ ਲਿਸਟ ਜਾਰੀ ਕੀਤੀ ਗਈ, ਜਿਸ ਵਿੱਚ ਗੋਲਡ ਮੈਡਲ ਲਈ 10 ਹਜ਼ਾਰ ਸਿਲਵਰ ਮੈਡਲ ਲਈ 7000 ਤੇ ਬ੍ਰਾਊਨਜ਼ ਮੈਡਲ ਲਈ 5000 ਰੱਖੇ ਗਏ ਸਨ, ਡਾਕਟਰ ਢਿੱਲੋਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ 70 ਵਰਗ ਵਿੱਚ ਜੈਵਲਿਨ 'ਚ ਸੋਨੇ ਦਾ ਮੈਡਲ ਤੇ ਸ਼ਾਰਟਪੁੱਟ 'ਚ ਚਾਂਦੀ ਦਾ ਮੈਡਲ ਜਿੱਤਿਆ। ਇਨ੍ਹਾਂ ਉਪਲਬਧੀਆਂ ਲਈ ਉਨ੍ਹਾਂ ਨੂੰ ਫਿਰੋਜ਼ਪੁਰ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਦੀਪ ਸ਼ਿਖਾ ਸ਼ਰਮਾ, ਐੱਸ ਐੱਸ ਪੀ ਸੋਮਿਆ ਮਿਸ਼ਰਾ, ਜ਼ਿਲ੍ਹਾ ਖੇਡ ਅਫਸਰ ਰੁਪਿੰਦਰ ਸਿੰਘ ਬਰਾੜ, ਜ਼ਿਲ੍ਹਾ ਮਾਸਟਰ ਐਥਲੈਟਿਕ ਐਸੋਸੀਏਸ਼ਨ ਦੇ ਅਹੁਦੇਦਾਰ ਗੁਰਦਿਆਲ ਸਿੰਘ ਵਿਰਕ, ਇਸ਼ਵਰ ਚੰਦ, ਪ੍ਰਗਟ ਸਿੰਘ, ਸਿਕੰਦਰ ਸਿੰਘ, ਹਰਪਰਿੰਦਰ ਸਿੰਘ, ਦਲੀਪ ਸਿੰਘ ਸੰਧੂ, ਅਸ਼ੋਕ ਬਹਿਲ, ਡਾਕਟਰ ਸਤਿੰਦਰ ਸਿੰਘ, ਸੁਨੀਲ ਸ਼ਰਮਾ ਤੇ ਹੋਰ ਪਤਵੰਤੇ ਸੱਜਣਾਂ ਨੇ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਹੋਰ ਉਪਲੱਬਧੀਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਜਨਵਰੀ 'ਚ ਟਿਕਟ ਚੈਕਿੰਗ ਰਾਹੀਂ 2.43 ਕਰੋੜ ਦਾ ਮਾਲੀਆ ਵਸੂਲਿਆ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਫ਼ਿਰੋਜ਼ਪੁਰ ਡਵੀਜ਼ਨ ਦੇ ਟਿਕਟ ਚੈਕਿੰਗ ਸਟਾਫ਼ ਦੁਆਰਾ ਰੇਲਗੱਡੀਆਂ ਵਿੱਚ ਤਿੱਖੀ ਟਿਕਟ ਜਾਂਚ ਕੀਤੀ ਜਾਂਦੀ ਹੈ ਤਾਂ ਜੁ ਬਿਨਾਂ ਟਿਕਟ ਅਤੇ ਅਨਿਯਮਿਤ ਯਾਤਰਾ ਨੂੰ ਰੋਕਿਆ ਜਾ ਸਕੇ ਤਾਂ ਜੁ ਸਾਰੇ ਅਸਲੀ ਰੇਲ ਉਪਭੋਗਤਾਵਾਂ ਨੂੰ ਆਰਾਮਦਾਇਕ ਯਾਤਰਾ ਤੇ ਬਿਹਤਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

ਜਨਵਰੀ, 2025 ਦੌਰਾਨ ਰੇਲਗੱਡੀਆਂ ਵਿੱਚ ਟਿਕਟਾਂ ਦੀ ਜਾਂਚ ਦੌਰਾਨ, ਟਿਕਟ ਚੈਕਿੰਗ ਸਟਾਫ਼ ਤੇ ਡਿਵੀਜ਼ਨ ਦੇ ਮੁੱਖ ਟਿਕਟ ਇੰਸਪੈਕਟਰਾਂ ਦੁਆਰਾ ਕੁੱਲ 25,390 ਰੇਲਵੇ ਯਾਤਰੀਆਂ ਨੂੰ ਬਿਨਾਂ ਟਿਕਟ ਜਾਂ ਅਨਿਯਮਿਤ ਯਾਤਰਾ ਕਰਦੇ ਪਾਇਆ ਗਿਆ ਤੇ ਉਨ੍ਹਾਂ ਤੋਂ ਜੁਰਮਾਨੇ ਵਜੋਂ ਕੁੱਲ 2.43 ਕਰੋੜ ਰੁਪਏ ਦਾ ਮਾਲੀਆ ਵਸੂਲਿਆ ਗਿਆ।ਇਸ ਨਾਲ ਫ਼ਿਰੋਜ਼ਪੁਰ ਡਵੀਜ਼ਨ ਦੀ ਆਮਦਨ ਵਿੱਚ ਵਾਧਾ ਹੋਇਆ ਹੈ, ਜੋ ਟਿਕਟ ਚੈਕਿੰਗ ਸਟਾਫ਼ ਦੁਆਰਾ ਕੀਤਾ ਗਿਆ ਇੱਕ ਸ਼ਲਾਘਾਯੋਗ ਕੰਮ ਹੈ।ਰੇਲਵੇ ਅਧਿਕਾਰੀਆਂ ਨੇ ਯਾਤਰੀਆਂ ਨੂੰ ਰੇਲਗੱਡੀਆਂ ਵਿੱਚ ਅਣਅਧਿਕਾਰਤ ਪ੍ਰਵੇਸ਼ ਤੋਂ ਰੋਕਣ ਲਈ ਵਾਰ-ਵਾਰ ਅਚਾਨਕ ਟਿਕਟ ਜਾਂਚ ਮੁਹਿੰਮਾਂ ਚਲਾਈਆਂ ਅਤੇ ਯਾਤਰੀਆਂ ਨੂੰ ਸਲਾਹ ਦਿੱਤੀ ਗਈ ਕਿ ਉਹ ਰੇਲਗੱਡੀਆਂ ਵਿੱਚ ਯਾਤਰਾ ਕਰਦੇ ਸਮੇਂ ਸਹੀ ਟਿਕਟਾਂ ਨਾਲ ਯਾਤਰਾ ਕਰਨ।ਡਵੀਜ਼ਨ ਦੇ ਰੇਲਵੇ ਸਟੇਸ਼ਨਾਂ ਨੂੰ ਸਾਫ਼ ਰੱਖਣ ਤੇ ਆਮ ਲੋਕਾਂ ਨੂੰ ਸਟੇਸ਼ਨਾਂ 'ਤੇ ਗੰਦਗੀ ਫੈਲਾਉਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕਰਨ ਲਈ, ਡਵੀਜ਼ਨ ਦੇ ਮੁੱਖ ਸਟੇਸ਼ਨਾਂ 'ਤੇ ਨਿਯਮਤ ਜਾਂਚ ਕੀਤੀ ਜਾਂਦੀ ਹੈ।ਨਤੀਜੇ ਵਜੋਂ ਜਨਵਰੀ ਮਹੀਨੇ ਵਿੱਚ ਸਟੇਸ਼ਨ ਅਹਾਤੇ ਵਿੱਚ ਕੂੜਾ ਸੁੱਟਣ ਲਈ 584 ਯਾਤਰੀਆਂ ਤੋਂ 99,500 ਰੁਪਏ ਵਸੂਲੇ ਗਏ।ਡਵੀਜ਼ਨਲ ਰੇਲਵੇ ਮੈਨੇਜਰ ਸੰਜੇ ਸਾਹੂ ਨੇ ਕਿਹਾ ਕਿ ਫ਼ਿਰੋਜ਼ਪੁਰ ਡਵੀਜ਼ਨ ਵਿੱਚ ਟਿਕਟ ਜਾਂਚ ਮੁਹਿੰਮ ਜਾਰੀ ਰਹੇਗੀ।ਟਿਕਟ ਚੈਕਿੰਗ ਦਾ ਮੁੱਖ ਉਦੇਸ਼ ਰੇਲਵੇ ਟਿਕਟਾਂ ਦੀ ਵਿਕਰੀ ਨੂੰ ਬਿਹਤਰ ਬਣਾਉਣਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਯਾਤਰੀ ਬਿਨਾਂ ਟਿਕਟ ਯਾਤਰਾ ਨਾ ਕਰੇ। ਫ਼ਿਰੋਜ਼ਪੁਰ ਡਵੀਜ਼ਨ ਵਿੱਚ ਜ਼ੀਰੋ ਟਿਕਟ ਰਹਿਤ ਯਾਤਰਾ ਦਾ ਟੀਚਾ ਰੱਖਿਆ ਗਿਆ ਹੈ।ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਕਿਹਾ ਕਿ ਰੇਲਵੇ ਦੇ ਮਾਲੀਏ ਨੂੰ ਵਧਾਉਣ ਦੇ ਨਾਲ-ਨਾਲ ਫ਼ਿਰੋਜ਼ਪੁਰ ਡਵੀਜ਼ਨ ਦਾ ਟਿਕਟ ਚੈਕਿੰਗ ਸਟਾਫ ਯਾਤਰੀਆਂ ਦੀ ਮਦਦ ਕਰਕੇ ਸਮਾਜਿਕ ਫ਼ਰਜ਼ ਵੀ ਨਿਭਾਉਂਦਾ ਹੈ।

# ਵਰਲਡ 'ਵਰਸਿਟੀ 'ਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸੈਰੀਬਰਲ ਪਾਲਸੀ ਯੂਨਿਟ ਦਾ ਉਦਘਾਟਨ

### ਮਾਊਂਟ ਐਵਰੈਸਟ ਨੂੰ ਸਰ ਕਰਨ ਵਾਲੇ ਭਾਈ ਮਲਕੀਅਤ ਸਿੰਘ ਦਾ ਵਿਸ਼ੇਸ਼ ਸਨਮਾਨ



ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸੈਰੀਬਰਲ ਪਾਲਸੀ ਵਾਲੇ ਬੱਚਿਆਂ ਦੇ ਇਲਾਜ ਤੇ ਪੁਨਰਵਾਸ ਲਈ ਇੱਕ ਸ਼ਾਨਦਾਰ ਪਹਿਲਕਦਮੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਫਿਜ਼ੀਓਥੈਰੇਪੀ ਵਿਭਾਗ ਵਿੱਚ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਸੈਰੀਬਰਲ ਪਾਲਸੀ ਯੂਨਿਟ ਦਾ ਉਦਘਾਟਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚਾਂਸਲਰ ਯੂਨੀਵਰਸਿਟੀ ਵੱਲੋਂ ਕੀਤਾ ਗਿਆ। ਇਹ ਅਤਿ-ਆਧੁਨਿਕ ਸਹੂਲਤ ਆਧੁਨਿਕ ਉਪਕਰਣ ਨਾਲ ਲੈਸ ਹੈ ਅਤੇ ਸੈਰੀਬਰਲ ਪਾਲਸੀ ਵਾਲੇ ਬੱਚਿਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਸਮਰਪਤ ਹੈ। ਇਹ ਯੂਨਿਟ ਸੁਰਜੀਤ ਸਿੰਘ ਮਾਵੀ, ਅਮਰੀਕ ਸਿੰਘ ਟਿਵਾਣਾ, ਪਰਮਜੀਤ ਸਿੰਘ ਗਰਚਾ, ਹੈਪੀ ਮੁੰਡੀ, ਪਾਲ ਤਲਾਣੀਆਂ, ਤੇਜਿੰਦਰ ਸਿੰਘ ਭੰਗੂ, ਗੁਰਸਿਮਰ ਸਿੰਘ, ਮਨਦੀਪ ਸਿੰਘ ਕੰਗ ਤੇ ਗੁਰਬੀਰ ਸਿੰਘ ਧਾਰਨੀ ਦੁਆਰਾ ਵਿਸ਼ੇਸ਼ ਮਸ਼ੀਨਰੀ ਖੁੱਲ੍ਹੇ ਦਿਲ ਨਾਲ ਦਾਨ ਦੁਆਰਾ ਖਰੀਦੀ ਗਈ ਹੈ। ਐਡਵੋਕੇਟ ਅਮਰਦੀਪ ਸਿੰਘ ਧਾਰਨੀ ਨੇ ਵੀ ਇਸ ਪਹਿਲਕਦਮੀ ਨੂੰ ਸੁਚਾਰੂ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਮੌਕੇ ਯੂਨੀਵਰਸਿਟੀ ਵਿਖੇ ਮਾਉਂਟ ਐਵਰੈਸਟ ਚੋਟੀ ਨੂੰ ਸਰ ਕਰਨ ਵਾਲੇ ਪਹਿਲੇ ਅੰਮ੍ਰਿਤਧਾਰੀ ਗੁਰਸਿੱਖ ਭਾਈ ਮਲਕੀਅਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ੍. ਮਲਕੀਅਤ ਸਿੰਘ ਨੇ ਸਿੱਖ ਪੰਥ ਦਾ ਮਾਣ ਉੱਚਾ ਕੀਤਾ ਹੈ, ਜਿਸ ਦੀ ਸਮੁੱਚੇ ਸਿੱਖ ਪੰਥ ਵਿੱਚ ਖੁਸ਼ੀ ਮਨਾਈ ਜਾ ਰਹੀ ਹੈ। ਯੂਨੀਵਰਸਿਟੀ ਵੱਲੋਂ ਭਾਈ ਮਲਕੀਅਤ ਸਿੰਘ ਨੂੰ ਸ੍ਰੀ ਸਾਹਿਬ ਤੇ ਮੋਮੈਂਟੋ ਭੇਟ ਕੀਤਾ ਗਿਆ। ਵਾਈਸ ਚਾਂਸਲਰ ਪ੍ਰੋਫੈਸਰ ਪਰਿਤ ਪਾਲ ਸਿੰਘ ਨੇ ਲੈਬ ਸਥਾਪਤ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਇਸ ਪ੍ਰਭਾਵਸ਼ਾਲੀ ਪ੍ਰੋਜੈਕਟ ਨੂੰ ਸਾਕਾਰ ਕਰਨ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰ ਕੀਤਾ। ਉਦਘਾਟਨ ਮੌਕੇ ਬੋਲਦਿਆਂ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਸੈਰੀਬਰਲ ਪਾਲਸੀ ਵਾਲੇ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਤੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਨੂੰ ਵਧਾਉਣ ਵਿੱਚ ਯੂਨਿਟ ਦੀ ਮਹੱਤਤਾ 'ਤੇ ਚਾਨਣਾ ਪਾਇਆ। ਇਸ ਸਮਾਗਮ ਵਿੱਚ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਹਰਪਾਲ ਸਿੰਘ ਤੇ ਫਤਿਹਪੁਰ ਰਾਇਨ ਦੇ ਐੱਨਜੀਓ 'ਕਨਫੈਡਰੇਸ਼ਨ ਫਾਰ ਚੈਲੇਂਜਡ' ਦੁਆਰਾ ਚਲਾਏ ਜਾ ਰਹੇ ਸਿਰੀਜਨ ਸੈਂਟਰ ਫਾਰ ਸਪੈਸਲ ਚਿਲਡਰਨ ਦੇ ਸ੍ਰੀ ਮਨਮੋਹਨ ਜਰਗਰ ਨੇ ਵੀ ਇਸ ਨੇਕ ਕਾਰਜ ਵਿੱਚ ਸ਼ਾਮਲ ਸਾਰੇ ਭਾਗੀਦਾਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਆਰ ਐੱਮ ਪੀ ਆਈ ਨੇ ਬਜਟ ਦੇ ਵਿਰੋਧ 'ਚ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ



ਪਠਾਨਕੋਟ (ਦਵਿੰਦਰ ਸਿੰਘ)-ਕੇਂਦਰ ਦੀ ਸਰਕਾਰ ਵੱਲੋਂ ਪੇਸ਼ ਲੋਕ ਵਿਰੋਧੀ ਬਜਟ ਖਿਲਾਫ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਪਠਾਨਕੋਟ ਵਿਖੇ ਕੇਂਦਰ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦਾ ਪੁਤਲਾ ਫੂਕਿਆ।ਪਾਰਟੀ ਆਗੂ ਕਾਮਰੇਡ ਸ਼ਿਵ ਕੁਮਾਰ ਅਤੇ ਅਜੀਤ ਰਾਮ ਗੰਦਲਾਂ ਲਾਹੜੀ ਨੇ ਸਾਂਝੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਮੋਦੀ-03 ਸਰਕਾਰ ਦਾ ਵੀ ਇਕੋ-ਇਕ ਮਕਸਦ ਧਨਾਢਾਂ, ਖਾਸ ਕਰਕੇ ਅਡਾਨੀ-ਅੰਬਾਨੀ ਜਿਹੇ ਪੂੰਜੀਪਤੀਆਂ ਤੇ ਇਨ੍ਹਾਂ ਦੇ ਸਾਮਰਾਜੀ ਭਾਈਵਾਲਾਂ ਦੇ ਖਜ਼ਾਨੇ ਭਰਪੂਰ ਕਰਨਾ ਹੈ।

ਇਸੇ ਲਈ ਸਭ ਤੋਂ ਵਧੇਰੇ ਰੁਜ਼ਗਾਰ ਸਿਰਜਣ ਵਾਲੇ ਖੇਤੀ, ਦਰਮਿਆਨੇ ਤੇ ਛੋਟੇ ਉਦਯੋਗ-ਕਾਰੋਬਾਰ ਅਤੇ ਪ੍ਰਚੂਨ ਵਪਾਰ ਨੂੰ ਵਧਾਉਣ ਜਾਂ ਉਤਸਾਹਿਤ ਕਰਨ ਵੱਲ ਮੋਦੀ ਸਰਕਾਰ ਨੇ ਬਜਟ ਵਿਚ ਕੋਈ ਧਿਆਨ ਨਹੀਂ ਦਿੱਤਾ।ਮੌਜੂਦਾ ਬਜਟ ਰਾਹੀਂ ਸਿੱਖਿਆ ਤੇ ਸਿਹਤ ਸਹੂਲਤਾਂ, ਜਨਤਕ ਵੰਡ ਪ੍ਰਣਾਲੀ, ਸਮਾਜਿਕ ਸੁਰੱਖਿਆ ਪੈਨਸ਼ਨਾਂ ਆਦਿ ਲਈ ਰਕਮਾਂ ਘੱਟ ਕਰਨ ਨੂੰ ਤਰਜੀਹ ਦਿੱਤੀ ਗਈ ਹੈ।ਪਹਿਲਾਂ ਹੀ ਕਿਰਤ ਕਾਨੂੰਨਾਂ ਤੋਂ ਮਹਿਰੂਮ ਕਰ ਦਿੱਤੇ ਗਏ ਸਨਅਤੀ ਅਤੇ ਗੈਰ ਜੱਥੇਬੰਦਕ ਖੇਤਰ ਦੇ ਕਾਮਿਆਂ ਦੀਆਂ ਜੀਵਨ ਹਾਲਤਾਂ 'ਚ ਸੁਧਾਰ ਦਾ ਵਿਸ਼ਾ ਤਾਂ ਬਜਟ ਭਾਸ਼ਣ 'ਚ ਛੋਹਿਆ ਤੱਕ ਵੀ ਨਹੀਂ ਗਿਆ।ਇਉਂ ਹੀ ਬੇਜ਼ਮੀਨੇ-ਸਾਧਨਹੀਣ ਪੇਂਡੂ ਕਿਰਤੀਆਂ ਨੂੰ ਨਾਮਾਤਰ ਉਜਰਤਾਂ ਤਹਿਤ ਅੰਸ਼ਕ ਰੁਜ਼ਗਾਰ ਦੇਣ ਵਾਲੀ ਮਨਰੇਗਾ ਯੋਜਨਾ ਲਈ ਰੱਖੀ ਜਾਣ ਵਾਲੀ ਰਕਮ ਵੀ ਘਟਾ ਦਿੱਤੀ ਗਈ ਹੈ। ਖੇਤੀ ਨੂੰ ਲਾਹੇਵੰਦਾ ਧੰਦਾ ਬਨਾਉਣ ਲਈ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ ਤੇ ਲੱਖਾਂ ਖੇਤ ਮਜ਼ਦੂਰਾਂ-ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਕਾਰਨ ਬਣਿਆ ਖੇਤੀ ਕਰਜ਼ਾ ਮੁਆਫ਼ ਕਰਨ ਤੋਂ ਟਾਲਾ ਵੱਟਿਆ ਗਿਆ ਹੈ।ਡੇਢ ਅਰਬ ਦੇ ਕਰੀਬ ਆਮ ਦੇਸ਼ ਵਾਸੀਆਂ ਲਈ ਇਹ ਸਿਰੇ ਦਾ ਨਾਂਹ ਪੱਖੀ ਬਜਟ ਹੈ। ਦੂਜੇ ਪਾਸੇ ਮੁੱਠੀ ਭਰ ਵੱਡੇ ਧਨਾਢਾਂ, ਜਿਨ੍ਹਾਂ ਦੀ ਦੌਲਤ ਪਹਿਲਾਂ ਹੀ ਪ੍ਰਤੀ ਮਿੰਟ ਅਰਬਾਂ-ਖਰਬਾਂ ਡਾਲਰ ਦੇ ਹਿਸਾਬ ਨਾਲ ਵੱਧ ਰਹੀ ਹੈ, ਦੇ ਧਨ ਅੰਬਾਰਾਂ 'ਚ ਹੋਰ ਵਾਧਾ ਕਰਨ ਦੀ ਧੋਖੇ ਭਰੀ ਕਵਾਇਦ ਹੈ।

ਆਗੂਆਂ ਨੇ ਮੋਦੀ ਸਰਕਾਰ ਦੇ ਇਸ ਲੋਕ ਵਿਰੋਧੀ ਤੇ ਕਾਰਪੋਰੇਟ ਜਗਤ ਨੂੰ ਮਾਲਾਮਾਲ ਕਰਨ ਵਾਲੇ ਬਜਟ ਖਿਲਾਫ ਥਾਂ ਥਾਂ ਸ਼ਾਮਲ ਹੋ ਕੇ ਵਿਰੋਧ ਕਰਨ ਦੀ ਅਪੀਲ ਕੀਤੀ।ਇਸ ਮੌਕੇ ਬਲਕਾਰ ਚੰਦ ਭਰਿਆਲ ਲਾਹੜੀ, ਯਸ਼ਪਾਲ, ਅਸ਼ਵਨੀ ਕੁਮਾਰ, ਸੋਹਨ ਸਿੰਘ, ਰਕੇਸ਼ ਕੁਮਾਰ, ਨਰੋਤਮ ਸਿੰਘ, ਕੁਲਦੀਪ ਰਾਜ ਮੁੱਦੇ ਅਤੇ ਹੋਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

# ਸੈਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ 'ਚ ਬਾਰ੍ਹਵੀਂ ਜਮਾਤ ਨੂੰ ਜਸ਼ਨ-ਏ-ਰੁਖਸਤ




ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਐੱਸ. ਬੀ. ਨਾਯਰ ਦੀ ਅਗਵਾਈ ਹੇਠ ਸੱਭਿਆਚਾਰਕ ਪ੍ਰੋਗਰਾਮ ਦਾ ਵੀ ਆਯੋਜਨ ਕੀਤਾ ਗਿਆ ਜਿਸ ਦੀ ਸ਼ੁਰੂਆਤ ਪ੍ਰਿੰਸੀਪਲ ਨਾਯਰ, ਮੈਨੇਜਮੈਂਟ ਮੈਂਬਰ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਅਤੇ ਸਕੂਲ ਕੋਆਰਡੀਨੇਟਰ, ਹੈੱਡ ਬੁਆਏ ਐੱਸਵੀਰ ਸਿੰਘ, ਹੈੱਡ ਗਰਲ ਮਹਿਕਪ੍ਰੀਤ ਕੌਰ ਦੁਆਰਾ ਸਮਾ ਰੌਸ਼ਨ ਕਰਨ ਉਪਰੰਤ ਕੇਕ ਕੱਟ ਕੇ ਕੀਤੀ ਗਈ। ਇਸ ਮੌਕੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਧੁਰ ਸ਼ਬਦ ਗਾਇਨ ਕੀਤਾ। ਉਪਰੰਤ ਕੋਮਲਜੋਤ ਕੌਰ ਨੇ ਆਪਣੀ ਪ੍ਰਭਾਵਸ਼ਾਲੀ ਸ਼ਬਦਾਵਲੀ ਰਾਹੀਂ 12ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ। ਹਰਮਨ ਕੌਰ ਅਤੇ ਜਸ਼ਨਪ੍ਰੀਤ ਕੌਰ ਦੁਆਰਾ ਸਟੇਜੀ ਕਾਰਵਾਈ ਨੂੰ ਅੱਗੇ ਤੋਰਦਿਆਂ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਮਾਡਲਿੰਗ ਕਰਵਾਈ ਗਈ। ਸਕੂਲ ਵਿੱਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੀਆਂ ਸੁੰਦਰ ਅਤੇ ਦਿਲਚਸਪ ਡਾਂਸ ਪੇਸ਼ਕਸ਼ਾਂ ਨੇ ਸਾਰਿਆਂ ਦਾ ਮਨ ਮੋਹ ਲਿਆ। ਗਿਆਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਕਾਮਨੀ ਸਲਾਰੀਆ ਤੇ ਲਕਸ਼ਪ੍ਰੀਤ ਕੌਰ ਦੁਆਰਾ ਅਧਿਆਪਕਾਂ ਦੀ ਸਹਾਇਤਾ ਨਾਲ ਵੱਖ-ਵੱਖ ਖੇਡਾਂ ਖਿਡਾਈਆ ਗਈਆਂ ਜਿਸ ਦੌਰਾਨ ਸਾਰੇ ਵਿਦਿਆਰਥੀਆਂ ਦੁਆਰਾ ਭਰਪੂਰ ਮਨੋਰੰਜਨ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰਲੇ ਪੜਾਅ ਦੌਰਾਨ 12ਵੀਂ ਜਮਾਤ ਦੇ ਵਿਦਿਆਰਥੀਆਂ ਮਹਿਕਪ੍ਰੀਤ ਕੌਰ ਤੇ ਪੁਨੀਤ ਕੌਰ ਨੇ ਸਮੁੱਚੇ ਸਕੂਲ ਅਤੇ ਗਿਆਰ੍ਹਵੀਂ ਜਮਾਤ ਦਾ ਇਸ ਪ੍ਰੋਗਰਾਮ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਵੱਖ-ਵੱਖ ਟਾਈਟਲਾਂ ਜਿਵੇਂ ਐਸ਼ਵੀਰ ਸਿੰਘ ਨੂੰ ਮਾਸਟਰ ਸੇਂਟ ਕਬੀਰ, ਪੁਨੀਤ ਕੌਰ ਨੂੰ ਮਿਸ ਸੇਂਟ ਕਬੀਰ, ਗੁਰਮਨਦੀਪ ਕੌਰ ਨੂੰ ਮਿਸ ਚਾਰਮਿੰਗ, ਗੁਰੂਅੰਸਪ੍ਰੀਤ ਸਿੰਘ ਨੂੰ ਮਿਸਟਰ ਹੈਂਡਸਮ, ਚਾਹਤ ਸਲਾਰੀਆ ਨੂੰ ਬੈਸਟ ਪਰਫਾਰਮਰ, ਈਸ਼ਾਨ ਸ਼ਰਮਾ ਨੂੰ ਮਿਸਟਰ ਆਊਟਸਟੈਂਡਿੰਗ ਅਤੇ ਮਾਨਵਦੀਪ ਕੌਰ ਨੂੰ ਮਿਸ ਆਊਟਸਟੈਂਡਿੰਗ ਦੇ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਮੈਨੇਜਮੈਂਟ ਮੈਂਬਰ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਦੁਆਰਾ ਵਿਦਿਆਰਥੀਆਂ ਨੂੰ ਸ਼ੁਭ ਇੱਛਾਵਾਂ ਦਿੰਦਿਆਂ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਮੈਡਮ ਮਨੂੰ, ਜਸਵਿੰਦਰ ਕੌਰ, ਨੇਹਾ ਸਲਾਰੀਆ, ਮੈਡਮ ਕਾਜਲ, ਸਤਨਾਮ ਸਿੰਘ, ਨਿਸ਼ਾ ਸੱਗੜ, ਸ਼ਰਨਜੀਤ ਕੌਰ, ਸੁਨੀਤ ਠਾਕੁਰ, ਸੁਮਿਤ ਰੱਤੂ ਕੁਮਾਰ, ਰਜਨੀਸ਼ ਕੁਮਾਰ, ਗੀਧਿਕਾ ਜੈਨ ਆਦਿ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਕਟਾਰੂ ਚੱਕ ਸਰਨਾ ਤੇ ਮਲਿਕਪੁਰ ਦੇ ਸਰਕਾਰੀ ਸਕੂਲਾਂ ਦੀ ਮੈਗਾ ਪੀ ਟੀ ਐੱਮ 'ਚ ਪਹੁੰਚੇ




ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਦੇ ਵਿਦਿਆਰਥੀਆਂ ਨੂੰ ਗੁਣਵੱਤਾ-ਭਰਪੂਰ ਸਿੱਖਿਆ ਪ੍ਰਦਾਨ ਕਰਨ, ਵਿਦਿਆਰਥੀਆਂ ਦੀ ਬਿਹਤਰ ਕਾਰਗੁਜ਼ਾਰੀ ਲਈ ਸਮੇਂ-ਸਮੇਂ 'ਤੇ ਮਾਪਿਆਂ ਨੂੰ ਜਾਣਕਾਰੀ ਦੇਣ ਅਤੇ ਵਿਦਿਆਰਥੀਆਂ ਤੇ ਮਾਪਿਆਂ ਤੋਂ ਫ਼ੀਡਬੈਕ ਲੈ ਕੇ ਸਿੱਖਿਆ ਪ੍ਰਣਾਲੀ ਨੂੰ ਹੋਰ ਵਧੀਆ ਬਣਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੈਗਾ ਪੀ. ਟੀ. ਐੱਮ. ਮੁਹਿੰਮ ਤਹਿਤ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਅੰਦਰ ਮੈਗਾ ਪੀ. ਟੀ. ਐੱਮ. (ਮਾਪੇ-ਅਧਿਆਪਕ ਮਿਲਣੀਆਂ) ਕਰਵਾਈਆਂ ਗਈਆਂ ਜਿਸ ਵਿੱਚ ਮਾਪਿਆਂ ਅਤੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਜਿਲ੍ਹਾ ਪਠਾਨਕੋਟ ਦੇ ਦੋ ਸਕੂਲਾਂ ਅੰਦਰ ਮਾਪੇ ਅਧਿਆਪਕ ਮਿਲਣੀ ਦੌਰਾਨ ਸ਼ਿਰਕਤ ਕਰਦਿਆਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਪਠਾਨਕੋਟ (ਸੈਕੰਡਰੀ), ਨਰੇਸ਼ ਕੁਮਾਰ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ, ਪਵਨ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਨਵੀਆਂ ਤੇ ਇਤਿਹਾਸਕ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਦੀ ਮਾਪਿਆਂ ਵੱਲੋਂ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਉਨ੍ਹਾਂ ਹੁਣ ਲੋਕ ਪ੍ਰਾਈਵੇਟ ਸਕੂਲਾਂ ਨਾਲੋਂ ਸਰਕਾਰੀ ਸਕੂਲਾਂ ਨੂੰ ਵੱਧ ਤਰਜੀਹ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸਿੱਖਿਆ ਨੂੰ ਤਰਜੀਹੀ ਖੇਤਰ ਵਿੱਚ ਰੱਖਣ ਅਤੇ ਬੱਚਿਆਂ ਦੇ ਪ੍ਰਾਈਵੇਟ ਸਕੂਲਾਂ ਤੋਂ ਹਟ ਕੇ ਸਰਕਾਰੀ ਵਿੱਚ ਦਾਖ਼ਲਾ ਲੈਣ ਨਾਲ ਅਧਿਆਪਕਾਂ ਨੂੰ ਵੀ ਹੌਸਲਾ ਮਿਲਿਆ ਹੈ ਅਤੇ ਉਹ ਉਤਸ਼ਾਹ ਨਾਲ ਕਾਰਜ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਸਰਕਾਰੀ ਹਾਈ ਸਕੂਲ, ਸਰਨਾ ਵਿਖੇ ਮਾਪਿਆਂ ਨੇ ਖੇਡ ਮੈਦਾਨ ਵਿੱਚ ਭਰਤ ਪਾਉਣ ਦੀ ਮੰਗ ਰੱਖੀ ਹੈ।ਇਸ ਸਬੰਧੀ ਮੌਕੇ 'ਤੇ ਉਨ੍ਹਾਂ ਪਠਾਨਕੋਟ ਦੇ ਡਿਪਟੀ ਕਮਿਸ਼ਨਰ ਨੂੰ ਦਿਸ਼ਾ ਨਿਰਦੇਸ਼ ਦਿੱਤੇ ਕਿ ਸਬੰਧਤ ਵਿਭਾਗ ਨੂੰ ਕਹਿ ਕੇ ਸਕੂਲ ਮੈਦਾਨ ਵਿੱਚ ਮਿੱਟੀ ਪਾ ਕੇ ਇਸ ਨੂੰ ਤੁਰੰਤ ਉੱਚਾ ਕੀਤਾ ਜਾਵੇ।

# ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਅਹੁਦੇਦਾਰਾਂ ਦੀ ਚੋਣ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਜ਼ਿਲ੍ਹਾ ਗੁਰਦਾਸਪੁਰ ਇਕਾਈ ਦੀ ਚੋਣ ਹੋਈ ।ਇਸ ਚੋਣ ਸਮੇਂ ਬੋਧ ਸਿੰਘ ਘੁੰਮਣ ਟ੍ਰੇਡ ਯੂਨੀਅਨ ਦੇ ਸੀਨੀਅਰ ਆਗੂ, ਮੱਖਣ ਸਿੰਘ ਕੁਹਾੜ ਪ੍ਰਮੁੱਖ ਕਿਸਾਨ ਆਗੂ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਅਨਿਲ ਕੁਮਾਰ ਲਾਹੌਰੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਸਮੇਂ ਜ਼ਿਲ੍ਹੇ ਦੀ ਪੁਰਾਣੀ ਟੀਮ ਨੂੰ ਭੰਗ ਕੀਤਾ ਗਿਆ ਤੇ ਨਵੀਂ ਟੀਮ ਚੁਣੀ ਗਈ ।ਨਵੀਂ ਚੁਣੀ ਟੀਮ ਵਿੱਚ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਭਾਗੋਵਾਲ, ਜਨਰਲ ਸਕੱਤਰ ਸੁਰਿੰਦਰ ਕੁਮਾਰ ਤੇ ਜੁਅਇੰਟ ਸਕੱਤਰ ਜਸਵੰਤ ਸਿੰਘ ਅਲੀਵਾਲ, ਸਹਾਇਕ ਸਕੱਤਰ ਕੁਲਦੀਪ ਸਿੰਘ, ਰਕੇਸ਼ ਕੁਮਾਰ, ਵਿੱਤ ਸਕੱਤਰ ਬਲਵਿੰਦਰ ਸਿੰਘ ਤੁੰਗ ਸਹਾਇਕ ਵਿੱਤ ਸਕੱਤਰ ਬਲਜੀਤ ਸਿੰਘ ਦਾਬਾਂਵਾਲੀ, ਪ੍ਰੈੱਸ ਸਕੱਤਰ ਵਿਨੋਦ ਕੁਮਾਰ ਅਤੇ ਪਰਮਜੀਤ ਸਿੰਘ, ਮੀਤ ਪ੍ਰਧਾਨ ਰੂਪ ਬਸੰਤ, ਕਾਰਜਕਾਰੀ ਮੈਂਬਰ ਵੱਜੋਂ ਜਗੀਰੋ, ਬਲਜੀਤ ਸਿੰਘ ਸਠਿਆਲੀ, ਗੁਲਜਾਰ ਸਿੰਘ, ਬੇਵੀ ਕਾਦੀਆਂ, ਰਣਜੀਤ ਕੌਰ ਕਾਦੀਆਂ ਅਤੇ ਅਜੈਬ ਸਿੰਘ ਚੁਣੇ ਗਏ।ਇੱਕਤਰ ਆਗੂਆਂ ਨੇ ਬੋਲਦਿਆਂ ਕਿਹਾ ਕਿ ਇਹ ਸਰਕਾਰ ਮੁਲਾਜ਼ਮ ਮਾਰੂ ਸਿੱਧ ਹੋਈ ਹੈ।ਜੰਗਲਾਤ ਕਾਮਿਆਂ ਨੇ ਪੰਜ ਵਾਰ ਸੰਘਰਸ਼ ਕਰਕੇ ਸਰਕਾਰ ਨਾਲ ਗੱਲਬਾਤ ਦਾ ਸਮਾਂ ਲਿਆ ਪਰ ਹਰ ਵਾਰ ਸਰਕਾਰ ਗੱਲਬਾਤ ਤੋਂ ਮੁੱਕਰ ਗਈ ।ਇਸ ਸਮੇਂ ਪੰਜਾਬ ਦਾ ਸਮੂਹ ਮੁਲਾਜ਼ਮ ਸਰਕਾਰ ਤੋਂ ਖਫਾ ਹਨ।ਨਵੀਂ ਚੁਣੀ ਟੀਮ ਨੇ ਜੰਗਲਾਤ ਦੇ ਕਾਮਿਆਂ ਨੂੰ ਭਰੋਸਾ ਦਵਾਇਆ ਕਿ ਪੰਜਾਬ ਦੇ ਸਮੂਹ ਮਲਾਜ਼ਮਾਂ ਨੂੰ ਨਾਲ ਲੈ ਕੇ ਸਰਕਾਰ ਖਿਲਾਫ ਮੰਗਾਂ ਦੀ ਪੂਰਤੀ ਤੱਕ ਤਿੱਖਾ ਸੰਘਰਸ਼ ਲੜਿਆ ਜਾਵੇਗਾ ।

## ਦਾਜ ਦੀ ਮੰਗ ਕਰਨ 'ਤੇ ਸਹੁਰਾ ਪਰਿਵਾਰ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਸ ਨੇ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ 'ਤੇ ਪੀੜਤ ਲੜਕੀ ਸਹੁਰਾ ਪਰਿਵਾਰ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਜਾਂਚ ਦੌਰਾਨ ਪੁਲਿਸ ਨੇ ਪਾਇਆ ਕਿ ਪੀੜਤ ਲੜਕੀ ਦਾ ਵਿਆਹ 5 ਅਪ੍ਰੈਲ 2022 ਨੂੰ ਲਵਨੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਨੇੜੇ ਭੂਤਨਾਥ ਮੰਦਰ ਦੀਨਾਨਗਰ ਨਾਲ ਹੋਇਆ ਸੀ। ਵਿਆਹ ਤੋਂ ਕਰੀਬ ਇਕ ਮਹੀਨੇ ਬਾਅਦ ਪੀੜਤਾ ਦਾ ਪਤੀ ਬਾਹਰਲੇ ਦੇਸ਼ ਗ੍ਰੀਸ ਚਲਾ ਗਿਆ ਸੀ। ਪੀੜਤਾ ਦੇ ਪਤੀ ਦੀ ਸ਼ਹਿ 'ਤੇ ਪੀੜਤਾ ਦਾ ਸਹੁਰਾ ਲਖਵਿੰਦਰ ਸਿੰਘ, ਸੱਸ ਅਤੇ ਦਿਓਰ ਮਲਵਿੰਦਰ ਸਿੰਘ ਦਹੇਜ ਦੀ ਖਾਤਰ ਮੁਦਈਆਂ ਨੂੰ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਦਹੇਜ ਵਿੱਚ ਕਾਰ ਦੀ ਮੰਗ ਕਰਦੇ ਸਨ। ਪੀੜਤਾ ਦੇ ਮਾਪਿਆਂ ਵੱਲੋਂ ਦਿੱਤਾ ਇਸਤਰੀ ਧਨ ਕਥਿਤ ਦੋਸ਼ੀਆਂ ਨੇ ਆਪਣੀ ਵਰਤੋਂ ਵਿੱਚ ਲਿਆ ਕੇ ਖੁਰਦ ਬੁਰਦ ਕਰ ਦਿੱਤਾ ਹੈ। ਪੁਲਸ ਨੇ ਪੀੜਤਾ ਦੇ ਬਿਆਨਾਂ 'ਤੇ ਪਤੀ, ਸਹੁਰਾ ਅਤੇ ਸੱਸ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ 'ਚ ਸਰਕਾਰ, ਅਧਿਆਪਕਾਂ ਤੇ ਮਾਪਿਆਂ ਦਾ ਸਾਂਝਾ ਯੋਗਦਾਨ: ਸ਼ਮਸ਼ੇਰ ਸਿੰਘ



ਦੀਨਾਨਗਰ- (ਬਲਵਿੰਦਰ ਸਿੰਘ ਬਿੱਲਾ)-ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਸਰਕਾਰ ਅਤੇ ਅਧਿਆਪਕਾਂ ਦੇ ਨਾਲ ਨਾਲ ਸਮਾਜ ਅਤੇ ਮਾਪਿਆਂ ਦਾ ਵੀ ਅਹਿਮ ਯੋਗਦਾਨ ਹੈ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਸਮੇਂ 'ਤੇ ਆਪਣੇ ਬੱਚਿਆਂ ਦੇ ਸਿੱਖਿਆ ਦੇ ਮਿਆਰ ਬਾਰੇ ਜਾਣੂ ਹੋਣ ਤਾਂ ਕਿ ਅਧਿਆਪਕ ਅਤੇ ਮਾਪੇ ਮਿਲ ਕੇ ਪ੍ਰਭਾਵਸ਼ਾਲੀ ਸਿੱਖਿਆ ਢਾਂਚਾ ਤਿਆਰ ਕਰ ਸਕਣ।ਇਹ ਗੱਲਾਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਬਹਿਰਾਮਪੁਰ ਦੇ ਵੀਡੀ ਪੁਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਅਧਿਆਪਕ ਮਾਪੇ ਮਿਲਣੀ ਦੌਰਾਨ ਸੰਬੋਧਨ ਕਰਦਿਆਂ ਕਹੀਆਂ।ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਕੌਰ, ਵਾਈਸ ਪ੍ਰਿੰਸੀਪਲ ਮਨੋਜ ਕੁਮਾਰ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਪੰਕਜ ਕੁਮਾਰ, ਕਾਜਲ ਪੱਖੋਵਾਲ, ਸਰਪੰਚ ਬਚਨ ਲਾਲ, ਸੀਤਾ ਰਾਮ, ਸਰਪੰਚ ਵਰਿੰਦਰ ਕੁਮਾਰ ਰੰਗੜਪਿੰਡੀ, ਸਰਪੰਚ ਪਲਵਿੰਦਰ ਸਿੰਘ ਮਾਨ ਕਲੋਨੀ, ਗੁਰਨਾਮ ਸਿੰਘ ਤੂਰ, ਬਲਜੀਤ ਸਿੰਘ ਝਬਕਰਾ ਅਤੇ ਅਧਿਆਪਕ ਮੋਨਿਕਾ ਮਹਾਜਨ, ਲੈਕਚਰਾਰ ਮਨਿੰਦਰ ਪਾਲ, ਮੋਨਿਕਾ, ਗੁਰਸ਼ਰਨ ਕੌਰ ਤੇ ਹਰੀਸ਼ ਕੁਮਾਰ ਵੀ ਮੌਜੂਦ ਸਨ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਪੂਰੀ ਸੁਹਿਰਦਤਾ ਨਾਲ ਉਪਰਾਲੇ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਈ ਇਸ ਸਿੱਖਿਆ ਕ੍ਰਾਂਤੀ ਸਦਕਾ ਹੁਣ ਸੂਬੇ ਦੇ ਸਰਕਾਰੀ ਸਕੂਲ ਪੜ੍ਹਾਈ ਪੱਖੋਂ ਦੇਸ਼ ਦੇ ਮੋਹਰੀ ਸਕੂਲਾਂ ਵਿੱਚ ਸ਼ੁਮਾਰ ਹੁੰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਜਿੱਥੇ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਗਿਆ ਹੈ ਉੱਥੇ ਹੀ ਉੱਚ ਸਿੱਖਿਆ ਹਾਸਲ ਅਧਿਆਪਕ ਸੇਵਾ ਨਿਭਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਲੀਡਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਹੁਣ ਤੱਕ ਪੰਜਾਬ ਦੇ 198 ਪ੍ਰਿੰਸੀਪਲ ਅਤੇ ਸਿੱਖਿਆ ਅਧਿਕਾਰੀ ਸਿੰਗਾਪੁਰ ਦੀ ਪ੍ਰਿੰਸੀਪਲਜ਼ ਅਕੈਡਮੀ ਤੋਂ ਸਿਖਲਾਈ ਲੈ ਚੁੱਕੇ ਹਨ ਅਤੇ ਪੰਜਾਬ ਸਰਕਾਰ ਵੱਲੋਂ 36 ਹੋਰ ਸਕੂਲ ਪ੍ਰਿੰਸੀਪਲਾਂ ਨੂੰ ਪੰਜ-ਰੋਜ਼ਾ ਸਿਖਲਾਈ ਲਈ ਸਿੰਗਾਪੁਰ ਭੇਜਣ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਅਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਅੰਦਰ ਦਾਖਲੇ ਦਿਵਾਉਣ ਕਿਉਂਕਿ ਹੁਣ ਪੜ੍ਹਾਈ ਤੇ ਸਹੂਲਤਾਂ ਦੇ ਪੱਖ ਤੋਂ ਸਰਕਾਰੀ ਸਕੂਲ ਨਿੱਜੀ ਸਕੂਲਾਂ ਤੋਂ ਵੀ ਵਧੀਆ ਹਨ ਜਿੱਥੇ ਬੱਚਿਆਂ ਲਈ ਵਧੀਆ ਖੁੱਲ੍ਹੇ ਤੇ ਹਵਾਦਾਰ ਕਲਾਸ ਰੂਮ, ਸਾਫ਼-ਸੁਥਰਾ ਪਾਣੀ, ਬੱਚਿਆਂ ਦੀ ਪੜ੍ਹਾਈ ਲਈ ਪ੍ਰੋਜੈਕਟਰ ਅਤੇ ਐਲਸੀਡੀ., ਮਿਹਨਤੀ ਸਟਾਫ਼, ਮੁਫ਼ਤ ਕਿਤਾਬਾਂ, ਮੁਫ਼ਤ ਵਰਦੀਆਂ, ਬੂਟ ਅਤੇ ਪੌਸ਼ਟਿਕ ਦੁਪਹਿਰ ਦੇ ਖਾਣੇ ਦੀ ਸਹੂਲਤ ਉਪਲਬਧ ਹਨ।ਇਸ ਤੋਂ ਪਹਿਲਾਂ ਉਨ੍ਹਾਂ ਨੇ ਪੰਡੋਰੀ, ਕਲੀਚਪੁਰ, ਝੜੋਲੀ, ਚੌਂਤਾ, ਦੀਨਾਨਗਰ, ਗਾਹਲੜੀ ਅਤੇ ਦੋਰਾਂਗਲਾ ਦੇ ਸਕੂਲਾਂ ਅੰਦਰ ਵੀ ਮਾਪੇ ਅਧਿਆਪਕ ਮਿਲਣੀ ਪ੍ਰੋਗਰਾਮ ਚ ਭਾਗ ਲਿਆ। ਇਸ ਮੌਕੇ ਤੇ ਸਕੂਲ ਸਟਾਫ ਦੇ ਇਲਾਵਾ ਵੱਡੀ ਗਿਣਤੀ ਚ ਵਿਦਿਆਰਥੀਆਂ ਦੇ ਮਾਪੇ ਮੌਜੂਦ ਸਨ।




## ਰੇਲਯਾਤਰੀ ਕਿਰਪਾ ਧਿਆਨ ਦੇਣ !



# ਕੁੰਭ ਮੇਲਾ ਵਿਸ਼ੇਸ਼ ਰੇਲਗੱਡੀਆਂ

ਕੁੰਭ ਮੇਲਾ-2025 ਦੇ ਦੌਰਾਨ ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਰੇਲਵੇ ਦੁਆਰਾ ਰੈਗੂਲਰ ਰੇਲਗੱਡੀਆਂ ਦੇ ਇਲਾਵਾ ਵੱਖ-ਵੱਖ ਵਿਸ਼ੇਸ਼ ਰੇਲਗੱਡੀਆਂ ਦਾ ਵੀ ਸੰਚਾਲਨ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਸ਼ੇਸ਼ ਰੇਲਗੱਡੀਆਂ ਦਾ ਮਿਤੀਵਾਰ ਵੇਰਵਾ ਹੇਠਾਂ ਅਨੁਸਾਰ ਹੈ:-

## ਮਿਤੀ 06.02.2025 (ਵੀਰਵਾਰ) ਨੂੰ ਚੱਲਣ ਵਾਲੀਆਂ ਵਿਸ਼ੇਸ਼ ਰੇਲਗੱਡੀਆਂ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | ਸਟੇਸ਼ਨ ਤਕ | ਆਗਮਨ ਸਮਾਂ | ਠਹਿਰਾਓ |
|---|---|---|---|---|---|
| 04210 | ਪ੍ਰਯਾਗਰਾਜ ਸੰਗਮ | 11:15 | ਜੌਨਪੁਰ | 14:00 | ਪ੍ਰਯਾਗ, ਫਾਫਾਮਊ, ਫੂਲਪੁਰ, ਜੰਘਈ ਅਤੇ ਮੜਿਯਾਹੂੰ ਸਟੇਸ਼ਨ |
| 04209 | ਜੌਨਪੁਰ | 14:15 | ਪ੍ਰਯਾਗਰਾਜ ਸੰਗਮ | 17:15 | |
| 04202 | ਪ੍ਰਯਾਗਰਾਜ ਸੰਗਮ | 12:20 | ਆਲਮਨਗਰ | 17:00 | ਪ੍ਰਯਾਗ ਜੰ., ਕੁੰਡਾ ਹਰਨਾਮਗੰਜ, ਊਚਾਂਹਾਰ ਜੰ., ਰਾਯਬਰੇਲੀ, ਬਛਰਾਵਾਂ ਅਤੇ ਓਤਰੇਟਿਯਾ ਜੰ. ਸਟੇਸ਼ਨ |
| 04201 | ਆਲਮਨਗਰ | 19:15 | ਪ੍ਰਯਾਗਰਾਜ ਸੰਗਮ | 23:25 | |
| 04206 | ਪ੍ਰਯਾਗਰਾਜ ਸੰਗਮ | 13:30 | ਅਯੁਧਿਆ ਕੈਂਟ | 17:00 | ਪ੍ਰਯਾਗ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04205 | ਅਯੁਧਿਆ ਕੈਂਟ | 08:45 | ਪ੍ਰਯਾਗਰਾਜ ਜੰ. | 12:15 | |
| 04251 | ਪ੍ਰਯਾਗ ਜੰ. | 20:30 | ਅਯੁਧਿਆ ਕੈਂਟ | 23:55 | ਫਾਫਾਮਊ ਜੰ., ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04252 | ਅਯੁਧਿਆ ਕੈਂਟ | 15:45 | ਪ੍ਰਯਾਗ ਜੰ. | 19:55 | |
| 04253 | ਫਾਫਾਮਊ ਜੰ. | 11:15 | ਅਯੁਧਿਆ ਕੈਂਟ | 14:45 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04254 | ਅਯੁਧਿਆ ਕੈਂਟ | 06:15 | ਫਾਫਾਮਊ ਜੰ. | 10:15 | |
| 04255 | ਪ੍ਰਯਾਗ ਜੰ. (ਰਿੰਗ ਰੇਲ) | 05:35 | ਪ੍ਰਯਾਗ ਜੰ. (ਰਿੰਗ ਰੇਲ) | 21:30 | ਫਾਫਾਮਊ ਜੰ. ਮਊ ਆਈਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਚਿਲਬਿਲਾ ਜੰ., ਖੁਨਡੌਰ, ਸੁਲਤਾਨਪੁਰ, ਕੂੜੇਭਾਰ, ਖਜੁਰਹਟ, ਭਰਤਕੁੰਡ, ਅਯੁਧਿਆ ਕੈਂਟ, ਸਾਲਾਰਪੁਰ, ਸੋਹਾਵਲ, ਦੇਵਰਾਕੋਟ, ਬੜਾਗਾਂਵ, ਰੁਦੌਲੀ, ਰੌਜਗਾਂਵ, ਪਟਰੰਗਾ, ਦਰਿਯਾਬਾਦ, ਸੈਦਖਾਨਪੁਰ, ਸਫਦਰਜੰਗ, ਰਸੌਲੀ, ਬਾਰਾਬੰਕੀ ਜੰ., ਸਫੇਦਾਬਾਦ, ਮਲਹੌਰ, ਲਖਨਊ ਜੰ., ਓਤਰੇਟਿਯਾ, ਮੋਹਨਲਾਲਗੰਜ, ਕਨਕਹਾ, ਨਿਗੋਹਾ, ਸ਼੍ਰੀਰਾਜਨਗਰ, ਬਛਰਾਯਾਂ, ਕੁਨਿਨਗੰਜ, ਹਰਚੰਦਪੁਰ, ਗੰਗਾਗੰਜ, ਰਾਯਬਰੇਲੀ ਜੰ., ਰੂਪਾਮਊ, ਫੁਰਸਤਗੰਜ, ਜਾਯਸ, ਬਨੀ, ਗੌਰੀਗੰਜ, ਤਾਲਾਖਜੁਰੀ, ਅਮੇਠੀ, ਮਿਸਰੌਲੀ, ਮਾਂ ਚੰਦਿਕਾ ਦੇਵੀ ਧਾਮ ਅਨਤੂ, ਜਗੇਸ਼ਰਗੰਜ, ਚਿਲਬਿਲਾ ਜੰ., ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਸ਼ਨੀਦੇ ਧਾਮ ਬਿਸ਼ਨਾਥਗੰਜ, ਮਊ ਆਈਮਾ, ਸੇਵਾਇਤ ਅਤੇ ਫਾਫਾਮਊ ਜੰ. ਸਟੇਸ਼ਨ। |
| 04662 | ਅੰਮ੍ਰਿਤਸਰ | 20:10 | ਫਾਫਾਮਊ ਜੰ. | 19:00 | ਬਿਆਸ, ਜਲੰਧਰ, ਸਿਟੀ, ਢੰਡਾਰੀ ਕਲਾਂ, ਸਰਹਿੰਦ, ਰਾਜਪੁਰਾ, ਅੰਬਾਲਾ ਕੈਂਟ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਦੇਵਬੰਦ, ਮੁਜਫਰਨਗਰ, ਮੇਰਠ ਸਿਟੀ, ਹਾਪੁੜ, ਗੜਮੁਕਤੇਸ਼ਵਰ, ਗਜਰੌਲਾ, ਅਮਰੋਹਾ, ਮੁਰਾਦਾਬਾਦ, ਰਾਮਪੁਰ, ਬਰੇਲੀ ਜੰ., ਸ਼ਾਹਜਹਾਂਪੁਰ, ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ |
| 04408 | ਦਿੱਲੀ ਜੰ. | 23:25 | ਫਾਫਾਮਊ ਜੰ. | 14:15 | ਗਾਜ਼ੀਆਬਾਦ, ਹਾਪੁੜ, ਗੜਮੁਕਤੇਸ਼ਵਰ, ਗਜਰੌਲਾ ਜੰ., ਅਮਰੋਹਾ, ਮੁਰਾਦਾਬਾਦ, ਰਾਮਪੁਰ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ |
| 02418 | ਦਿੱਲੀ ਜੰ. | 09:30 | ਸੂਬੇਦਾਰਗੰਜ | 19:40 | ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਗੋਵਿੰਦਪੁਰੀ ਅਤੇ ਫਤੇਹਪੁਰ ਸਟੇਸ਼ਨ |
| 04145 | ਸੂਬੇਦਾਰਗੰਜ | 21:35 | ਦਿੱਲੀ ਜੰ. | 09:30 | ਫਤੇਹਪੁਰ, ਗੋਵਿੰਦਪੁਰੀ, ਇਟਾਵਾ, ਟੂੰਡਲਾ ਜੰ. ਅਤੇ ਅਲੀਗੜ੍ਹ ਜੰ. ਸਟੇਸ਼ਨ |
| 05077 | ਅਯੁਧਿਆ ਧਾਮ ਜੰ. | 00:45 | ਗੌਂਡਾ ਜੰ. | 03:30 | ਰਾਮਘਾਟ ਹਾਲਟ, ਕਟਰਾ, ਨਵਾਬਗੰਜ ਗੋਂਡਾ, ਟਿਕਰੀ ਮਨਕਾਪੁਰ ਜੰ., ਝਿਲਾਹੀ, ਮੋਤੀਗੰਜ ਅਤੇ ਬਰੂਆ ਚਕ ਸਟੇਸ਼ਨ |
| 04117 | ਪ੍ਰਯਾਗਰਾਜ ਜੰ. | 22:20 | ਅਯੁਧਿਆ ਕੈਂਟ | 03:30 | ਪ੍ਰਯਾਗ, ਫਾਫਾਮਊ ਜੰ., ਮਊ, ਆਈਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04118 | ਅਯੁਧਿਆ ਕੈਂਟ | 05:15 | ਪ੍ਰਯਾਗਰਾਜ ਜੰ. | 10:15 | |
| 04111 | ਪ੍ਰਯਾਗਰਾਜ ਜੰ. (ਰਿੰਗ ਰੇਲ) | 06:00 | ਪ੍ਰਯਾਗਰਾਜ ਜੰ. (ਰਿੰਗ ਰੇਲ) | 18:50 | ਪ੍ਰਯਾਗਰਾਜ ਰਾਮਬਾਗ ਝੂੰਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋ ਸਿੰਘ, ਬਨਾਰਸ ਭਦੋਹੀ, ਜੰ. ਮੜਿਯਾਹੂੰ, ਜਫਰਾਬਾਦ ਜੰ., ਸ਼ਾਹਗੰਜ ਜੰ., ਅਕਬਰਪੁਰ, ਗੋਸ਼ਾਈਗੰਜ, ਅਯੁਧਿਆ, ਅਯੁਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਮਊ ਆਈਮਾ, ਫਾਫਾਮਊ ਜੰ. ਅਤੇ ਪ੍ਰਯਾਗ ਸਟੇਸ਼ਨ |
| 04112 | ਪ੍ਰਯਾਗਰਾਜ ਜੰ. (ਰਿੰਗ ਰੇਲ) | 06:30 | ਪ੍ਰਯਾਗਰਾਜ ਜੰ. (ਰਿੰਗ ਰੇਲ) | 21:00 | |
| 04113 | ਪ੍ਰਯਾਗਰਾਜ ਜੰ. (ਰਿੰਗ ਰੇਲ) | 17:30 | ਪ੍ਰਯਾਗਰਾਜ ਜੰ. (ਰਿੰਗ ਰੇਲ) | 07:45 | ਪ੍ਰਯਾਗਰਾਜ ਰਾਮਬਾਗ ਝੂੰਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋ ਸਿੰਘ, ਬਨਾਰਸ ਭਦੋਹੀ, ਜੰ. ਮੜਿਯਾਹੂੰ, ਜਫਰਾਬਾਦ ਜੰ., ਸ਼ਾਹਗੰਜ ਜੰ., ਅਕਬਰਪੁਰ, ਗੋਸ਼ਾਈਗੰਜ, ਅਯੁਧਿਆ, ਅਯੁਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਮਊ ਆਈਮਾ, ਫਾਫਾਮਊ ਜੰ. ਅਤੇ ਪ੍ਰਯਾਗ ਸਟੇਸ਼ਨ |
| 04114 | ਪ੍ਰਯਾਗਰਾਜ ਜੰ. (ਰਿੰਗ ਰੇਲ) | 17:45 | ਪ੍ਰਯਾਗਰਾਜ ਜੰ. (ਰਿੰਗ ਰੇਲ) | 08:00 | |
| 04120 | ਪ੍ਰਯਾਗਰਾਜ ਜੰ. (ਰਿੰਗ ਰੇਲ) | 13:30 | ਪ੍ਰਯਾਗਰਾਜ ਜੰ. (ਰਿੰਗ ਰੇਲ) | 04:00 | ਪ੍ਰਯਾਗ, ਫਾਫਾਮਊ ਜੰ., ਮਊ ਆਈਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਸੁਲਤਾਨਪੁਰ, ਅਯੁਧਿਆ ਕੈਂਟ, ਅਯੁਧਿਆ ਕੈਂਟ, ਗੋਸ਼ਾਈਗੰਜ, ਅਕਬਰਪੁਰ ਸ਼ਾਹਗੰਜ ਜੰ., ਜੌਨਪੁਰ ਜੰ., ਜਫਰਾਬਾਦ ਜੰ., ਮੜਿਯਾਹੂੰ, ਜੰਘਈ ਜੰ., ਭਦੋਹੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ, ਹੰਡਿਯਾ ਖਾਸ, ਝੂੰਸੀ ਅਤੇ ਪ੍ਰਯਾਗਰਾਜ ਰਾਮਬਾਗ ਸਟੇਸ਼ਨ |
| 01661 | ਰਾਣੀ ਕਮਲਾਪਤਿ (ਭੋਪਾਲ) | 11:10 | ਬਨਾਰਸ | 10:15 | ਮੰਡੀ, ਦੀਪ ਓਬੇਦੁਲਲਾ ਗੰਜ, ਬੁਦਨੀ, ਨਰਮਦਾਪੁਰਮ, ਇਟਾਰਸੀ ਜੰ., ਸੋਹਾਗਪੁਰ, ਪਿਪਰਿਯਾ, ਗਾਡਰਵਾਰਾ, ਕਰੇਲੀ, ਨਰਸਿੰਘਪੁਰ, ਸ਼੍ਰੀਧਾਮ, ਮਦਨ ਮਹਲ, ਜਬਲਪੁਰ, ਦੇਵਰੀ ਸਿਹੋਰਾ ਰੋਡ, ਕਟਨੀ, ਝੁਕੇਹੀ, ਮੈਹਰ, ਸਤਨਾ, ਜੈਤਵਾਰ, ਮਾਲਿਕਪੁਰ ਜੰ., ਪ੍ਰਯਾਗਰਾਜ ਛਿਵਕੀ, ਮਿਰਜਾਪੁਰ ਅਤੇ ਚੁਨਾਰ ਸਟੇਸ਼ਨ |
| 01034 | ਮਊ ਜੰ. | 23:50 | ਛਤਰਪਤਿ ਸ਼ਿਵਾਜੀ ਮਹਾਰਾਜ ਟਰਮੀਨਸ | 14:30 | ਆਮਜਗੜ੍ਹ, ਸ਼ਾਹਗੰਜ, ਜੰ., ਵਾਰਾਨਸੀ, ਚੁਨਾਰ, ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ ਜੰ., ਸਤਨਾ, ਮੈਹਰ, ਕਟਨੀ, ਜਬਲਪੁਰ ਨਰਸਿੰਘਪੁਰ, ਪਿਪਰਿਯਾ, ਇਟਾਰਸੀ ਜੰ., ਬਾਨਾਪੁਰਾ, ਹਰਦਾ, ਖਿਰਕਿਯਾ, ਛਨੇਰਾ, ਤਲਵੜਿਯਾ ਖੰਡਵਾ ਜੰ., ਭੁਸਾਵਲ ਜੰ., ਜਲਗਾਂਵ ਜੰ., ਮਨਮਾਡ ਜੰ., ਨਾਸਿਕ ਰੋਡ, ਇਗਤਪੁਰੀ, ਕਲਯਾਨ ਜੰ., ਠਾਨੇ ਅਤੇ ਦਾਦਰ ਸਟੇਸ਼ਨ |
| 01455 | ਪੁਣੇ ਜੰ. | 10:10 | ਮਊ ਜੰ. | 22:00 | ਦੌਂਡ ਕਾਰਡ ਲਾਈਨ ਅਹਿਮਦਨਗਰ, ਬੇਲਾਪੁਰ, ਮਨਮਾਡ ਜੰ., ਜਲਗਾਂਵ ਜੰ., ਭੁਸਾਵਲ ਜੰ., ਖੰਡਵਾ ਜੰ., ਤਲਵੜਿਯਾ, ਛਨੇਰਾ, ਖਿਰਕਿਯਾ, ਹਰਦਾ, ਬਾਨਾਪੁਰਾ, ਇਟਾਰਸੀ ਜੰ., ਪਿਪਰਿਯਾ, ਨਰਸਿੰਘਪੁਰ, ਜਬਲਪੁਰ, ਕਟਨੀ, ਮੈਹਰ, ਸਤਨਾ, ਮਾਨਿਕਪੁਰ ਜੰ., ਪ੍ਰਯਾਗਰਾਜ ਛਿਵਕੀ, ਮਿਰਜਾਪੁਰ, ਚੁਨਾਰ, ਵਾਰਾਨਸੀ ਸ਼ਾਹਗੰਜ ਜੰ. ਅਤੇ ਆਜਮਗੜ੍ਹ ਸਟੇਸ਼ਨ |
| 03409 | ਮਾਲਦਾ ਟਾਊਨ | 20:45 | ਪ੍ਰਯਾਗਰਾਜ ਰਾਮਬਾਗ | 17:15 | ਨਿਊ ਫਰਕਕਾ ਜੰ., ਬਰਹਵਾ ਜੰ., ਸਾਹਿਬਗੰਜ ਜੰ., ਕਹਲਗਾਂਵ, ਭਾਗਲਪੁਰ, ਸੁਲਤਾਨਗੰਜ, ਜਮਾਲਪੁਰ ਜੰ., ਅਭਯਪੁਰ, ਕਿਊਲ ਜੰ., ਮੋਕਾਮਾ, ਬਾੜ, ਬਖਿਤਯਾਰਪੁਰ ਜੰ., ਰਾਜੇਂਦਰ ਨਗਰ ਪਟਨਾ ਜੰ., ਦਾਨਾਪੁਰ, ਆਰਾ, ਬਕਸਰ, ਪੰ. ਦੀਨ ਦਿਆਲ ਉਪਾਧਿਆਏ ਜੰ., ਵਾਰਾਨਸੀ ਅਤੇ ਬਨਾਰਸ ਸਟੇਸ਼ਨ |
| 05268 | ਝੂੰਸੀ ਜੰ. | 12:00 | ਮੁਜਫਰਪੁਰ ਜੰ. | 04:50 | ਵਾਰਾਨਸੀ ਔਰਿਹਾਰ, ਜੰ., ਮਊ ਜੰ., ਭਟਨੀ ਜੰ., ਦੇਵਰਿਯਾ ਸਦਰ, ਗੋਰਖਪੁਰ, ਜੰ. ਕਪਤਾਨਗੰਜ ਜੰ., ਬਗਹਾ, ਨਰਕਟਿਯਾਗੰਜ ਜੰ., ਬੇਤਿਯਾ, ਸਗੌਲੀ ਜੰ., ਬਾਪੂਧਾਮ, ਮੋਤਿਹਾਰੀ, ਚਕਿਯਾ, ਮੇਹਸੀ ਅਤੇ ਮੋਤੀਪੁਰ ਸਟੇਸ਼ਨ |
| 04494 | ਆਨੰਦ ਵਿਹਾਰ ਟ. | 23:55 | ਪਟਨਾ ਜੰ. | 18:15 | ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ. ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਜੰ. ਅਤੇ ਦਾਨਾਪੁਰ ਸਟੇਸ਼ਨ। |
| 01032 | ਬਨਾਰਸ | 10:00 | ਲੋਕਮਾਨਯ ਤਿਲਕ ਟ. | 16:40 | ਚੁਨਾਰ ਜੰ., ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ ਜੰ., ਸਤਨਾ, ਮੈਹਰ, ਕਟਨੀ, ਜਬਲਪੁਰ, ਨਰਸਿੰਘਪੁਰਾ ਪਿਪਰਿਯਾ, ਇਟਾਰਸੀ ਜੰ., ਭੁਸਾਵਲ ਜੰ., ਜਲਗਾਂਵ ਜੰ., ਨਾਸਿਕ ਰੋਡ, ਇਗਤਪੁਰੀ ਕਲਯਾਨ ਜੰ. ਅਤੇ ਠਾਨੇ ਸਟੇਸ਼ਨ। |
| 01664 | ਗਾਜੀਪੁਰ ਸਿਟੀ | 13:00 | ਰਾਣੀ ਕਮਲਾਪਤਿ (ਭੋਪਾਲ) | 11:40 | ਜੌਨਪੁਰ, ਜੰ., ਵਾਰਾਨਸੀ, ਮਿਰਜਾਪੁਰ, ਪ੍ਰਯਾਗਰਜ ਛਿਵਕੀ, ਮਾਨਿਕਪੁਰ ਜੰ., ਸਤਨਾ ਮੈਹਰ, ਕਟਨੀ, ਜਬਲਪੁਰ, ਨਰਸਿੰਘਪੁਰ ਬਨਖੇੜੀ, ਪਿਪਰਿਯਾ, ਇਟਾਰਸੀ ਜੰ., ਨਰਮਦਾਪੁਰਮ ਅਤੇ ਓਬੇਦੁਲਲਾ ਗੰਜ ਸਟੇਸ਼ਨ। |
| 05004 | ਗੋਰਖਪੁਰ ਜੰ. | 21:30 | ਝੂੰਸੀ ਜੰ. | 06:00 | ਚੌਰੀ ਚੌਰਾ, ਗੌਰੀ ਬਜਾਰ, ਦੇਵਰਿਯਾ ਸਦਰ, ਭਟਨੀ, ਸਲੇਮਪੁਰ, ਬੇਲਾਧਰਾ ਰੋਡ ਮਊ, ਔਂੜਿਹਾਰ, ਵਾਰਾਨਸੀ ਸਿਟੀ, ਵਾਰਾਨਸੀ ਬਨਾਰਸ ਮਾਧੋਸਿੰਘ, ਗਿਆਨਪੁਰ ਰੋਡ ਹੰਡਿਯਾ ਖਾਸ ਸਟੇਸ਼ਨ |
| 05003 | ਝੂੰਸੀ ਜੰ. | 07:45 | ਗੋਰਖਪੁਰ ਜੰ. | 16:25 | ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਵਾਰਾਨਸੀ ਜੰ., ਵਾਰਾਨਸੀ ਸਿਟੀ, ਔਂੜਿਹਾਰ, ਜੰ., ਮਊ ਜੰ., ਬੇਲਥਰਾ ਰੋਡ, ਸਲੇਮਪੁਰ ਜੰ., ਭਟਨੀ ਜੰ., ਦੇਵਰਿਯਾ ਸਦਰ, ਗੌਰੀ ਬਜਾਰ ਅਤੇ ਚੌਰੀ ਚੌਰਾ ਸਟੇਸ਼ਨ। |
| 04438 | ਆਨੰਦ ਵਿਹਾਰ (ਟ.) (ਵਾਯਾ ਪ੍ਰਯਾਗਰਾਜ ਜੰ.) | 08:20 | ਭੁਵਨੇਸ਼ਵਰ | 13:05 | ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਮਿਰਜਾਪੁਰ ਪੰ. ਦੀਨ ਦਿਆਲ ਉਪਾਧਿਆਏ ਜੰ., ਸਾਸਾਰਾਮ, ਡੇਹਰੀ ਆਨਸੋਨ, ਗਯਾ ਜੰ., ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਸ ਜੰ., ਗੋਮਾ, ਬੋਕਾਰੋ ਸਟੀਲ ਸਿਟੀ, ਪੁਰਲਿਯਾ ਜੰ., ਟਾਟਾਨਗਰ ਜੰ., ਬਾਲੇਸ਼ਵਰ, ਭਦ੍ਰਕ ਅਤੇ ਕਟਕ |

## ਮਿਤੀ 07.02.2025 (ਸ਼ੁਕਰਵਾਰ) ਨੂੰ ਚੱਲਣ ਵਾਲੀਆਂ ਵਿਸ਼ੇਸ਼ ਰੇਲਗੱਡੀਆਂ

| | | | | | |
|---|---|---|---|---|---|
| 04210 | ਪ੍ਰਯਾਗਰਾਜ ਸੰਗਮ | 11:15 | ਜੌਨਪੁਰ | 14:00 | ਪ੍ਰਯਾਗ, ਫਾਫਾਮਊ, ਫੂਲਪੁਰ, ਜੰਘਈ ਅਤੇ ਮੜਿਯਾਹੂੰ ਸਟੇਸ਼ਨ |
| 04209 | ਜੌਨਪੁਰ | 14:15 | ਪ੍ਰਯਾਗਰਾਜ ਸੰਗਮ | 17:15 | |
| 04202 | ਪ੍ਰਯਾਗਰਾਜ ਸੰਗਮ | 12:20 | ਆਲਮਨਗਰ | 17:00 | ਪ੍ਰਯਾਗ ਜੰ., ਕੁੰਡਾ ਹਰਨਾਮਗੰਜ, ਊਚਾਂਹਾਰ ਜੰ., ਰਾਯਬਰੇਲੀ, ਬਛਰਾਵਾਂ ਅਤੇ ਓਤਰੇਟਿਯਾ ਜੰ. ਸਟੇਸ਼ਨ |
| 04201 | ਆਲਮਨਗਰ | 19:15 | ਪ੍ਰਯਾਗਰਾਜ ਸੰਗਮ | 23:25 | |
| 04206 | ਪ੍ਰਯਾਗਰਾਜ ਸੰਗਮ | 13:30 | ਅਯੁਧਿਆ ਕੈਂਟ | 17:00 | ਪ੍ਰਯਾਗ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04205 | ਅਯੁਧਿਆ ਕੈਂਟ | 08:45 | ਪ੍ਰਯਾਗਰਾਜ ਸੰਗਮ | 12:15 | |
| 04251 | ਪ੍ਰਯਾਗ ਜੰ. | 20:30 | ਅਯੁਧਿਆ ਕੈਂਟ | 23:55 | ਫਾਫਾਮਊ ਜੰ., ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04252 | ਅਯੁਧਿਆ ਕੈਂਟ | 15:45 | ਪ੍ਰਯਾਗ ਜੰ. | 19:55 | |
| 04253 | ਫਾਫਾਮਊ ਜੰ. | 11:15 | ਅਯੁਧਿਆ ਕੈਂਟ | 14:45 | ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04254 | ਅਯੁਧਿਆ ਕੈਂਟ | 06:15 | ਫਾਫਾਮਊ ਜੰ. | 10:15 | |
| 04255 | ਪ੍ਰਯਾਗ ਜੰ. (ਰਿੰਗ ਰੇਲ) | 05:35 | ਪ੍ਰਯਾਗ ਜੰ. (ਰਿੰਗ ਰੇਲ) | 21:30 | ਫਾਫਾਮਊ ਜੰ. ਮਊ ਆਈਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਚਿਲਬਿਲਾ ਜੰ., ਖੁਨਡੌਰ, ਸੁਲਤਾਨਪੁਰ, ਕੂੜੇਭਾਰ, ਖਜੁਰਹਟ, ਭਰਤਕੁੰਡ, ਅਯੁਧਿਆ ਕੈਂਟ, ਸਾਲਾਰਪੁਰ, ਸੋਹਾਵਲ, ਦੇਵਰਾਕੋਟ, ਬੜਾਗਾਂਵ, ਰੁਦੌਲੀ, ਰੌਜਗਾਂਵ, ਪਟਰੰਗਾ, ਦਰਿਯਾਬਾਦ, ਸੈਦਖਾਨਪੁਰ, ਸਫਦਰਜੰਗ, ਰਸੌਲੀ, ਬਾਰਾਬੰਕੀ ਜੰ., ਸਫੇਦਾਬਾਦ, ਮਲਹੌਰ, ਲਖਨਊ ਜੰ., ਓਤਰੇਟਿਯਾ, ਮੋਹਨਲਾਲਗੰਜ, ਕਨਕਹਾ, ਨਿਗੋਹਾ, ਸ਼੍ਰੀਰਾਜਨਗਰ, ਬਛਰਾਯਾਂ, ਕੁਨਿਨਗੰਜ, ਹਰਚੰਦਪੁਰ, ਗੰਗਾਗੰਜ, ਰਾਯਬਰੇਲੀ ਜੰ., ਰੂਪਾਮਊ, ਫੁਰਸਤਗੰਜ, ਜਾਯਸ, ਬਨੀ, ਗੌਰੀਗੰਜ, ਤਾਲਾਖਜੁਰੀ, ਅਮੇਠੀ, ਮਿਸਰੌਲੀ, ਮਾਂ ਚੰਦਿਕਾ ਦੇਵੀ ਧਾਮ ਅਨਤੂ, ਜਗੇਸ਼ਰਗੰਜ, ਚਿਲਬਿਲਾ ਜੰ., ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਸ਼ਨੀਦੇ ਧਾਮ ਬਿਸ਼ਨਾਥਗੰਜ, ਮਊ ਆਈਮਾ, ਸੇਵਾਇਤ ਅਤੇ ਫਾਫਾਮਊ ਜੰ. ਸਟੇਸ਼ਨ। |
| 04601 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 03:50 | ਫਾਫਾਮਊ ਜੰ. | 04:25 | ਸ਼ਹੀਦ ਕਪਤਾਨ ਤੁਸ਼ਹਾਰ ਮਹਾਜਨ, ਜੰਮੂ ਤਵੀ, ਕਠੂਆ, ਪਠਾਨਕੋਟ ਕੈਂਟ, ਜਲੰਧਰ ਕੈਂਟ, ਲੁਧਿਆਣਾ ਜੰ., ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ ਅਤੇ ਰਾਯਬਰੇਲੀ ਜੰ. ਸਟੇਸ਼ਨ। |
| 04407 | ਫਾਫਾਮਊ ਜੰ. | 23:30 | ਦਿੱਲੀ ਜੰ. | 13:40 | ਰਾਯਬਰੇਲੀ ਜੰ., ਲਖਨਊ, ਹਰਦੋਈ, ਸ਼ਾਹਜਹਾਂਪੁਰ, ਬਰੇਲੀ, ਰਾਮਪੁਰ, ਮੁਰਾਦਾਬਾਦ, ਅਮਰੋਹਾ, ਗਜਰੌਲਾ ਜੰ. ਗੜਮੁਕਤੇਸ਼ਵਰ, ਹਾਪੁੜ ਅਤੇ ਗਾਜੀਆਬਾਦ ਸਟੇਸ਼ਨ |
| 02417 | ਸੂਬੇਦਾਰਗੰਜ | 21:35 | ਦਿੱਲੀ ਜੰ. | 08:55 | ਫਤੇਹਪੁਰ, ਗੋਵਿੰਦਪੁਰੀ, ਇਟਾਵਾ, ਟੂੰਡਲਾ ਜੰ. ਅਤੇ ਅਲੀਗੜ੍ਹ ਜੰ. ਸਟੇਸ਼ਨ |
| 04146 | ਦਿੱਲੀ ਜੰ. | 09:30 | ਸੂਬੇਦਾਰਗੰਜ | 19:40 | ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਗੋਵਿੰਦਪੁਰੀ ਅਤੇ ਫਤੇਹਪੁਰ ਸਟੇਸ਼ਨ |
| 09404 | ਜੰਘਈ ਜੰ. | 08:30 | ਅਹਿਮਦਾਬਾਦ ਜੰ. | 18:00 | ਪ੍ਰਯਾਗਰਾਜ ਜੰ., ਫਤੇਹਪੁਰ, ਗੋਵਿੰਦਪੁਰੀ, ਇਟਾਵਾ, ਟੂੰਡਲਾ ਜੰ., ਆਗਰਾ ਫੋਰਟ, ਬਯਾਨਾ ਜੰ., ਗੰਗਾਪੁਰ ਸਿਟੀ, ਸਵਾਈ ਮਾਧੋਪੁਰ ਜੰ., ਕੋਟਾ ਜੰ., ਰਾਮਗੰਜ ਮੰਡੀ, ਭਵਾਨੀ ਮੰਡੀ, ਨਾਗਦਾ ਜੰ., ਰਤਲਾਮ ਜੰ. ਦਾਹੋਦ, ਗੋਧਰਾ ਜੰ., ਛਾਯਾਪੁਰੀ ਅਤੇ ਆਨੰਦ ਜੰ. ਸਟੇਸ਼ਨ। |
| 04117 | ਪ੍ਰਯਾਗਰਾਜ ਜੰ. | 22:20 | ਅਯੁਧਿਆ ਕੈਂਟ | 03:30 | ਪ੍ਰਯਾਗ, ਫਾਫਾਮਊ ਜੰ., ਮਊ, ਆਈਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ. ਅਤੇ ਸੁਲਤਾਨਪੁਰ ਸਟੇਸ਼ਨ |
| 04118 | ਅਯੁਧਿਆ ਕੈਂਟ | 05:15 | ਪ੍ਰਯਾਗਰਾਜ ਜੰ. | 10:15 | |
| 04111 | ਪ੍ਰਯਾਗਰਾਜ ਜੰ. (ਰਿੰਗ ਰੇਲ) | 06:00 | ਪ੍ਰਯਾਗਰਾਜ ਜੰ. (ਰਿੰਗ ਰੇਲ) | 18:50 | ਪ੍ਰਯਾਗਰਾਜ ਰਾਮਬਾਗ ਝੂੰਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋ ਸਿੰਘ, ਬਨਾਰਸ ਭਦੋਹੀ, ਜੰ. ਮੜਿਯਾਹੂੰ, ਜਫਰਾਬਾਦ ਜੰ., ਸ਼ਾਹਗੰਜ ਜੰ., ਅਕਬਰਪੁਰ, ਗੋਸ਼ਾਈਗੰਜ, ਅਯੁਧਿਆ, ਅਯੁਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਮਊ ਆਈਮਾ, ਫਾਫਾਮਊ ਜੰ. ਅਤੇ ਪ੍ਰਯਾਗ ਸਟੇਸ਼ਨ |
| 04112 | ਪ੍ਰਯਾਗਰਾਜ ਜੰ. (ਰਿੰਗ ਰੇਲ) | 06:30 | ਪ੍ਰਯਾਗਰਾਜ ਜੰ. (ਰਿੰਗ ਰੇਲ) | 21:00 | |
| 04113 | ਪ੍ਰਯਾਗਰਾਜ ਜੰ. (ਰਿੰਗ ਰੇਲ) | 17:30 | ਪ੍ਰਯਾਗਰਾਜ ਜੰ. (ਰਿੰਗ ਰੇਲ) | 07:45 | ਪ੍ਰਯਾਗਰਾਜ ਰਾਮਬਾਗ ਝੂੰਸੀ, ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋ ਸਿੰਘ, ਬਨਾਰਸ ਭਦੋਹੀ, ਜੰ. ਮੜਿਯਾਹੂੰ, ਜਫਰਾਬਾਦ ਜੰ., ਸ਼ਾਹਗੰਜ ਜੰ., ਅਕਬਰਪੁਰ, ਗੋਸ਼ਾਈਗੰਜ, ਅਯੁਧਿਆ, ਅਯੁਧਿਆ ਕੈਂਟ, ਸੁਲਤਾਨਪੁਰ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਮਊ ਆਈਮਾ, ਫਾਫਾਮਊ ਜੰ. ਅਤੇ ਪ੍ਰਯਾਗ ਸਟੇਸ਼ਨ |
| 04114 | ਪ੍ਰਯਾਗਰਾਜ ਜੰ. (ਰਿੰਗ ਰੇਲ) | 17:45 | ਪ੍ਰਯਾਗਰਾਜ ਜੰ. (ਰਿੰਗ ਰੇਲ) | 08:00 | |
| 04120 | ਪ੍ਰਯਾਗਰਾਜ ਜੰ. (ਰਿੰਗ ਰੇਲ) | 13:30 | ਪ੍ਰਯਾਗਰਾਜ ਜੰ. (ਰਿੰਗ ਰੇਲ) | 04:00 | ਪ੍ਰਯਾਗ, ਫਾਫਾਮਊ ਜੰ., ਮਊ ਆਈਮਾ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਸੁਲਤਾਨਪੁਰ, ਅਯੁਧਿਆ ਕੈਂਟ, ਅਯੁਧਿਆ ਕੈਂਟ, ਗੋਸ਼ਾਈਗੰਜ, ਅਕਬਰਪੁਰ ਸ਼ਾਹਗੰਜ ਜੰ., ਜੌਨਪੁਰ ਜੰ., ਜਫਰਾਬਾਦ ਜੰ., ਮੜਿਯਾਹੂੰ, ਜੰਘਈ ਜੰ., ਭਦੋਹੀ, ਬਨਾਰਸ, ਮਾਧੋਸਿੰਘ, ਗਿਆਨਪੁਰ ਰੋਡ, ਹੰਡਿਯਾ ਖਾਸ, ਝੂੰਸੀ ਅਤੇ ਪ੍ਰਯਾਗਰੂਜ ਰਾਮਬਾਗ ਸਟੇਸ਼ਨ |
| 01662 | ਬਨਾਰਸ | 14:45 | ਰਾਣੀ ਕਮਲਾਪਤਿ (ਭੋਪਾਲ) | 11:30 | ਚੁਨਾਰ ਜੰ. ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ, ਜੰ. ਮਝਗਵਾ, ਜੈਤਵਾਰ, ਸਤਨਾ, ਮੈਹਰ, ਝੁਕੇਹੀ, ਕਟਨੀ, ਸਿਹੋਰਾ ਰੋਡ, ਦੇਵਰੀ ਜਬਲਪੁਰ, ਮੰਦਨ ਮਹਲ, ਸ਼ੀਧਾਮ, ਨਰਸਿੰਘਪੁਰ, ਕਰੇਲੀ, ਗਾਡਰਵਾਰਾ ਪਿਪਰਿਯਾ, ਸੋਹਾਗਪੁਰ, ਇਟਾਰਸੀ ਜੰ., ਨਰਮਦਾਪੁਰਮ, ਬੁਦਨੀ, ਓਬੇਦੁਲਲਾ ਗੰਜ ਅਤੇ ਮਨਡੀਦੀਪ ਸਟੇਸ਼ਨ |
| 09801 | ਸੋਗਰਿਯਾ | 08:15 | ਬਨਾਰਸ | 10:15 | ਅਨਤਾ, ਬਾਰਾ ਅਟਰੂ, ਛਬੜਾ, ਗੁਗੋਰ, ਰੂਠਿਯਾਈ, ਗੁਨਾ, ਅਸ਼ੋਕ ਨਗਰ, ਮੁੰਗਾਵਲੀ, ਬੀਨਾ, ਮਾਲਖੇੜੀ, ਖੁਰਈ, ਨਰਯਾਵਲੀ, ਸਾਗਰ, ਗਿਰਵਰ, ਗਨੇਸ਼ਗੰਜ, ਪਥਰਿਯਾ, ਦਮੋਹ, ਬਾਂਦਕਪੁਰ, ਰੀਠੀ, ਕਟਨੀ ਝੁਕੇਹੀ, ਮੈਹਰ, ਸਤਨਾ, ਜੈਤਵਾਰ, ਮਝਗਵਾਂ, ਮਾਨਿਕਪੁਰ ਜੰ., ਪ੍ਰਯਾਗਰਾਜ ਛਿਵਕੀ ਮਿਰਜਾਪੁਰ ਅਤੇ ਚੁਨਾਰ ਸਟੇਸ਼ਨ |
| 01456 | ਮਊ ਜੰ. | 23:50 | ਪੁਣੇ ਜੰ. | 15:45 | ਆਮਜਗੜ੍ਹ, ਸ਼ਾਹਗੰਜ, ਜੰ., ਵਾਰਾਨਸੀ ਜੰ., ਚੁਨਾਰ ਜੰ., ਮਿਰਜਾਪੁਰ ਜੰ., ਸਤਨਾ ਮੈਹਰ, ਕਟਨੀ, ਜਬਲਪੁਰ, ਨਰਸਿੰਘਪੁਰ, ਪਿਪਰਿਯਾ, ਇਟਾਰਸੀ ਜੰ., ਬਾਨਾਪੁਰਾ, ਹਰਦਾ, ਖਿਰਕਿਯਾ, ਛਨੇਰਾ, ਤਲਵੜ੍ਹਿਯਾ, ਖੰਡਵਾ, ਭੁਸਾਵਲ ਜੰ., ਜਲਗਾਂਵ ਜੰ., ਮਨਮਾਡ ਜੰ., ਬੇਲਾਪੁਰ, ਅਹਿਮਦਨਗਰ ਅਤੇ ਦੌਂਡ ਕਾਰਡ ਲਾਈਨ ਸਟੇਸ਼ਨ |
| 03410 | ਪ੍ਰਯਾਗਰਾਜ ਰਾਮਬਾਗ | 19:15 | ਮਾਲਦਾ ਟਾਊਨ | 14:30 | ਬਨਾਰਸ, ਵਾਰਾਨਸੀ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਦਾਨਾਪੁਰ, ਪਟਨਾ ਜੰ., ਰਾਜੇਂਦਰਨਗਰ (ਟ), ਬਖਿਤਯਾਰਪੁਰ ਜੰ., ਬਾੜ, ਮੋਕਾਮਾ ਜੰ., ਕਿਊਲ ਜੰ., ਅਭੈਪੁਰ, ਜਮਾਲਪੁਰ ਜੰ., ਸੁਲਤਾਨਗੰਜ, ਭਾਗਲਪੁਰ, ਕਹਲਗਾਂਵ, ਸਾਹਿਬਗੰਜ ਜੰ., ਬਹਰਵਾ ਜੰ., ਅਤੇ ਨਿਊ ਫਰਕਾ ਜੰ. ਸਟੇਸ਼ਨ |
| 07084 | ਆਜਮਗੜ੍ਹ | 19:45 | ਮਚਿਲੀਪਟਨਮ | 09:00 | ਸ਼ਾਹਗੰਜ ਜੰ., ਵਾਰਾਨਸੀ ਜੰ., ਮਿਰਜਾਪੁਰ ਪ੍ਰਯਾਗਰਾਜ ਛਿਵਕੀ, ਮਾਲਿਕਪੁਰ ਜੰ., ਸਤਨਾ ਮੈਹਰ, ਕਟਨੀ, ਜਬਲਪੁਰ, ਨਰਸਿੰਘਪੁਰ, ਪਿਪਰਿਯਾ, ਇਟਾਰਸੀ, ਜੰ., ਬੈਤੂਲ, ਨਾਗਪੁਰ ਜੰ., ਚੰਦਰਪੁਰ, ਬਲਹਾਰਸ਼ਾਹ, ਸਿਰਪੁਰ ਕਾਗਜਨਗਰ, ਮਚਿਯ੍ਰਾਲ, ਰਾਮਗੁੰਡਮ, ਵਰਗਲ, ਖੱਮਮ ਅਤੇ ਵਿਜਯਵਾੜਾ ਜੰ. ਸਟੇਸ਼ਨ |
| 08587 | ਗੋਰਖਪੁਰ ਜੰ. | 17:45 | ਵਿਸ਼ਾਖਾਪਟਨਮ | 15:55 | ਦੇਵਰਿਯਾ ਸਦਰ, ਮਊ ਜੰ., ਜੌਨਪੁਰ ਜੰ., ਵਾਰਾਨਸੀ ਜੰ., ਚੁਨਾਰ, ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ, ਜੰ., ਸਤਨਾ, ਮੈਹਰ, ਕਟਨੀ, ਉਮਰਿਯਾ, ਸ਼ਹਡੋਲ, ਅਨੂਪਪੁਰ ਜੰ., ਪੇਨਡ੍ਰਾ ਰੋਡ, ਬਿਲਾਸਪੁਰ ਜੰ., ਚਾਪਾ, ਰਾਯਗੜ੍ਹ, ਝਾਰਸੁਗੁੜਾ ਰੋਡ, ਸਮਬਲਪੁਰ ਸਿਟੀ, ਰੇੜਾਖੋਲ, ਬੋਇੰਡਾ, ਅਨੁਗੂਲ ਢੇਂਕਾਨਾਲ, ਨਰਾਜ ਮਿਰਥਾਪੁਰ, ਭੁਵਨੇਸ਼ਵਰ, ਖੋਰਧਾ ਰੋਡ ਜੰ., ਬਾਲੂਗਾਂਵ, ਛਤਰਪੁਰ, ਬ੍ਰਹਮਪੁਰ, ਪਲਾਸਾ, ਸ਼੍ਰੀਕਾਕੁਲਮ ਰੋਡ ਅਤੇ ਵਿਜਯਨਗਰਮ ਜੰ. ਸਟੇਸ਼ਨ |
| 05004 | ਗੋਰਖਪੁਰ ਜੰ. | 21:30 | ਝੂੰਸੀ ਜੰ. | 06:00 | ਚੌਰੀ ਚੌਰਾ, ਗੌਰੀ ਬਜਾਰ, ਦੇਵਰਿਯਾ ਸਦਰ, ਭਟਨੀ, ਸਲੇਮਪੁਰ, ਬੇਲਾਧਰਾ ਰੋਡ ਮਊ, ਔਂੜਿਹਾਰ, ਵਾਰਾਨਸੀ ਸਿਟੀ, ਵਾਰਾਨਸੀ ਬਨਾਰਸ ਮਾਧੋਸਿੰਘ, ਗਿਆਨਪੁਰ ਰੋਡ ਹੰਡਿਯਾ ਖਾਸ ਸਟੇਸ਼ਨ |
| 05003 | ਝੂੰਸੀ ਜੰ. | 07:45 | ਗੋਰਖਪੁਰ ਜੰ. | 16:25 | ਹੰਡਿਯਾ ਖਾਸ, ਗਿਆਨਪੁਰ ਰੋਡ, ਮਾਧੋਸਿੰਘ, ਬਨਾਰਸ, ਵਾਰਾਨਸੀ ਜੰ., ਵਾਰਾਨਸੀ ਸਿਟੀ, ਔਂੜਿਹਾਰ, ਜੰ., ਮਊ ਜੰ., ਬੇਲਥਰਾ ਰੋਡ, ਸਲੇਮਪੁਰ ਜੰ., ਭਟਨੀ ਜੰ., ਦੇਵਰਿਯਾ ਸਦਰ, ਗੌਰੀ ਬਜਾਰ ਅਤੇ ਚੌਰੀ ਚੌਰਾ ਸਟੇਸ਼ਨ। |

**ਰੇਲ ਯਾਤਰਾ ਦੇ ਦੌਰਾਨ ਜਲਣਸ਼ੀਲ ਵਸਤੂਆਂ, ਜਿਵੇਂ ਪਟਾਕੇ, ਪੈਟਰੋਲ, ਮਿੱਟੀ ਦਾ ਤੇਲ, ਗੈਸ ਸਿਲੰਡਰ ਆਦਿ ਲੈ ਕੇ ਕਦੇ ਯਾਤਰਾ ਨਾ ਕਰੋ।**

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਸੂਚਨਾ ਅਤੇ ਵਿਸਤ੍ਰਿਤ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਉਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖੋ।

**ਉੱਤਰ ਰੇਲਵੇ**

ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਜਨਮ ਦਿਨ ਮੁਬਾਰਕ



ਗੁਰਨਾਜ ਕੌਰ
ਪਿੰਡ ਲਹਿਰਾ, ਧੂਰਕੋਟ

## ਵਰ੍ਹੇਗੰਢ ਮੁਬਾਰਕ



ਕੁਲਦੀਪ ਸਿੰਘ ਤੇ ਅਮਰਜੀਤ ਕੌਰ ਵਾਸੀ ਅੰਮ੍ਰਿਤਸਰ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।



ਜਸਵਿੰਦਰ ਸਿੰਘ ਆਜ਼ਾਦ ਤੇ ਗੁਰਪ੍ਰੀਤ ਕੌਰ ਵਾਸੀ ਸੰਤੋਖਪੁਰਾ ਜਲੰਧਰ ਨੇ ਆਪਣੇ ਵਿਆਹ ਦੀ 31ਵੀਂ ਵਰ੍ਹੇਗੰਢ ਮਨਾਈ।

# ਜਮਹੂਰੀ ਕਿਸਾਨ ਸਭਾ ਨੇ ਬਜਟ ਦੀ ਅਰਥੀ ਸਾੜ ਕੇ ਕੀਤਾ ਰੋਸ ਪ੍ਰਦਰਸ਼ਨ



**ਫਿਲੌਰ, (ਨਿਰਮਲ)**
ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੱਦੇ 'ਤੇ ਅੱਜ ਫਿਲੌਰ ਵਿੱਚ ਲੋਕ ਮਾਰੂ ਤੇ ਕਿਸਾਨ ਮਜ਼ਦੂਰ ਮਾਰੂ ਦੀਆਂ ਅਰਥੀਆਂ ਸਾੜ ਕੇ ਪ੍ਰਦਰਸ਼ਨ ਕੀਤਾ ਗਿਆ। ਰੋਸ ਪ੍ਰਦਰਸ਼ਨ ਦੀ ਅਗਵਾਈ ਕੁਲਜੀਤ ਸਿੰਘ ਫਿਲੌਰ ਤੇ ਮਾਸਟਰ ਹੰਸ ਰਾਜ ਨੇ ਕੀਤੀ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਕੁਲਦੀਪ ਸਿੰਘ ਫਿਲੌਰ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਜਰਨੈਲ ਫਿਲੌਰ ਨੇ ਕਿਹਾ ਕਿ 2025-26 ਦਾ ਪੇਸ਼ ਕੀਤਾ ਬਜਟ ਸਾਰੇ ਦੇਸ਼ ਵਾਸੀਆਂ ਖਾਸ ਕਰਕੇ ਕਿਰਤੀ ਕਿਸਾਨਾਂ ਅਤੇ ਹੋਰ ਮਿਹਨਤੀ ਤਬਕਿਆਂ ਲਈ ਘੋਰ ਨਿਰਾਸ਼ਾਜਨਕ ਅਤੇ ਸ਼ਬਦਾਂ ਦੀ ਜਾਦੂਗਰੀ ਵਾਲਾ ਬਜਟ ਹੈ।ਆਗੂਆਂ ਨੇ ਕਿਹਾ ਕਿ ਬਜਟ ਵਿੱਚ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਲਈ ਬਹੁਤ ਸਾਰੇ ਤਰੀਕੇ ਵਰਤੇ ਗਏ ਹਨ ਤੇ ਉਲਟਾ ਗਰੀਬ ਮਿਹਨਤਕਸ਼ ਮਜ਼ਦੂਰਾਂ ਤੇ ਕਿਸਾਨਾਂ ਵਾਸਤੇ ਬਜਟ ਵਿੱਚ ਕੋਈ ਤਜਵੀਜ਼ ਨਹੀਂ ਰੱਖੀ, ਉਲਟਾ ਮਨਰੇਗਾ ਮਜ਼ਦੂਰਾਂ ਤੇ ਕਿਰਤੀ ਲੋਕਾਂ ਦੇ ਰੁਜ਼ਗਾਰ ਦੀ ਰਾਸ਼ੀ ਪਹਿਲਾਂ ਨਾਲੋਂ ਵੀ ਘਟਾ ਦਿੱਤੀ ਗਈ ਹੈ। ਭਾਰਤ ਵਿੱਚ ਖੇਤੀਬਾੜੀ ਦੀਆਂ ਫ਼ਸਲਾਂ ਤੇ ਐਮ ਐਸ ਪੀ ਦੇਣ ਤੋਂ ਵੀ ਟਾਲਾ ਵੱਟਿਆ ਗਿਆ ਹੈ। ਏਸੇ ਤਰ੍ਹਾਂ ਸਿਹਤ, ਸਿੱਖਿਆ ਤੇ ਰੁਜ਼ਗਾਰ ਲਈ ਪਹਿਲਾਂ ਵਾਂਗ ਨਾਕਾਫੀ ਰੱਖਿਆ ਗਿਆ ਹੈ। ਇਸ ਮੌਕੇ ਡਾਕਟਰ ਸੰਦੀਪ ਫਿਲੌਰ, ਗਗਨਜੀਤ ਗੱਗਾ, ਜਸਪਾਲ ਬੰਗੜ, ਬਲਜੀਤ ਸਿੰਘ ਪਿਤੂ, ਗੁਰਬਚਨ ਰਾਮ, ਅਰਸ਼ਪ੍ਰੀਤ ਆਸ਼ੂ, ਨਿਰਮਲ ਸਿੰਘ, ਸੁਰਜੀਤ ਸਿੰਘ, ਮੱਖਣ ਸੰਤੋਖਪੁਰਾ, ਸੋਮ ਨਾਥ ਸੰਤੋਖਪੁਰਾ ਆਦਿ ਹਾਜ਼ਰ ਸਨ।

# ਨਸ਼ੀਲੀਆਂ ਗੋਲੀਆਂ ਤੇ ਹਥਿਆਰ ਸਮੇਤ ਲੁਟੇਰਾ ਗਰੋਹ ਦੇ 4 ਮੈਂਬਰ ਕਾਬੂ

**ਫਿਲੌਰ (ਨਿਰਮਲ)**
ਸਰਵਣ ਸਿੰਘ ਬੱਲ, ਪੀ ਪੀ ਐਸ, ਉਪ ਪੁਲਿਸ ਕਪਤਾਨ ਸਬ ਡਵੀਜ਼ਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫ਼ਸਰ ਥਾਣਾ ਫਿਲੌਰ ਦੀ ਟੀਮ ਦੇ ਸਬ ਇੰਸਪੈਕਟਰ ਸਾਹਿਬਜੀਤ ਸਿੰਘ ਇੰਚਾਰਜ ਚੌਕੀ ਅੱਪਰਾ ਵੱਲੋਂ ਦੌਰਾਨ ਬੇਖਬਾਦ ਭੱਠਾ ਸਮਰਾਲੀ ਰੋਡ ਅੱਪਰਾ ਤੋਂ 4 ਵਿਅਕਤੀਆਂ ਲਖਵਿੰਦਰ ਉਰਫ ਲੱਖਾ ਪੁੱਤਰ ਬਲਵਿੰਦਰ ਰਾਮ ਵਾਸੀ ਨਗਰ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ, ਪਵਨ ਕੁਮਾਰ ਉਰਫ ਪਵਨ ਪੁੱਤਰ ਮੁਲਖ ਰਾਜ ਵਾਸੀ ਮੁਹੱਲਾ ਸੰਤੋਖਪੁਰਾ ਫਿਲੌਰ, ਥਾਣਾ ਫਿਲੌਰ ਜ਼ਿਲ੍ਹਾ ਜਲੰਧਰ, ਜੁਗੇਸ਼ ਉਰਫ ਜੋਟੀ ਪੁੱਤਰ ਤਿਲਕ ਰਾਜ ਵਾਸੀ ਮੁਹੱਲਾ ਸੰਤੋਖਪੁਰਾ ਫਿਲੌਰ, ਥਾਣਾ ਫਿਲੌਰ ਜ਼ਿਲ੍ਹਾ ਜਲੰਧਰ, ਸ਼ਰਾਫਤ ਅਲੀ ਪੁੱਤਰ ਰਹਿਮਤ ਅਲੀ ਵਾਸੀ ਜਗਤਪੁਰਾ ਪੰਜਢੇਰਾ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਨੂੰ ਕਾਬੂ ਕਰਕੇ ਉਹਨਾ ਪਾਸੋਂ 148 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਕੇ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਦੋਸ਼ੀਆਂ ਨੇ ਮਿਤੀ 01.02.2025 ਨੂੰ ਪਿੰਡ ਸੈਂਡਬਾਰ ਨਜ਼ਦੀਕ ਇੱਕ ਪਰਵਾਸੀ ਮਜ਼ਦੂਰ ਨੂੰ ਘੇਰ ਕੇ ਦਾਤਰ ਦਿਖਾ ਕੇ ਸੱਟ ਦਾ ਡਰਾਵਾ ਦੇ ਕੇ ਉਸ ਪਾਸੋਂ ਇੱਕ ਮੋਬਾਇਲ ਫੋਨ ਅਤੇ 5000/- ਰੁਪਏ ਦੀ ਖੋਹ ਕੀਤੀ ਸੀ। ਇਸ ਸਬੰਧੀ ਮੁਕੱਦਮਾ ਥਾਣਾ ਫਿਲੌਰ ਦਰਜ ਰਜਿਸਟਰ ਕੀਤਾ ਗਿਆ ਸੀ। ਇਸ ਮਾਮਲੇ 'ਚ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ੀ ਨਸ਼ਾ ਕਰਨ ਦੇ ਆਦੀ ਹਨ ਅਤੇ ਨਸ਼ੇ ਦੀ ਪੂਰਤੀ ਲਈ ਲੁੱਟ ਖੋਹ, ਚੋਰੀ ਦੀਆਂ ਵਾਰਦਾਤਾਂ ਕਰਦੇ ਹਨ। ਇਹਨਾਂ ਦੇ ਖਿਲਾਫ ਪਹਿਲਾਂ ਵੀ ਲੁੱਟ ਖੋਹ ਦੀਆਂ ਵਾਰਦਾਤਾਂ ਕਰਨ ਦੇ ਕੇਸ ਦਰਜ ਹਨ। ਕਥਿਤ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕਰਕੇ ਅਤੇ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।



# ਕਰਾਟੇ ਖਿਡਾਰੀ ਪ੍ਰਭਵੀਰ ਕੈਂਥ ਤੇ ਮਨਕੀਰਤ ਕੈਂਥ ਨੂੰ ਕੀਤਾ ਸਨਮਾਨਤ



**ਬੰਗਾ (ਅਵਤਾਰ ਕਲੇਰ)**- ਇੰਟਰਨੈਸ਼ਨਲ ਕਰਾਟੇ ਖਿਡਾਰੀ ਪ੍ਰਭਵੀਰ ਕੈਂਥ ਉਮਰ 14 ਸਾਲ, ਮਨਕੀਰਤ ਕੈਂਥ ਉਮਰ 8 ਸਾਲ ਕਰਾਟੇ ਦੇ ਖੇਤਰ ਵਿੱਚ ਆਪਣਾ ਨਾਮ ਚਮਕਾ ਰਹੇ ਹਨ ਅਤੇ ਵੱਖ-ਵੱਖ ਰਿਕਾਰਡ ਕਾਇਮ ਕਰ ਚੁੱਕੇ ਹਨ। ਇਨ੍ਹਾਂ ਖਿਡਾਰੀਆਂ ਨੂੰ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਸਨਮਾਨਿਤ ਕੀਤਾ।ਉਨ੍ਹਾਂ ਨੇ ਕਿਹਾ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਨੂੰ ਇਹਨਾਂ ਬੱਚਿਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਖੇਡਾਂ ਨਾਲ ਜੁੜਨਾ ਚਾਹੀਦਾ ਤਾਂ ਜੋ ਨਸ਼ਿਆਂ ਤੋਂ ਬਚ ਸਕਣ ਅਤੇ ਖੁਸ਼ਹਾਲ ਤੇ ਤੰਦਰੁਸਤ ਜੀਵਨ ਜੀਅ ਸਕਣ। ਉਹਨਾਂ ਨੇ ਕਿਹਾ ਕਿ ਲੜਕੀਆਂ ਨੂੰ ਕਰਾਟੇ ਜ਼ਰੂਰ ਸਿੱਖਣੇ ਚਾਹੀਦੇ ਹਨ ਤਾਂ ਜੋ ਆਪਣੀ ਆਤਮ ਰੱਖਿਆ ਕਰ ਸਕਣ।ਉਨ੍ਹਾਂ ਨੇ ਇਹਨਾਂ ਖਿਡਾਰੀਆਂ ਦੇ ਪਿਤਾ ਅਤੇ ਕੋਚ ਰਾਜਵੀਰ ਕੈਂਥ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹਨਾਂ ਖਿਡਾਰੀਆਂ ਦੀ ਸਫਲਤਾ ਵਿੱਚ ਇਹਨਾਂ ਦਾ ਬਹੁਤ ਵੱਡਾ ਯੋਗਦਾਨ ਹੈ।ਇਸ ਮੌਕੇ (ਏਡੀਸੀ) ਰਾਜੀਵ ਵਰਮਾ ਹਾਜ਼ਰ ਸਨ। ਉਹਨਾਂ ਨੇ ਵੀ ਇਹਨਾਂ ਬੱਚਿਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਅਤੇ ਅਸ਼ੀਰਵਾਦ ਦਿੱਤਾ। ਇਸ ਮੌਕੇ ਕਰਾਟੇ ਕੋਚ ਰਾਜਵੀਰ ਸਿੰਘ ਕੈਂਥ ਅਤੇ ਕੁਲਦੀਪ ਸਿੰਘ ਰਾਣਾ ਹਾਜ਼ਰ ਸਨ।

# ਮੇਹਰ ਚੰਦ ਪੋਲੀਟੈਕਨਿਕ ਦੇ ਸੋਨ ਮੁਕਟ 'ਚ ਜੁੜਿਆ ਇੱਕ ਹੋਰ ਨਗੀਨਾ



**ਜਲੰਧਰ (ਸ਼ੈਲੀ ਐਲਬਰਟ)**
ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੀਆਂ ਉਪਲਬਧੀਆਂ ਨੂੰ ਅੱਜ ਉਸ ਵੇਲੇ ਚਾਰ ਚੰਦ ਲਗ ਗਏ ਜਦੋਂ ਨੈਸ਼ਨਲ ਬੋਰਡ ਆਫ ਐਕਰੀਡੀਟੇਸ਼ਨ (ਐਨ.ਬੀ.ਏ) ਨਵੀਂ ਦਿਲੀ ਵਲੋਂ ਇਸ ਦੇ ਇੱਕ ਹੋਰ ਪ੍ਰੋਗਰਾਮ ਡਿਪਲੋਮਾ ਫਾਰਮੇਸੀ ਨੂੰ ਮੈਂਬਰ ਸੈਕਟਰੀ ਨੇ ਆਉਂਦੇ ਤਿੰਨ ਸਾਲ ਲਈ ਮਾਨਤਾ ਦਿੱਤੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਇਹ ਮਾਨਤਾ 30 ਜੂਨ 2027 ਤੱਕ ਰਹੇਗੀ ਤੇ ਜੋ ਵੀ ਵਿਦਿਆਰਥੀ ਇਸ ਪ੍ਰੋਗਰਾਮ ਵਿੱਚ ਕਾਲਜ ਤੋਂ ਡਿਪਲੋਮਾ ਪ੍ਰਾਪਤ ਕਰਨਗੇ ਉਹਨਾਂ ਦੇ ਸਰਟੀਫਿਕੇਟ ਉਪਰ ਐਨ ਬੀ ਏ ਐਕਰੀਡੀਟੇਸ਼ਨ ਯਾਨੀ ਮਾਨਤਾ ਪ੍ਰਾਪਤ ਲਿਖਿਆ ਜਾਵੇਗਾ । ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾ ਇਲੈਕਟਰੀਕਲ ਪ੍ਰੋਗ੍ਰਾਮ ਨੂੰ ਵੀ ਐਨ ਬੀ ਏ ਵੱਲੋਂ ਮਾਨਤਾ ਮਿਲੀ ਹੋਈ ਹੈ ਤੇ ਇਹ ਉਪਲੱਬਧੀ ਹਾਸਿਲ ਕਰਨ ਵਾਲਾ ਪੰਜਾਬ ਦਾ ਪਹਿਲਾ ਬਹੁਤਕਨੀਕੀ ਕਾਲਜ ਬਣ ਗਿਆ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਫਾਰਮੇਸੀ ਵਿਭਾਗ ਦੇ ਮੁਖੀ ਡਾ . ਸੰਜੇ ਬਾਂਸਲ ਤੇ ਉਹਨਾਂ ਦੇ ਸਟਾਫ ਤੇ ਐਨ ਬੀ ਏ ਕੋਆਡੀਨੇਟਰ ਡਾ.ਰਾਜੀਵ ਭਾਟੀਆ ਨੂੰ ਵਧਾਈ ਦਿੱਤੀ ਤੇ ਉਹਨਾਂ ਦੇ ਕੰਮ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਉਹਨਾਂ ਦੋ ਪ੍ਰੋਗਰਾਮਾਂ ਵਿੱਚ ਐਨ ਬੀ ਏ ਦੀ ਮਾਨਤਾ ਲਈ ਅਪਲਾਈ ਕੀਤਾ ਤੇ ਦੋਨੋਂ ਹੀ ਪ੍ਰੋਗਰਾਮ ਵਿਚ ਐਨ ਬੀ ਏ ਐਕਰੀਡੀਟੇਸ਼ਨ ਹੋਣ ਨਾਲ 100 ਫੀਸਦੀ ਰਿਜ਼ਲਟ ਮਿਲਿਆ ਹੈ, ਜੋ ਕਿ ਬਹੁਤ ਵੱਡੀ ਉਪਲੱਬਧੀ ਹੈ[ ਉਹਨਾਂ ਕਿਹਾ ਕਿ ਪਲੈਟੀਨਮ ਜੁਬਲੀ ਦੇ ਮੌਕੇ 'ਤੇ ਇਸ ਪ੍ਰਾਪਤੀ ਨਾਲ ਮੇਹਰਚੰਦ ਪੋਲੀਟੈਕਨਿਕ ਦੀਆਂ 70 ਸਾਲਾਂ ਦੀਆਂ ਪ੍ਰਾਪਤੀਆਂ ਦੇ ਸੋਨ ਮੁਕਟ ਵਿਚ ਇਕ ਹੋਰ ਨਗੀਨਾ ਜੁੜ ਗਿਆ ਹੈ।ਉਹਨਾਂ ਇਸ ਪ੍ਰਾਪਤੀ ਲਈ ਡੀ ਏ ਵੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡਾ. ਪੂਨਮ ਸੂਰੀ, ਉਪ ਪ੍ਰਧਾਨ ਜਸਟਿਸ ਐਨ ਕੇ ਸੂਦ, ਉਪ ਪ੍ਰਧਾਨ, ਡਾ. ਆਰ ਕੇ ਆਰੀਆ, ਸੈਕਟਰੀ , ਅਰਵਿੰਦ ਘਈ, ਸੈਕਟਰੀ ਸ਼੍ਰੀ ਅਜੇ ਗੋਸਵਾਮੀ ਅਤੇ ਡਾਇਰੈਕਟਰ ਉਚ ਸਿੱਖਿਆ ਸ਼੍ਰੀ ਸ਼ਿਵਰਮਨ ਗੌਰ (ਰਿਟਾਇਰਡ ਆਈ ਏ ਐਸ) ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਨਾ ਸਿਰਫ ਯੋਗ ਅਗਵਾਈ ਕੀਤੀ ਸਗੋਂ ਹਰ ਪਲ ਉਤਸਾਹਿਤ ਵੀ ਕੀਤਾ ਤੇ ਪੂਰਨ ਸਹਿਯੋਗ ਦਿੱਤਾ ।ਐਨ ਬੀ ਏ ਮਾਨਤਾ ਮਿਲਣ 'ਤੇ ਸਾਰੇ ਕਾਲਜ ਦੇ ਸਟਾਫ ਵਿਚ ਉਤਸਾਹ ਦਾ ਮਾਹੌਲ ਹੈ। ਕਾਲਜ ਵਿੱਚ ਸਟਾਫ਼ ਅਤੇ ਵਿਦਿਆਰਥੀਆਂ ਨੂੰ ਲੱਡੂ ਵੰਡੇ ਗਏ।ਇਸ ਮੌਕੇ ਡਾ.ਰਾਜੀਵ ਭਾਟੀਆ, ਕਸ਼ਮੀਰ ਕੁਮਾਰ ਮੈਡਮ ਮੰਜੂ ਮਨਚੰਦਾ, ਮੈਡਮ ਰਿਚਾ, ਪ੍ਰਿੰਸ ਮਦਾਨ, ਤਰਲੋਕ ਸਿੰਘ, ਸੁਧਾਂਸ਼ੂ ਨਾਗਪਾਲ , ਮੈਡਮ ਮੀਨਾ ਬਾਂਸਲ, ਸੰਦੀਪ ਕੁਮਾਰ, ਪੰਕਜ ਗੁਪਤਾ, ਮੈਡਮ ਸਵਿਤਾ ਤੇ ਅਭਿਸ਼ੇਕ ਹਾਜ਼ਰ ਸਨ।

# ਮੁਖਤਾਰ ਸਿੰਘ ਚੰਦੀ ਦੀ ਧਰਮ ਪਤਨੀ ਦਾ ਨਮ ਅੱਖਾਂ ਨਾਲ ਅੰਤਮ ਸੰਸਕਾਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**
ਸਾਹਿਤ ਸਭਾ ਸੁਲਤਾਨਪੁਰ ਲੋਧੀ ਦੇ ਜਨਰਲ ਸਕੱਤਰ ਉਘੇ ਸ਼ਾਇਰ ਮੁਖਤਾਰ ਸਿੰਘ ਚੰਦੀ (ਸਾਬਕਾ ਡਿਪਟੀ ਚੀਫ ਅਕਾਉਂਟਸ ਅਫਸਰ ਬਿਜਲੀ ਬੋਰਡ) ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ (57) ਜੋ ਬੀਤੇ ਦਿਨੀਂ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ, ਜਿਹਨਾਂ ਦਾ ਅੰਤਿਮ ਸੰਸਕਾਰ ਬੁੱਧਵਾਰ ਉਨ੍ਹਾਂ ਦੇ ਜੱਦੀ ਪਿੰਡ ਚਾਨਣਵਿੰਡੀ ਵਿਖੇ ਕੀਤਾ ਗਿਆ। ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ, ਸਾਹਿਤ ਸਭਾਵਾਂ ਅਤੇ ਰਾਜਨੀਤਕ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੁਖਤਾਰ ਸਿੰਘ ਚੰਦੀ ਤੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ। ਉਹਨਾਂ ਦੀ ਅੰਤਿਮ ਯਾਤਰਾ ਮੌਕੇ ਇੰਜੀਨੀਅਰ ਸਵਰਨ ਸਿੰਘ, ਐਕਸ ਐਕਸੀਅਨ ਭਗਵਾਨ ਸਿੰਘ ਮਾਠਾੜੂ, ਸਯੁੰਕਤ ਕਿਸਾਨ ਮੋਰਚੇ ਦੇ ਕਨਵੀਨਰ ਐਡਵੋਕੇਟ ਰਾਜਿੰਦਰ ਸਿੰਘ ਰਾਣਾ, ਸਾਹਿਤ ਸਭਾ ਦੇ ਪ੍ਰਧਾਨ ਡਾਕਟਰ ਸਵਰਨ ਸਿੰਘ, ਸਵਰਨ ਸਿੰਘ ਖਾਲਸਾ ਦਸ਼ਮੇਸ਼ ਅਕੈਡਮੀ, ਪਰਮਜੀਤ ਸਿੰਘ ਮਾਨਸਾ, ਕਰਨੈਲ ਸਿੰਘ ਜੋਧਪੁਰੀ, ਮੇਜਰ ਸਿੰਘ ਖਾਲਸਾ, ਪਿਆਰਾ ਸਿੰਘ ਚੰਦੀ ਚੰਨਣਵਿੰਡੀ, ਬਲਵਿੰਦਰ ਸਿੰਘ ਰਾਮਪੁਰ ਜਗੀਰ, ਐਕਸ ਐਸ ਡੀ ਓ ਪ੍ਰਤਾਪ ਸਿੰਘ ਮੋਮੀ, ਦਿਆਲ ਸਿੰਘ ਦੀਪੇ ਵਾਲ, ਮੁਖਤਿਆਰ ਸਿੰਘ ਵਾਟਾਂ ਵਾਲੀ, ਨਰਿੰਦਰ ਸਿੰਘ ਢਿੱਲੋਂ, ਮਾ ਕੁਲਵਿੰਦਰ ਸਿੰਘ, ਗੁਰਨਾਮ ਸਿੰਘ ਬਾਜਵਾ, ਮੁਹੰਮਦ ਯੂਨਸ ਅੰਸਾਰੀ ਸਰਕਲ ਪ੍ਰਧਾਨ, ਰੇਸਮ ਲਾਲ, ਜਸਬੀਰ ਸਿੰਘ ਕੈਸ਼ੀਅਰ, ਅਮਰਜੀਤ ਸਿੰਘ, ਗੁਰਦੀਪ ਸਿੰਘ ਐਸ ਡੀ ਓ, ਨਰਿੰਦਰ ਸਿੰਘ ਜੀਰਾ, ਜੱਗਾ ਸਿੰਘ ਸੇਖ ਮਾਗਾ, ਕੁਲਵਿੰਦਰ ਕੌਰ ਕੰਵਲ, ਪ੍ਰਿੰਸੀਪਲ ਇੰਦਰਜੀਤ ਕੌਰ, ਸੁਖਵਿੰਦਰ ਸਿੰਘ ਲਾਡੀ ਥਿੰਦ, ਹਰਬੰਸ ਸਿੰਘ ਸੰਗਰ,ਮਾਸਟਰ ਸੁੱਚਾ ਸਿੰਘ ਮਿਰਜਾਪੁਰ, ਮੁਕੰਦ ਸਿੰਘ ਭੁਲਾਣਾ, ਗਾਇਕ ਬਲਬੀਰ ਸੇਰਪੁਰੀ, ਪਰਸਨ ਲਾਲ ਭੋਲਾ, ਮਾ ਨਵਜੀਤ ਸਿੰਘ ਜੌਲੀ, ਸਵਰਨ ਸਿੰਘ, ਸਲਵਿੰਦਰ ਸਿੰਘ ਸੈਕਟਰੀ, ਗੁਰਮੇਲ ਸਿੰਘ ਮੈਨੇਜਰ, ਗੁਰਮੀਤ ਸਿੰਘ ਮੈਨੇਜਰ,ਮਾ ਬਲਜਿੰਦਰ ਸਿੰਘ ਡੌਲਾ, ਡਾ. ਰਾਣਾ ਸੁਲਤਾਨਪੁਰ ਲੋਧੀ, ਬਲਵਿੰਦਰ ਸਿੰਘ ਪਾਵਰਕਾਮ, ਐਸਡੀਓ ਜਸਵਿੰਦਰ ਸਿੰਘ, ਜੁਗਿੰਦਰ ਸਿੰਘ ਸਰਪੰਚ ਸਾਹ ਵਾਲਾ, ਗੁਰਪ੍ਰੀਤ ਸਿੰਘ ਜੇਈ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ ਆੜਤੀ, ਰੇਸਮ ਸਿੰਘ ਗਿੱਦੜਪਿੰਡੀ, ਰਣਜੀਤ ਸਿੰਘ ਕਪੂਰਥਲਾ, ਅਮਰਬੀਰ ਸਿੰਘ ਲੋਹੀਆਂ, ਬਲਜੀਤ ਸਿੰਘ ਜੇਈ, ਜਗਤਾਰ ਸਿੰਘ ਗੱਟੀ, ਜਸਵਿੰਦਰ ਸਿੰਘ ਭਰੋਆਣਾ, ਬਲਵਿੰਦਰ ਸਿੰਘ ਧਾਲੀਵਾਲ, ਸਾਬਕਾ ਪ੍ਰਧਾਨ ਲਖਵੀਰ ਸਿੰਘ ਲੱਖੀ, ਕੁਲਦੀਪ ਸਿੰਘ ਰਾਣੀਪੁਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ, ਰਿਸਤੇਦਾਰ ਸਾਕ ਸਬੰਧੀ ਹਾਜ਼ਰ ਸਨ।



# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ ਭਲਕੇ

**ਮੋਹਾਲੀ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ 07 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਹੋਵੇਗਾ, ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ , ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ।ਇਸ ਦਿਨ ਅੰਮ੍ਰਿਤ ਸੰਚਾਰ ਸਵੇਰੇ 10 ਵਜੇ ਕੀਤਾ ਜਾਵੇਗਾ।

# 7ਵਾਂ ਹੋਲਾ ਮਹੱਲਾ ਕਬੱਡੀ ਕੱਪ ਤੇ ਕੁਸ਼ਤੀ ਮੁਕਾਬਲੇ 21, 22 ਮਾਰਚ ਨੂੰ

**ਕਰਤਾਰਪੁਰ (ਹਰਜੀਤ ਵੱਡ)**- ਪਿੰਡ ਦਿਆਲਪੁਰ ਜ਼ਿਲ੍ਹਾ ਜਲੰਧਰ ਦੇ ਸਰਪੰਚ ਹਰਜਿੰਦਰ ਸਿੰਘ ਰਾਜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਦਿਆਲਪੁਰ ਜ਼ਿਲ੍ਹਾ ਜਲੰਧਰ ਅਤੇ ਕਪੂਰਥਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੋਲਾ ਮਹੱਲਾ ਸਪੋਰਟਸ ਕਲੱਬ ਦਿਆਲਪੁਰ ਵੱਲੋਂ ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ 7ਵਾਂ ਹੋਲਾ ਮਹੱਲਾ ਕਬੱਡੀ ਕੱਪ ਅਤੇ ਕੁਸ਼ਤੀ ਦੇ ਮੁਕਾਬਲੇ ਭਾਰਤ ਦੇ ਚੋਟੀ ਦੇ ਪਹਿਲਵਾਨਾਂ (ਜੱਸਾ ਪੱਟੀ ਰੁਸਤਮੇ ਹਿੰਦ ਅਤੇ ਸੰਜੇ ਦਿੱਲੀ ) ਦੇ ਵਿਚਕਾਰ 21 ਅਤੇ 22 ਮਾਰਚ ਨੂੰ ਪੰਚਾਇਤੀ ਗਰਾਊਂਡ ਨੇੜੇ ਜੀ ਟੀ ਰੋਡ ਦਿਆਲ ਪੁਰ ਵਿਖੇ ਕਰਵਾਏ ਜਾ ਰਹੇ ਹਨ।

# ਸਤਿਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਪੁਰਬ 13 ਨੂੰ ਮਨਾਇਆ ਜਾਵੇਗਾ : ਸਾਧੂ ਸੰਪਰਦਾਇ ਸੁਸਾਇਟੀ

**ਹੁਸ਼ਿਆਰਪੁਰ (ਓ ਪੀ ਰਾਣਾ, ਓਮ ਪ੍ਰਕਾਸ਼ ਰਾਣਾ)**
ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਵਿਸ਼ੇਸ਼ ਮੀਟਿੰਗ ਸੰਤ ਸਰਵਣ ਦਾਸ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਨਿਰਮਲ ਦਾਸ ਬਾਬੇ ਜੌੜੇ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਸ਼ੀਤਲ ਦਾਸ ਬੋਹਣ ਵਿਖੇ ਹੋਈ।ਇਸ ਮੌਕੇ ਸੁਸਾਇਟੀ ਦੇ ਚੱਲ ਰਹੇ ਪ੍ਰੋਜੈਕਟਾਂ ਦੇ ਕਾਰਜਾਂ ਸੰਬੰਧੀ ਵਿਚਾਰ ਵਟਾਂਦਰਾ ਹੋਇਆ। ਇਸ ਮੌਕੇ ਸੰਤ ਸਰਵਣ ਦਾਸ ਬੋਹਣ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ, ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਪੁਰਬ 13 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਸਦਨ ਨੇੜੇ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਪਿੰਡ ਮਹਿਦਪੁਰ ਭੰਗਲ ਵਿਖੇ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਜਿਸ ਵਿਚ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਗੀ, ਢਾਡੀ, ਕਵੀਸ਼ਰੀ ਜਥੇ ਅਤੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਬਾਣੀ ਰਾਹੀਂ ਨਿਹਾਲ ਕਰਨਗੇ।
ਇਸ ਮੌਕੇ ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵੱਲੋਂ ਸ੍ਰੀ ਚਰਨਛੋਹ ਗੰਗਾ ਗੁਰੂਘਰ ਦੀ ਪ੍ਰਧਾਨਗੀ ਤੋਂ ਹਟਾਏ ਗਏ ਸੁਰਿੰਦਰ ਛਿੰਦੇ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 13 ਫਰਵਰੀ ਨੂੰ ਪ੍ਰਕਾਸ਼ ਪੁਰਬ ਮਨਾਉਣ ਲਈ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਵੱਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਪਹੁੰਚ ਰਹੀਆਂ ਹਨ। ਇਸ ਮੌਕੇ ਉਨ੍ਹਾ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਖ੍ਰੀਦੀ ਗਈ 36 ਏਕੜ ਜ਼ਮੀਨ ਦੀ ਸਾਫ ਸਫਾਈ ਕਰਨ ਗਏ ਸੰਤਾਂ ਮਹਾਂਪੁਰਸ਼ਾਂ ਨੂੰ ਭੈੜੇ ਬੋਲ ਬੋਲਕੇ ਆਦਿ ਧਰਮ ਮਿਸ਼ਨ ਭਾਰਤ ਅਤੇ ਆਦਿ ਧਰਮ ਦੇ ਰਹਿਬਰਾਂ ਦਾ ਅਪਮਾਨ ਕੀਤਾ ਹੈ।ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਝੂਠੇ ਤੇ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ।ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਦੀ ਜਮੀਨ ਜੋ ਕੁੱਝ ਲੋਕ ਕਬਜਾ ਕਰਕੇ ਦੱਬੀ ਬੈਠੇ ਹਨ ਉਹ ਸਾਰੀ ਗੁਰੂ ਰਵਿਦਾਸ ਨਾਮਲੇਵਾ ਸੰਗਤ ਦੀ ਜ਼ਮੀਨ ਹੈ ਕਿਉਂਕਿ ਸੰਗਤਾਂ ਨੇ ਪੈਸਾ ਖਰਚ ਕਰਕੇ ਸਮਾਜ ਲਈ ਸਕੂਲ, ਕਾਲਜ, ਹਸਪਤਾਲ ਖੋਲ੍ਹਣ ਵਾਸਤੇ ਖਰੀਦ ਕੀਤੀ ਹੈ।ਉਨ੍ਹਾਂ ਕਿਹਾ ਬਾਰ ਬਾਰ ਨਿਸ਼ਾਨਦੇਹੀ ਕਰਨ ਤੋਂ ਬਾਅਦ ਵੀ ਸਾਡੀ ਪੰਜ ਏਕੜ ਜ਼ਮੀਨ ਕਬਜਾ ਕੀਤਾ ਹੋਇਆ ਹੈ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਟੈਂਟ ਲਗਾਉਣ ਅਤੇ ਤਿਆਰੀਆਂ ਤੋਂ ਰੋਕਿਆ ਗਿਆ ਜੋ ਕਿ ਬਹੁਤ ਮੰਦਭਾਗਾ ਹੈ।ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਅਸ਼ੀ ਮਾਨਯੋਗ ਅਦਾਲਤ ਦਾ ਪੂਰਾ ਸਤਿਕਾਰ ਕਰਦੇ ਹਾਂ ਅਤੇ ਜਲਦ ਹੀ 36 ਏਕੜ ਜ਼ਮੀਨ ਦੇ ਸਾਰੇ ਸਬੂਤ ਪੇਸ਼ ਕਰਾਂਗੇ।ਇਸ ਸਬੰਧੀ ਜਦੋਂ ਸੁਰਿੰਦਰ ਸ਼ਿੰਦੇ ਨਾਲ ਉਹਨਾ ਦਾ ਪੱਖ ਜਾਨਣ ਲਈ ਉਨ੍ਹਾਂ ਦੇ ਦੋਵਾਂ ਨੰਬਰਾਂ 'ਤੇ ਵਾਰ-ਵਾਰ ਫੋਨ ਕੀਤਾ ਤਾਂ ਉਹਨਾਂ ਨੇ ਫੋਨ ਚੱਕਣਾ ਮੁਨਾਸਿਬ ਨਹੀ ਸਮਝਿਆ । ਇਸ ਸੰਬੰਧੀ ਜਦੋਂ ਵੀ ਸੁਰਿੰਦਰ ਸ਼ਿੰਦਾ ਨਾਲ ਸੰਪਰਕ ਹੋਵੇਗਾ ਤਾਂ ਉਸਦਾ ਪੱਖ ਜਾਣ ਕੇ ਜਨਤਾ ਵਿੱਚ ਰੱਖ ਦਿੱਤਾ ਜਾਵੇਗਾ।
ਇਸ ਮੌਕੇ ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ.ਵਾਈਸ ਪ੍ਰਧਾਨ, ਸੰਤ ਬਲਵੰਤ ਸਿੰਘ ਡਿੰਗਰੀਆਂ ਵਾਈਸ ਪ੍ਰਧਾਨ, ਸੰਤ ਰਮੇਸ਼ ਦਾਸ ਕਲਰਾਂ ਸ਼ੇਰਪੁਰ, ਸੰਤ ਧਰਮਪਾਲ ਸ਼ੇਰਗੜ, ਸੰਤ ਬਲਕਾਰ ਸਿੰਘ ਤਗੜ ਵਡਾਲਾ , ਸੰਤ ਜਗੀਰ ਸਿੰਘ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਪ੍ਰੇਮ ਦਾਸ ਭਵਿਆਣਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਲਵਪ੍ਰੀਤ ਬੋਹਣ, ਗਿਆਨੀ ਰਵਿੰਦਰ ਸਿੰਘ, ਗਿਆਨੀ ਦਲਜੀਤ ਸਿੰਘ, ਰਾਮ ਭੱਜ ਕਰਾੜੀ ਵੀ ਹਾਜਰ ਸਨ।



# ਪਾਰਲੀਮੈਂਟ ਤੋਂ ਸਿੱਧਾ ਬੁੱਢੇ ਦਰਿਆ ਦੀ ਕਾਰ ਸੇਵਾ 'ਚ ਹਿਸਾ ਲੈਣ ਪਹੁੰਚੇ ਸੀਚੇਵਾਲ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**
ਪਾਰਲੀਮੈਂਟ ਦੇ ਚੱਲ ਰਹੇ ਮੌਜੂਦਾ ਬਜਟ ਸੈਸ਼ਨ ਵਿੱਚ ਹਿੱਸਾ ਲੈਣ ਉਪਰੰਤ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਪਾਰਲੀਮੈਂਟ ਤੋਂ ਸਿੱਧਾ ਬੁੱਢੇ ਦਰਿਆ ਦੀ ਚੱਲ ਰਹੀ ਕਾਰ ਸੇਵਾ ਵਿੱਚ ਹਿੱਸਾ ਲੈਣ ਲਈ ਪਹੁੰਚੇ।ਉਹਨਾਂ ਵੱਲੋਂ ਪਿੰਡ ਭੂਖੜੀ ਖੁਰਦ ਵਿੱਚ ਚੱਲ ਰਹੀਆਂ ਐਕਸਾਵੇਟਰ ਮਸ਼ੀਨਾਂ ਨੂੰ ਖੁਦ ਚਲਾ ਕੇ ਘੰਟਾਬਧੀ ਸਮਾਂ ਲਗਾ ਕੇ ਛੱਪੜ ਵਿੱਚੋਂ ਗੋਹਾ ਕੱਢਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸੰਤ ਸੀਚੇਵਾਲ ਨੇ ਦੱਸਿਆ ਕਿ ਦਰਿਆ ਦੇ ਨਾਲ ਲੱਗਦੇ ਇਹਨਾਂ ਪਿੰਡਾਂ ਦਾ ਗੰਦਾ ਪਾਣੀ ਪਿਛਲੇ ਲੰਬੇ ਸਮੇਂ ਤੋਂ ਬੁੱਢੇ ਦਰਿਆ ਨੂੰ ਪ੍ਰਦੂਸ਼ਿਤ ਕਰ ਰਿਹਾ ਸੀ ਪ੍ਰਬੰਧ ਨਾ ਹੋਣ ਕਾਰਨ ਇਹ ਗੰਦਾ ਪਾਣੀ ਸਿੱਧੇ ਦਰਿਆ ਵਿੱਚ ਵਹਾਇਆ ਜਾ ਰਿਹਾ ਸੀ। ਉਹਨਾਂ ਨੇ ਦੱਸਿਆ ਕਿ ਪਿੰਡ ਭੂਖੜੀ ਖੁਰਦ ਪਵਿੱਤਰ ਬੁੱਢੇ ਦਰਿਆ ਦੇ ਉੱਤੇ ਵਸਿਆ ਹੋਇਆ ਪਿੰਡ ਹੈ।ਜਿਸ ਦੇ ਛੱਪੜ ਵਿੱਚ ਚਾਰ ਤੋਂ ਪੰਜ ਫੁੱਟ ਤੱਕ ਗੋਹਾ ਕੱਢਣ ਤੋਂ ਬਾਅਦ ਵੀ ਹਾਲੇ ਵੀ ਇਸ ਛੱਪੜ ਵਿੱਚ ਪੰਜ ਛੇ ਫੁੱਟ ਦੇ ਕਰੀਬ ਗੋਹਾ ਦੱਸਿਆ ਜਾ ਰਿਹਾ ਹੈ। ਜਿਨਾਂ ਨੂੰ ਮਸ਼ੀਨਾਂ ਰਾਹੀਂ ਕੱਢਣ ਲਈ ਲਗਾਤਾਰ ਪਿਛਲੇ ਤਿੰਨ ਦਿਨ ਤੋਂ ਕਾਰਜ ਚੱਲ ਰਹੇ ਹਨ। ਉਹਨਾਂ ਕਿਹਾ ਕਿ ਡੇਅਰੀ ਮਾਲਕ ਦੁੱਧ ਤਾਂ ਆਪਣੇ ਮਨ ਮੁਤਾਬਿਕ ਵੇਚ ਲੈਂਦੇ ਹਨ ਪਰ ਪਸ਼ੂਆਂ ਦੀ ਰਹਿਣ ਖੂੰਹਦ ਨੂੰ ਛੱਪੜਾ ਜਾ ਦਰਿਆਵਾਂ ਵਿੱਚ ਵਹਾ ਰਹੇ ਹਨ।ਉਹਨਾਂ ਕਿਹਾ ਕਿ ਮਸ਼ੀਨਾਂ ਲੱਗੀਆਂ ਹੋਈਆਂ ਤੇ ਜਲਦੀ ਇਹ ਥੱਪੜ ਵਿੱਚੋਂ ਗੋਹਾ ਕੱਢ ਦਿੱਤਾ ਜਾਵੇਗਾ।ਗੋਹੇ ਦੇ ਪ੍ਰਬੰਧਨ ਲਈ ਇਸੇ ਪਿੰਡ ਵਿੱਚ ਸਾਡੇ ਪੰਜ ਏਕੜ ਜਮੀਨ ਵੀ ਠੇਕੇ ਤੇ ਲੈ ਲਈ ਗਈ ਹੈ ਤਾਂ ਜੋ ਗੋਹੇ ਦਾ ਪ੍ਰਬੰਧ ਕੀਤਾ ਜਾ ਸਕੇ ਤੇ ਇਸ ਗੋਹੇ ਨੂੰ ਦਰਿਆ ਵਿੱਚ ਭੈਣੋ ਰੋਕਿਆ ਜਾ ਸਕੇ।ਸੰਤ ਸੀਚੇਵਾਲ ਨੇ ਕਿਹਾ ਕਿ ਬੁੱਢੇ ਦਰਿਆ ਨੂੰ ਪ੍ਰਦੂਸ਼ਿਤ ਕਰ ਰਹੇ ਪੂਰਾ ਪਿੰਡਾਂ ਦੇ ਵੀ ਬਦਲਵੇ ਪ੍ਰਬੰਧ ਸੀਚੇਵਾਲ ਮਾਡਲ ਤਹਿਤ ਕੀਤੇ ਜਾਣਗੇ।ਜਿਨਾਂ ਦਾ ਪਾਣੀ ਟਰੀਟ ਕਰਕੇ ਛੇਤੀ ਨੂੰ ਲੱਗਦਾ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਹ ਮਾਡਲ ਪੰਜਾਬ ਦੇ 200 ਤੋਂ ਵੱਧ ਪਿੰਡਾਂ ਵਿੱਚ ਸਫਲਤਾ ਪੂਰਵਕ ਚੱਲ ਰਿਹਾ ਹੈ।



# ਮੁਲਾਜ਼ਮਾਂ ਨੇ ਪੈਨਸ਼ਨ ਸਕੀਮ ਯੂ ਪੀ ਐੱਸ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ



**ਮੇਹਟਆਣਾ (ਜਗਤਾਰ ਸਿੰਘ ਭੁੰਗਰਨੀ)**
ਕੇਂਦਰ ਸਰਕਾਰ ਵਲੋਂ ਨਵੀਂ ਪੈਨਸ਼ਨ ਸਕੀਮ ਯੂ.ਪੀ.ਐਸ ਦਾ ਨੋਟੀਫਿਕੇਸ਼ਨ ਬੀਤੇ 25 ਜਨਵਰੀ ਨੂੰ ਜਾਰੀ ਕਰਨ ਤੇ ਕਰਮਚਾਰੀਆਂ ਅੰਦਰ ਰੋਸ ਦੀ ਲਹਿਰ ਫੈਲ ਗਈ ਹੈ। ਕੇਂਦਰ ਸਰਕਾਰ ਨੇ ਇਹ ਨੋਟੀਫਿਕੇਸ਼ਨ ਜਾਰੀ ਕਰਕੇ ਐਨ.ਪੀ.ਐਸ ਮੁਲਾਜਮਾਂ ਨਾਲ ਧੋਖਾ ਕੀਤਾ ਹੈ। ਇਸ ਨੋਟੀਫਿਕੇਸ਼ਨ ਦੇ ਵਿਰੋਧ ਵਜੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਤੇ ਕੋਟ ਫਤੂਹੀ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਦੀ ਅਗਵਾਈ ਹੇਠ ਯੂ.ਪੀ.ਐਸ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂ ਨਰਿੰਦਰ ਅਜਨੋਹਾ, ਉਂਕਾਰ ਸਿੰਘ ਅਤੇ ਹਰਮਨੋਜ ਕੁਮਾਰ ਨੇ ਕਿਹਾ ਕਿ ਬੀਤੇ ਦਿਨੀ ਕੇਂਦਰ ਸਰਕਾਰ ਨੇ ਯੂਨੀਫਾਈਡ ਪੈਨਸ਼ਨ ਸਕੀਮ ਦੀ ਜੋ ਐਸ.ਓ.ਪੀ ਜਾਰੀ ਕੀਤੀ ਹੈ, ਉਹ ਬਹੁਤ ਹੀ ਘਾਤਕ ਹੈ। ਇਸ ਸਕੀਮ ਨਾਲ ਮੁਲਾਜ਼ਮ ਨੂੰ ਰਿਟਾਇਰਮੈਂਟ ਤੋਂ ਬਾਅਦ ਖਾਲੀ ਹੱਥ ਘਰ ਨੂੰ ਤੋਰਨ ਦੀ ਸਕੀਮ ਹੈ। ਇਸ ਸਕੀਮ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਅਧੂਰਾ ਨੋਟੀਫਿਕੇਸ਼ਨ ਤਾਂ ਜਾਰੀ ਕਰ ਦਿੱਤਾ ਹੈ ਪਰ ਅਜੇ ਤੱਕ ਪੰਜਾਬ ਸਰਕਾਰ ਨੇ ਇਸ ਨੋਟੀਫਿਕੇਸ਼ਨ ਨੂੰ ਲਾਗੂ ਨਹੀਂ ਕੀਤਾ। ਜਦਕਿ ਹਿਮਾਚਲ ਸਰਕਾਰ ਨੇ ਜੋ ਓ.ਪੀ.ਐਸ ਆਪਣੇ ਰਾਜ ਵਿੱਚ ਲਾਗੂ ਕੀਤੀ ਹੈ ਉਸ ਨਾਲ ਰਾਜ ਉੱਪਰ ਕੋਈ ਵਿੱਤੀ ਬੋਝ ਨਹੀਂ ਪਿਆ ਹੈ। ਇਸ ਕਰਕੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਓ.ਪੀ.ਐਸ ਲਾਗੂ ਕਰੇ ਅਤੇ ਤੁਰੰਤ ਜੀ.ਪੀ.ਐਫ ਖਾਤੇ ਖੋਲੇ 9 ਇਸ ਮੌਕੇ ਜਤਿੰਦਰ ਸਿੰਘ, ਧਰਮਿੰਦਰ ਸਿੰਘ, ਹਾਫਿਜ ਪਦਮ, ਹਰਪ੍ਰੀਤ ਹਨੀ, ਮੁਨੀਸ਼ ਕੁਮਾਰ, ਕੁਲਵਿੰਦਰ ਸਿੰਘ, ਹਰਭਜਨ ਸਿੰਘ, ਮਨਜਿੰਦਰ ਸਿੰਘ, ਅਮਰਜੀਤ ਸਿੰਘ , ਜਸਵੀਰ ਸਿੰਘ, ਰਾਜਵਿੰਦਰ ਕੌਰ, ਸਰਬਜੀਤ ਕੌਰ, ਬਲਬੀਰ ਕੌਰ, ਪ੍ਰਸ਼ੋਤਮ ਕੁਮਾਰੀ, ਲਵਦੀਪ ਕੌਰ, ਅਬਿਨਾਸ਼ ਕੌਰ, ਅਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਸਤਵੀਰ ਕੌਰ ਅਤੇ ਰਾਜਵੀਰ ਕੌਰ ਆਦਿ ਸਾਥੀ ਹਾਜ਼ਰ ਸਨ।

# ਔਰਤਾਂ ਲਈ ਵਿਸ਼ਾਲ ਜ਼ਿਲ੍ਹਾ ਪੱਧਰੀ ਕੈਂਪ 14 ਨੂੰ

**ਨਵਾਂਸ਼ਹਿਰ,(ਮਨੋਜ ਲਾਡੀ)**
ਜ਼ਿਲ੍ਹੇ ਦੀਆਂ ਔਰਤਾਂ ਅਤੇ ਬੱਚੀਆਂ ਨੂੰ ਸਿਹਤ ਪੱਖੋਂ ਤੰਦਰੁਸਤ ਰੱਖਣ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਮਿਤੀ 14 ਫਰਵਰੀ, 2025 ਨੂੰ ਆਈ.ਟੀ.ਆਈ ਗਰਾਊਂਡ, ਨਵਾਂਸ਼ਹਿਰ ਵਿਖੇ ਇਕ ਵਿਸ਼ਾਲ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕੈਂਪ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸਬੰਧਤ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ।ਉਨ੍ਹਾਂ ਦੱਸਿਆ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਲਗਾਏ ਜਾ ਰਹੇ ਇਸ ਕੈਂਪ ਦਾ ਮਕਸਦ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਨਿੱਜੀ ਸਾਫ਼-ਸਫ਼ਾਈ ਅਤੇ ਸਿਹਤ ਸਬੰਧੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਸਿਹਤ ਜਾਂਚ ਅਤੇ ਇਲਾਜ ਲਈ ਅਨੇਕਾਂ ਯੋਜਨਾਵਾਂ ਲਾਗੂ ਹਨ, ਜਿਨ੍ਹਾਂ ਦਾ ਲਾਭ ਲੈ ਕੇ ਔਰਤਾਂ ਨਿਰੋਗ ਸਮਾਜ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਕੈਂਪ ਦੇ ਦੌਰਾਨ ਪੰਜਾਬ ਵਿਚ ਔਰਤਾਂ ਲਈ ਚੱਲ ਰਹੀਆਂ ਸਕੀਮਾਂ ਦਾ ਲਾਭ ਦੇਣ ਲਈ ਵੱਖ-ਵੱਖ ਵਿਭਾਗਾਂ ਵੱਲੋਂ ਸਟਾਲ ਲਗਾਏ ਜਾਣਗੇ ਅਤੇ ਕੈਂਪ ਦੌਰਾਨ ਔਰਤਾਂ ਲਈ ਮੁਫ਼ਤ ਸਿਹਤ ਜਾਂਚ ਤੇ ਇਲਾਜ ਦੀ ਸਹੂਲਤ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜ਼ਿਲ੍ਹਾ ਰੋਜ਼ਗਾਰ ਬਿਊਰੋ ਅਤੇ ਜਿਲ੍ਹਾ ਉਦਯੋਗ ਕੇਂਦਰ ਦੇ ਸਹਿਯੋਗ ਨਾਲ ਔਰਤਾਂ ਅਤੇ ਲੜਕੀਆਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵੱਖ-ਵੱਖ ਪਲੇਸਮੈਂਟ ਏਜੰਸੀਆਂ ਵੱਲੋਂ ਵੀ ਇਸ ਕੈਂਪ ਵਿਚ ਹਿੱਸਾ ਲਿਆ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 14 ਫਰਵਰੀ ਨੂੰ ਆਈ ਟੀ ਆਈ ਗਰਾਊਂਡ ਵਿਖੇ ਪਹੁੰਚ ਕੇ ਕੈਂਪ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।ਇਸ ਮੌਕੇ ਐਸ ਡੀ ਐਮ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ, ਡੀ ਐਸ ਪੀ (ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧ) ਸ਼ਾਹਬਾਜ਼ ਸਿੰਘ , ਜ਼ਿਲ੍ਹਾ ਆਯੁਰਵੇਦਿਕ ਅਫ਼ਸਰ ਸਰਬਜੀਤ ਕੌਰ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਰੇਨੂੰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ, ਜੀ.ਜੀ.ਐਫ ਅਸਮਿਤਾ ਪਰਮਾਰ, ਸੀ ਡੀ ਪੀ ਓ ਬਲਾਚੌਰ ਪੂਰਨ ਪੰਕਜ ਸ਼ਰਮਾ, ਸੀ ਡੀ ਪੀ ਓ ਬੰਗਾ ਦਵਿੰਦਰ ਕੌਰ, ਬੀ ਡੀ ਪੀ ਓ ਰਾਜਵਿੰਦਰ ਕੌਰ, ਸੀ ਐਮ ਯੋਗਸ਼ਾਲਾ ਪ੍ਰੋਜੈਕਟ ਤੋਂ ਕਿਰਨ ਬਾਲਾ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਲਾਇਨਜ਼ ਇੰਟਰਨੈਸ਼ਨਲ ਵੱਲੋਂ ਜ਼ਿਲ੍ਹਾ ਗੇਟ ਸੈਮੀਨਾਰ


**ਡੇਰਾਬੱਸੀ (ਵਿਨੈ ਕੁਮਾਰ ਜੈਨ)**
ਲਾਇਨਜ਼ ਇੰਟਰਨੈਸ਼ਨਲ ਵੱਲੋ ਲਾਇਨਜ਼ ਕਲੱਬ ਡੇਰਾਬੱਸੀ ਦੇ ਸਹਿਯੋਗ ਨਾਲ ਜ਼ੀਰਕਪੁਰ ਵਿਖੇ ਜ਼ਿਲ੍ਹਾ ਗੇਟ (ਗਲੋਬਲ ਐਕਸ਼ਨ ਟੀਮ) ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਐਮ ਜੇ ਐਫ ਡਾ.ਕਸ਼ਤਿਜ ਸ਼ਰਮਾ ਗੇਟ ਏਰੀਆ ਲੀਡਰ ਐਮ.ਡੀ.-321 ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ. ਜਦਕਿ ਐਮ ਜੇ ਐਫ ਸੰਦੀਪ ਗਰਗ ਗੇਟ ਕੋਆਰਡੀਨੇਟਰ ਅਤੇ ਐਮ ਜੇ ਐਫ ਰਾਜੀਵ ਅਗਰਵਾਲ ਗੇਟ ਕੋਆਰਡੀਨੇਟਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।ਇਸ ਮੌਕੇ ਐਮ ਜੇ ਐਫ ਦੇ ਜ਼ਿਲ੍ਹਾ ਗਵਰਨਰ ਰਵਿੰਦਰ ਸਾਗਰ ਨੇ ਕਿਹਾ ਕਿ ਇਸ ਗੇਟ ਸੈਮੀਨਾਰ ਦਾ ਉਦੇਸ਼ ਲਾਇਨਜ਼ ਕਲੱਬਾਂ ਵਿੱਚ ਮੈਂਬਰਾਂ ਦੀ ਗਿਣਤੀ ਵਧਾਉਣਾ ਅਤੇ ਨਵੇਂ ਕਲੱਬ ਬਣਾਉਣਾ ਹੈ ਤਾਂ ਜੋ ਸਮਾਜ ਅੰਦਰ ਲੋੜਵੰਦਾਂ ਦੀ ਵੱਧ ਤੋਂ ਵੱਧ ਸਹਾਇਤਾ ਕੀਤੀ ਜਾ ਸਕੇ। 163 ਕਲੱਬਾਂ ਦੇ ਪ੍ਰਧਾਨ, ਜਨਰਲ ਸਕੱਤਰ, ਕੈਸ਼ੀਅਰ ਅਤੇ ਮੈਂਬਰਾਂ ਨੂੰ ਜਾਣਕਾਰੀ ਦਿੰਦਿਆਂ ਰਾਜਪਾਲ ਨੇ ਕਿਹਾ ਕਿ ਕਲੱਬਾਂ ਨੂੰ ਲੋਕ ਭਲਾਈ ਦੇ ਕੰਮਾਂ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਆਪਣੀ ਟੀਮ ਸਮੇਤ ਸਮਾਜ ਭਲਾਈ ਦੇ ਕੰਮਾਂ ਵਿੱਚ ਮੋਹਰੀ ਰਹਿਣ ਵਾਲੇ ਕਲੱਬਾਂ ਨੂੰ ਸਨਮਾਨਿਤ ਵੀ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਲਾਇਨਜ਼ ਕਲੱਬ ਦੇ ਮੀਤ ਪ੍ਰਧਾਨ ਉਪੇਸ਼ ਬਾਂਸਲ ਨੇ ਪ੍ਰਮਾਤਮਾ ਦੀ ਪੂਜਾ ਨਾਲ ਕੀਤੀ।ਇਸ ਮੌਕੇ ਪੀ.ਐਮ.ਜੇ.ਐਫ.ਅੰਮ੍ਰਿਤਪਾਲ ਸਿੰਘ ਜੰਡੂ, ਐਮ.ਜੇ.ਐਫ. ਅਜੇ ਗੋਇਲ,. ਕੰਵਲ ਸਿੰਘ, ਅੰਕੁਰ ਜੈਨ, ਸਤਪਾਲ ਜਿੰਦਲ, ਵਾਈ ਪੀ ਸੂਦ ਗੇਟ ਕੋਆਰਡੀਨੇਟਰ, ਕਿਸ਼ੋਰ ਵਰਮਾ, ਰਾਣਾ ਮੁਕੇਸ਼ ਮਦਾਨ, ਮੋਨਿਕਾ ਠਾਕੁਰ, ਪਵਨ ਗੋਇਲ, ਡੇਰਾਬਸੀ ਲਾਇਨਜ਼ ਕਲੱਬ ਦੇ ਪ੍ਰਧਾਨ ਨਿਤਿਨ ਜਿੰਦਲ, ਰੀਜ਼ਨ ਚੇਅਰਪਰਸਨ ਕ੍ਰਿਸ਼ਨਪਾਲ ਸ਼ਰਮਾ, ਪ੍ਰੇਮ ਸਿੰਘ ,ਪਵਨ ਪੰਮਾ, ਅਮਰੀਸ਼ ਭੱਲਾ, ਕੇਵਲ ਗੋਇਲ, ਸ਼ਾਹਿੰਦਰਾ ਸਿੰਘ, ਰਵਿੰਦਰ ਸੈਣੀ, ਅਤੇ ਰਮੇਸ਼ ਰਾਣਾ ਆਦਿ ਹਾਜ਼ਰ ਸਨ।





# ਡੀ ਡੀ ਈ ਓ ਨੇ ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦਾ ਕੀਤਾ ਦੌਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਸੁੱਖਵਿੰਦਰ ਸਿੰਘ ਨੇ ਹਾਲ ਹੀ ਵਿੱਚ ਬਲਾਕ ਲਾਚੋਵਾਲ, ਕੰਗਮਾਈ ਅਤੇ ਮਸਤੀਵਾਲ ਵਿਖੇ ਚੱਲ ਰਹੀ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦੀ ਟ੍ਰੇਨਿੰਗ ਦਾ ਦੌਰਾ ਕੀਤਾ। ਦੌਰੇ ਦੌਰਾਨ ਉਨ੍ਹਾਂ ਟ੍ਰੇਨਿੰਗ ਪ੍ਰਕਿਰਿਆ ਦਾ ਧਿਆਨਪੂਰਵਕ ਜਾਇਜ਼ਾ ਲਿਆ ਅਤੇ ਅਧਿਆਪਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਸਿੱਖਣ-ਸਿਖਾਉਣ ਦੀਆਂ ਨਵੀਆਂ ਤਕਨੀਕਾਂ ਨੂੰ ਅਪਨਾਉਣ ਦੀ ਪੇਸ਼ਕਸ਼ ਕੀਤੀ। ਸੁੱਖਵਿੰਦਰ ਸਿੰਘ ਨੇ ਅਧਿਆਪਕਾਂ ਨੂੰ ਸਮੇਂ ਦੇ ਮਹੱਤਵ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਆਧੁਨਿਕ ਯੁੱਗ ਵਿੱਚ ਗੁਣਵੱਤਾਪੂਰਕ ਸਿੱਖਿਆ ਦੇਣ ਲਈ ਨਵੀਆਂ ਤਕਨੀਕਾਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਦੱਸਿਆ ਕਿ ਅਧਿਆਪਕ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਨੂੰ ਹੋਰ ਵੀ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾ ਸਕਦੇ ਹਨ ਜੇਕਰ ਉਹ ਨਵੀਂ ਸਿੱਖਣ ਪ੍ਰੀਕਿਰਿਆ ਅਤੇ ਤਕਨੀਕੀ ਔਜਾਰਾਂ ਦੀ ਵਰਤੋਂ ਕਰਨ। ਉਨ੍ਹਾਂ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਟ੍ਰੇਨਿੰਗ ਦੌਰਾਨ ਸਿੱਖੀਆਂ ਵਿਧੀਆਂ ਨੂੰ ਆਪਣੇ ਸਕੂਲਾਂ ਵਿੱਚ ਲਾਗੂ ਕਰਨ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਵਧਾਉਣ 'ਤੇ ਧਿਆਨ ਦੇਣ। ਇਸ ਮੌਕੇ ਉਨ੍ਹਾਂ ਨੇ ਕੁਝ ਅਧਿਆਪਕਾਂ ਦੀ ਪ੍ਰਸ਼ੰਸਾ ਵੀ ਕੀਤੀ ਜੋ ਨਵੀਆਂ ਤਕਨੀਕਾਂ ਨੂੰ ਅਪਣਾਉਣ ਵਿੱਚ ਅੱਗੇ ਆ ਰਹੇ ਹਨ। ਟ੍ਰੇਨਿੰਗ ਦੌਰਾਨ ਰਿਸੋਰਸ ਪਰਸਨ ਅਤੇ ਹੋਰ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਰਹੇ। ਉਨ੍ਹਾਂ ਨੇ ਅਧਿਆਪਕਾਂ ਦੇ ਸਵਾਲਾਂ ਦੇ ਉੱਤਰ ਦਿੱਤੇ ਅਤੇ ਉਨ੍ਹਾਂ ਨੂੰ ਆਪਣੀ ਪੜ੍ਹਾਈ ਦੇ ਤਰੀਕਿਆਂ ਨੂੰ ਹੋਰ ਸੁਧਾਰਨ ਦੇ ਸੁਝਾਵ ਦਿੱਤੇ। ਇਸ ਦੌਰੇ ਨਾਲ ਅਧਿਆਪਕਾਂ ਵਿੱਚ ਨਵੀਨਤਮ ਵਿਧੀਆਂ ਅਪਣਾਉਣ ਦੀ ਪ੍ਰੇਰਨਾ ਮਿਲੀ ਅਤੇ ਉਹ ਆਪਣੀਆਂ ਸਿੱਖਣ ਯੋਗਤਾਵਾਂ ਨੂੰ ਹੋਰ ਵੀ ਮਜਬੂਤ ਬਣਾਉਣ ਲਈ ਉਤਸਾਹਿਤ ਹੋਏ।



# ਮਿੰਨੀ ਪੀ ਐੱਚ ਸੀ ਸਾਹਿਬਾ ਵਿਖੇ ਮਮਤਾ ਦਿਵਸ ਮਨਾਇਆ



**ਬਲਾਚੌਰ (ਜਸਵਿੰਦਰ ਬੈਂਸ)**-ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਗੁਰਿੰਦਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਮਿੰਨੀ ਪੀ ਐੱਚ ਸੀ ਸਾਹਿਬਾ ਵਿੱਖੇ ਮਮਤਾ ਦਿਵਸ ਮਨਾਇਆ ਗਿਆ, ਜਿਸ ਵਿੱਚ ਮਾਂ ਅਤੇ ਬੱਚੇ ਦੀ ਸਿਹਤ ਸੰਭਾਲ ਸਬੰਧੀ ਸਿਹਤ ਸਿੱਖਿਆ ਦਿੱਤੀ ਗਈ ਤੇ ਬੱਚਿਆਂ ਦੇ ਟੀਕੇ ਸਮੇਂ ਸਿਰ ਲਗਵਾਉਣ ਲਈ ਕਿਹਾ ਗਿਆ। ਗਰਭਵਤੀ ਔਰਤਾਂ ਨੂੰ ਜਣੇਪਾ ਸਰਕਾਰੀ ਹਸਪਤਾਲ ਵਿੱਚ ਕਰਵਾਉਣ ਲਈ ਪ੍ਰੇਰਿਤ ਕੀਤਾ ਨੈਸ਼ਨਲ ਵੈਕਟਰ ਬੌਰਨ ਬਿਮਾਰੀਆਂ ਦੇ ਬਚਾਅ ਲਈ ਜਾਗਰੂਕ ਕੀਤਾ ਅਤੇ ਕੈਂਸਰ ਦੇ ਬਚਾਅ ਅਤੇ ਲੱਛਣਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਤੇ ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਸਕੀਮ ਤਹਿਤ 1.5 ਲੱਖ ਰੁਪਏ ਦੇ ਫਰੀ ਸਰਕਾਰੀ ਅਤੇ ਪ੍ਰਵਾਨਿਤ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਸਬੰਧੀ ਜਾਣਕਾਰੀ ਦਿੱਤੀ ਗਈ ਇਸ ਮੌਕੇ ਤੇ ਮਲਟੀਪਰਪਜ ਹੈਲਥ ਵਰਕਰ ਉਂਕਾਰ ਸਿੰਘ, ਰੁਪਿੰਦਰ ਕੌਰ, ਮੋਨਿਕਾ ਐੱਲ ਐੱਚ ਵੀ ਅਤੇ ਆਸ਼ਾ ਵਰਕਰਾਂ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਨੇ ਬਜਟ ਦੀਆਂ ਕਾਪੀਆਂ ਸਾੜ ਕੇ ਕੀਤਾ ਰੋਸ ਪ੍ਰਦਰਸ਼ਨ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**
ਕੁੱਲ ਹਿੰਦ ਕਿਸਾਨ ਸਭਾ ਨੇ ਕੇਂਦਰੀ ਕਮੇਟੀ ਦੇ ਸੱਦੇ 'ਤੇ ਸਥਾਨਕ ਉਪ ਮੰਡਲ ਮੈਜਿਸਟਰੇਟ ਦਫ਼ਤਰ ਮੂਹਰੇ ਕੇਂਦਰੀ ਬਜਟ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ । ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਜ਼ੁਲਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪੇਸ਼ ਕੀਤਾ ਗਿਆ ਕੇਂਦਰੀ ਬਜਟ ਗਰੀਬ ਵਿਰੋਧੀ ਅਤੇ ਕਾਰਪੋਰੇਟ ਧਨਾਢਾਂ ਅਤੇ ਅਮੀਰਾਂ ਲਈ ਤਿਆਰ ਕੀਤਾ ਗਿਆ ਹੈ।ਜੀ ਡੀ ਪੀ ਵਿੱਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦਾ ਯੋਗਦਾਨ ਵਧ ਕੇ 16 ਪ੍ਰਤੀਸ਼ਤ ਹੋ ਜਾਣ ਦੇ ਬਾਵਜੂਦ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਲਈ ਬਜਟ ਅਲਾਟਮੈਂਟ 2024-25 ਦੇ ਸੰਸ਼ੋਧਿਤ ਅਨੁਮਾਨਾਂ ਨਾਲੋਂ ਘੱਟ ਹੈ। ਜਦੋਂ ਕਿ 2024-25 ਦੇ ਸੰਸ਼ੋਧਿਤ ਅਨੁਮਾਨ ਰੁਪਏ ਸੀ। 376720.41 ਕਰੋੜ 2025-26 ਦੀ ਵੰਡ ਸਿਰਫ਼ ਰੁ. 371687.35 ਕਰੋੜ ਜਦੋਂ ਮਹਿੰਗਾਈ ਦਾ ਹਿਸਾਬ ਲਗਾਇਆ ਜਾਂਦਾ ਹੈ, ਤਾਂ ਇਹ ਵੰਡ ਵਿੱਚ ਇੱਕ ਵੱਡੀ ਕਟੌਤੀ ਹੈ। 2020-21 ਤੋਂ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਲਈ ਅਸਲ ਖਰਚੇ ਲਗਾਤਾਰ ਘਟੇ ਹਨ; ਸਪੱਸ਼ਟ ਤੌਰ ਤੇ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦੀ ਤਰਜੀਹ ਕਿਸਾਨ ਨਹੀਂ ਹਨ। ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਖਰੀਦ ਵਧਾਉਣ ਜਾਂ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤ ਕਰਨ ਲਈ ਬਜਟ ਵਿੱਚ ਕੁਝ ਨਹੀਂ ਹੈ।ਬਹੁਤ ਹੀ ਅਸੰਵੇਦਨਸ਼ੀਲ ਤਰੀਕੇ ਨਾਲ ਮਨਰੇਗਾ ਲਈ ਬਜਟ ਦੀ ਵੰਡ ਮਹਿਜ਼ 86,000 ਕਰੋੜ ਰੁਪਏ ਰੱਖੀ ਗਈ ਹੈ। ਭਲਾਈ ਸਕੀਮਾਂ ਲਈ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਦਾਲਾਂ ਦੀ ਵੰਡ ਲਈ ਅਲਾਟਮੈਂਟ ਜ਼ੀਰੋ ਹੈ, ਜਦੋਂ ਕਿ ਪਿਛਲੇ ਬਜਟ ਵਿੱਚ 300 ਕਰੋੜ ਰੁਪਏ ਅਲਾਟ ਕੀਤੇ ਗਏ ਸਨ। 12 ਲੱਖ ਰੁਪਏ ਤੱਕ ਦੀ ਆਮਦਨ ਕਰ ਦੀ ਬਹੁਤ ਮਸ਼ਹੂਰ ਛੋਟ ਦਾ ਉਦੇਸ਼ ਤੁਰੰਤ ਚੋਣ ਲਾਭ ਪ੍ਰਾਪਤ ਕਰਨਾ ਹੈ। ਵਧਦੀਆਂ ਕੀਮਤਾਂ, ਅਸਿੱਧੇ ਟੈਕਸਾਂ ਦੇ ਉੱਚ ਪੱਧਰ, ਭੋਜਨ, ਸਿਹਤ, ਸਿੱਖਿਆ, ਯਾਤਰਾ ਦੇ ਖਰਚੇ ਵਧਣ ਨਾਲ ਇਹ ਸਭ ਕੁਝ ਵਿਅਰਥ ਹੋ ਜਾਵੇਗਾ, ਜੇਕਰ ਇਸ ਛੋਟ ਰਾਹੀਂ ਕੋਈ ਵੀ ਲਾਭ ਪ੍ਰਾਪਤ ਹੁੰਦਾ ਹੈ।ਫਸਲ ਬੀਮੇ ਲਈ ਸਰਕਾਰ ਦੇ ਫਲੈਗਸ਼ਿਪ ਪ੍ਰੋਗਰਾਮ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਲਈ ਅਲਾਟਮੈਂਟ ਵਿੱਚ 15,864 ਕਰੋੜ ਰੁਪਏ ਤੋਂ 12,242.27 ਕਰੋੜ ਰੁਪਏ ਦੀ ਭਾਰੀ ਕਟੌਤੀ ਕੀਤੀ ਗਈ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਲਈ ਅਲਾਟਮੈਂਟ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ ਅਤੇ ਇਸ ਸਕੀਮ ਵਿੱਚ 2019 ਤੋਂ ਮਹਿੰਗਾਈ ਲਈ ਵੀ ਕੋਈ ਸਮਾਯੋਜਨ ਨਹੀਂ ਕੀਤਾ ਗਿਆ ਹੈ ਜਦੋਂ ਇਹ ਪਹਿਲੀ ਵਾਰ ਸ਼ੁਰੂ ਕੀਤੀ ਗਈ ਸੀ। ਖਾਦ ਸਬਸਿਡੀ 171298.50 ਕਰੋੜ ਰੁਪਏ ਤੋਂ ਘਟਾ ਕੇ 167887.20 ਕਰੋੜ ਰੁਪਏ ਕਰ ਦਿੱਤੀ ਗਈ ਹੈ, 3411.30 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਬਜਟ ਕਿਸਾਨ ਮਜ਼ਦੂਰ ਵਿਰੋਧੀ ਹੈ। ਕਿਸਾਨਾਂ ਦੇ ਭਲੇ ਲਈ ਬਜਟ ਵਿੱਚ ਕੁਝ ਵੀ ਨਹੀਂ ਹੈ।ਇਸ ਮੌਕੇ ਤੇ ਜਸਵਿੰਦਰ ਸਿੰਘ ਭੰਗਲ, ਗੁਰਦਿਆਲ ਸਿੰਘ ਅਟਵਾਲ, ਜ਼ੋਰਾਵਰ ਸਿੰਘ,ਚਰਨ ਸਿੰਘ ਅਟਵਾਲ,ਹਰਜਾਪ ਸਿੰਘ ਬਡਿਆਲ, ਬਰਜਿੰਦਰ ਸਿੰਘ ਡੋਡ, ਬਲਵੰਤ ਸਿੰਘ ਹੋਲਗੜ੍ਹ, ਸੁਲਤਾਨ ਸਿੰਘ ਚੰਡੇਸਰ, ਗੁਰਦਿਆਲ ਸਿੰਘ ਮਾਵੀ, ਚਾਨਣ ਕੁਮਾਰ ਪੰਚ ਵੀ ਹਾਜ਼ਰ ਸਨ।

